ਨਵੰਬਰ 2023

# ਗੁਰਮਤਿ ਵਿਰਸਾ

# GURMAT VIRSA गुरमति विरसा

Year-5, Issue-4, November 2023, Ludhiana gurmatvirsa@gmail.com Multilingual Price 25/-







ਪਹਿਲਾ ਸਥਾਨ: ਕੇਂਦਰ ਮਾਲੂਵਾਲ





## ਸਫਲਤਾ ਪੂਰਵਕ ਨੇਪਰੇ ਚੜ੍ਹੇ ਪੰਜਾਬ ਪੱਧਰ ਦੇ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ



ਦੂਜਾ ਸਥਾਨ: ਕੇਂਦਰ ਨਵਾਂਸ਼ਹਿਰ



ਤੀਜਾ ਸਥਾਨ: ਕੇਂਦਰ ਚੱਕ ਕਲਾਂ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਲੁਧਿਆਣਾ ਦਾ ਉੱਦਮ**

# ਪੰਜਾਬ ਪੱਧਰ ਦੇ ਗੁਰਮਤਿ ਅਤੇ ਨਰੋਈ ਸਿਹਤ ਮੁਕਾਬਲੇ

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਗੁਰਦੁਆਰਾ ਸ੍ਰੀ ਸੁਖਮਨੀ ਸਾਹਿਬ, ਫੇਜ਼ 2, ਦੁੱਗਰੀ, ਲੁਧਿਆਣਾ ਵਿਖੇ ਰਾਜ ਪੱਧਰ ਦੇ ਕਰਵਾਏ ਗੁਰਮਤਿ ਮੁਕਾਬਲੇ ਬਹੁਤ ਯਾਦਗਾਰੀ ਹੋ ਨਿਬੜੇ। ਗੁਰਬਾਣੀ ਕੰਠ ਅਤੇ ਅਰਥ, ਸ਼ਬਦ ਵੀਚਾਰ, ਗੁਰਮਤਿ ਸਵਾਲ ਜਵਾਬ, ਕਵਿਤਾ ਉਚਾਰਨ, ਕਵੀਸ਼ਰੀ, ਭਾਸ਼ਣ, ਚਿੱਤਰ ਕਲਾ ਅਤੇ ਦਸਤਾਰ ਮੁਕਾਬਲਾ ਆਦਿ ਵਿਸ਼ਿਆਂ ਤੋਂ ਇਲਾਵਾ ਇਸ ਵਾਰ ਖੇਡ ਮੁਕਾਬਲਿਆਂ ਰੱਸਾ ਖਿੱਚਣਾ, ਰੱਸਾ ਚੜ੍ਹਣਾ, ਰੱਸੀ ਟੱਪਣਾ, ਲੰਮੀ ਛਾਲ ਅਤੇ ਗੋਲਾ ਸੁੱਟਣਾ ਖੇਡਾਂ ਕਰਵਾਈਆਂ ਗਈਆਂ। ਇਨ੍ਹਾਂ ਮੁਕਾਬਲਿਆਂ ਵਿਚ ਪੂਰੇ ਪੰਜਾਬ ਤੋਂ ਕੋਈ 612 ਵਿਦਿਆਰਥੀਆਂ ਨੇ ਭਾਗ ਲਿਆ। ਭਾਗ ਲੈਣ ਵਾਲੇ ਵਿਦਿਆਰਥੀ ਪੂਰੀ ਤਿਆਰੀ ਨਾਲ ਆਏ ਸਨ ਅਤੇ ਆਤਮ ਵਿਸ਼ਵਾਸ ਨਾਲ ਭਰੇ ਹੋਏ ਸਨ। ਓਵਰ ਆਲ ਮੁਕਾਬਲਿਆਂ ਵਿਚ ਕੇਂਦਰ ਮਾਲੂਵਾਲ ਦੀ ਟੀਮ ਪਹਿਲੇ ਸਥਾਨ ’ਤੇ ਰਹੀ, ਦੂਜਾ ਸਥਾਨ ਕੇਂਦਰ ਨਵਾਂਸ਼ਹਿਰ ਨੇ ਪ੍ਰਾਪਤ ਕੀਤਾ ਅਤੇ ਤੀਜੇ ਸਥਾਨ ’ਤੇ ਕੇਂਦਰ ਚੱਕ ਕਲਾਂ ਕਾਬਜ਼ ਹੋਇਆ। ਗੁਰਮਤਿ ਗਿਆਨ ਮਿਸ਼ਨਰੀ ਕਾਲਜ ਅਤੇ ਗੁਰਦੁਆਰਾ ਸ੍ਰੀ ਸੁਖਮਨੀ ਸਾਹਿਬ ਦੇ ਪ੍ਰਬੰਧਕਾਂ ਨੇ ਆਪਣਾ ਰੋਲ ਬਾਖੂਬੀ ਨਿਭਾਇਆ। ਅਜੋਕੇ ਸਮੇਂ ਦੇ ਇਸ ਮੁਕਾਬਲੇਬਾਜ਼ੀ ਦੇ ਦੌਰ ਵਿਚ ਅਜਿਹੇ ਸਮਾਗਮ ਬੱਚਿਆਂ ਨੂੰ ਭਰਪੂਰ ਆਤਮ ਵਿਸ਼ਵਾਸੀ ਬਣਾਉਂਦੇ ਹਨ ਅਤੇ ਅੱਜ ਲੋੜ ਵੀ ਹੈ ਕਿ ਅਜਿਹੇ ਮੁਕਾਬਲੇ ਹੁੰਦੇ ਰਹਿਣ। ਅੰਤ ਵਿਚ ਹਰ ਮੁਕਾਬਲੇ ਵਿਚ ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਅਤੇ ਓਵਰ ਆਲ ਪਹਿਲੇ ਤਿੰਨ ਸਥਾਨ ’ਤੇ ਕਾਬਜ਼ ਕੇਂਦਰਾਂ ਨੂੰ ਟ੍ਰਾਫੀਆਂ ਦੇ ਕੇ ਸਨਮਾਨਤ ਕੀਤਾ ਗਿਆ।

**–ਗੁਰਮਤਿ ਵਿਰਸਾ ਬਿਊਰੋ**














# ਗੁਰਮਤਿ ਵਿਰਸਾ

ਨਵੰਬਰ 2023 (ਮਾਸਿਕ ਮੈਗਜ਼ੀਨ)



**ਮੁੱਖ ਸੰਪਾਦਕ :** ਰਾਣਾ ਇੰਦਰਜੀਤ ਸਿੰਘ
**ਸੰਪਾਦਕ :** ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ :** ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ:** ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ:** ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ:** ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ:** ਐਡਵੋਕੇਟ ਜਸਪਾਲ ਸਿੰਘ ਚੁੱਘ


## ਕੱਤਕ-ਮੱਘਰ ਮਹੀਨੇ ਦੇ ਖਾਸ ਦਿਹਾੜੇ

- ਜਨਮ ਦਿਹਾੜਾ ਮਾਤਾ ਸਾਹਿਬ ਕੌਰ ਜੀ : 18 ਕੱਤਕ (1 ਨਵੰਬਰ)
- ਸ਼ਹੀਦੀ ਬਾਬਾ ਦੀਪ ਸਿੰਘ ਜੀ : 30 ਕੱਤਕ (13 ਨਵੰਬਰ)
- ਸ਼ਹੀਦੀ ਭਾਈ ਮਤੀ ਦਾਸ, ਭਾਈ ਸਤੀ ਦਾਸ:11 ਮੱਘਰ (24 ਨਵੰਬਰ)
- ਸ਼ਹੀਦੀ ਪਾਤਸ਼ਾਹੀ ਨੌਵੀਂ : 11 ਮੱਘਰ (24 ਨਵੰਬਰ)
- ਗੁਰਗੱਦੀ ਪਾਤਸ਼ਾਹੀ ਦਸਵੀਂ : 11 ਮੱਘਰ (24 ਨਵੰਬਰ)
- ਜਨਮ ਸਾਹਿਬਜ਼ਾਦਾ ਜ਼ੋਰਾਵਰ ਸਿੰਘ : 15 ਮੱਘਰ (28 ਨਵੰਬਰ)


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***
Responsible for collection of all Printed matter as per PRB Act

**Registration Number of the Newspaper**
**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 8 |
| ਸ਼ਬਦ ਵਿਚਾਰ | 9 |
| ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ | 10 |
| ਬਹੁੜੀਂ ਕਲਗੀ ਵਾਲਿਆ ਵੇ! ਸਾਡਾ ਦੇਸ ਨਾ ਕੋਈ (ਮਹਿਬੂਬ) | 11 |
| ਸੀਸ ਤਲੀ ’ਤੇ ਧਰ ਕੇ ਜੂਝਣ ਵਾਲਾ ਸ਼ਹੀਦ ਬਾਬਾ ਦੀਪ ਸਿੰਘ ਜੀ | 18 |
| ਬੱਬਰ ਸ਼ੇਰਨੀ ਗੁਰਦੀਪ ਕੌਰ | 19 |
| ਦੇਸ਼ੋਂ ਮੂੰਹ ਮੋੜ ਕੇ ਵਿਦੇਸ਼ਾਂ ਵਿਚ ਪੱਕੇ ਜਾ ਵੱਸਣ ਲਈ ਕਾਹਲੇ... | 20 |
| ਨੰਨੇ ਵਾਰਸ | 22 |
| ਸਿੰਘ ਸਭਾ ਅਤੇ ਸਿੱਖ ਰਹਿਤ ਮਰਿਯਾਦਾ | 24 |
| ਧਰਮ ਸਥਾਨ ਦੇ ਅੰਦਰ ਅਤੇ ਬਾਹਰ ਦੇ ਵਿਹਾਰ ਵਿੱਚ ਅੰਤਰ | 26 |
| ਪਰਾਲੀ ਦਾ ਸਰਕਾਰੀ ਪ੍ਰਬੰਧ: ਮੀਟਿੰਗਾਂ, ਮੀਟਿੰਗਾਂ ਤੇ ਮੀਟਿੰਗਾਂ | 27 |
| ਕਾਵਿ ਕਿਆਰੀ | 28 |
| ਲੜੀਵਾਰ ਕਿਤਾਬ: ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 30 |
| ਲੜੀਵਾਰ ਕਿਤਾਬ: ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ... | 32 |
| ਸਿੱਖ ਤਿਉਹਾਰ (ਸਿੱਖ ਰਹੁਰੀਤ) ਕਿਤਾਬਚਾ | 34 |
| Guru Nanak Sahib Ji | 35 |
| **मानवता और जात-पात** | **37** |
| ਸਾਡੀ ਖੇਤੀ | 39 |
| ਸਿਹਤ ਸੰਭਾਲ | 40 |
| ਗੁਰਮਤਿ ਸੰਜੋਗ | 42 |




**ਗੁਰਮੁਖ ਸੁਖਫਲ ਦਾਤ ਸ਼ਬਦ ਸਮ੍ਹਾਲੀਅਨਿ** ਸਫਾ #13

## ਜ਼ਰੂਰੀ ਸੂਚਨਾਵਾਂ


- ‘ਗੁਰਮਤਿ ਵਿਰਸਾ’ ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

# ਪੰਜਾਬੀ ਸੂਬਾ ਬਣਿਆ ਪਰ ਸਿੱਖਾਂ ਨਾਲ ਵਿਤਕਰੇ ਖਤਮ ਨਾ ਹੋਏ

9 ਮਾਰਚ 1966 ਨੂੰ ਕਾਂਗਰਸ ਵਰਕਿੰਗ ਕਮੇਟੀ ਨੇ ਇੱਕ ਮਤਾ ਪਾਸ ਕਰ ਦਿੱਤਾ ਜਿਸ ਅਨੁਸਾਰ ਵਰਤਮਾਨ ਪੰਜਾਬ ਚੋਂ ਪੰਜਾਬੀ ਭਾਸ਼ਾ ਵਾਲਾ ਰਾਜ ਬਣਾਏ ਜਾਣ ਦੀ ਹਮਾਇਤ ਕੀਤੀ ਗਈ। ਸਰਕਾਰ ਨੂੰ ਲੋੜੀਂਦੇ ਕਦਮ ਉਠਾਉਣ ਲਈ ਬੇਨਤੀ ਕੀਤੀ। ਇਸ ਮਤੇ ਦੀ ਸਖਤ ਵਿਰੋਧਤਾ ਹੋਈ। ਪਰ ਕਾਂਗਰਸ ਪ੍ਰਧਾਨ ਜੋ ਬਾਦਸ਼ਾਹ ਗਰ ਕਰਕੇ ਪ੍ਰਸਿੱਧ ਸੀ ਤੇ ਜਿਸ ਨੇ ਇੰਦਰਾ ਗਾਂਧੀ ਨੂੰ ਪ੍ਰਧਾਨ ਮੰਤਰੀ ਬਣਾਇਆ ਸੀ, ਉਸ ਨਾਲ ਬਹੁਮਤ ਸੀ। ਮੁਰਾਰਜੀ ਦਿਸਾਈ ਜੋ ਉਪ-ਪ੍ਰਧਾਨ ਮੰਤਰੀ ਸੀ ਉਸ ਨੇ ਪੰਜਾਬ ਦੀ ਮੰਗ ਨੂੰ ਫਿਰਕੂ ਦੱਸਿਆ। ਉਸ ਸਮੇਂ ਦੇ ਕਾਂਗਰਸੀ ਪ੍ਰਧਾਨ ਨੇ ਦਲੀਲ ਦਿੱਤੀ ਕਿ "ਪੰਜਾਬੀਆਂ ਨੂੰ ਉਸ ਰਾਸ਼ਟਰੀ ਸਿਧਾਂਤ ਦੇ ਲਾਭ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ ਜਿਸ ਦਾ ਅਨੰਦ ਭਾਰਤ ਦੇ ਦੂਸਰੇ ਰਾਜਾਂ ਦੇ ਲੋਕ ਮਾਣ ਰਹੇ ਹਨ ਤੇ ਆਪਣੇ ਭਾਸ਼ਾਈ ਰਾਜਾਂ ਵਿੱਚ ਰਹਿ ਕੇ ਕਾਰਜ ਕਰ ਰਹੇ ਹਨ"? ਸ੍ਰ. ਖੁਸ਼ਵੰਤ ਸਿੰਘ ਸਿੱਖ ਇਤਿਹਾਸ ਭਾਗ ਦੂਜਾ ਦੇ ਪੰਨਾ 300 'ਤੇ ਲਿਖਦੇ ਹਨ ਕਿ ਵਾਈ. ਬੀ. ਚੌਹਾਨ ਜੋ ਸਿੱਖਾਂ ਦੀ ਪਾਕਿਸਤਾਨ ਵਿਰੁੱਧ ਜੰਗ ਸਮੇਂ ਬਿਨਾਂ ਸ਼ਰਤ ਦਿੱਤੀ ਹਮਾਇਤ ਤੋਂ ਪੂਰਾ ਵਾਕਫ਼ ਸੀ, ਉਸ ਨੇ ਵੀ ਸਮਰੱਥਨ ਦਿੱਤਾ। ਉਸ ਨੇ ਕਿਹਾ, "ਕਿ ਪੰਜਾਬੀ ਸੂਬੇ ਦੀ ਮੰਗ ਬਾਰੇ ਫੈਸਲੇ ਵਿੱਚ ਇਸ ਦੀ ਭੂਗੋਲਿਕ ਸਥਿੱਤੀ ਕਰਕੇ ਹੋਰ ਦੇਰੀ ਨਹੀਂ ਕੀਤੀ ਜਾ ਸਕਦੀ"। ਹੈਰਾਨਗੀ ਦੀ ਗੱਲ ਦੇਖੋ ਦੇਸ਼ ਦੀਆਂ ਲਗ-ਪਗ ਸਾਰੀਆਂ ਰਾਜਸੀ ਪਾਰਟੀਆਂ ਨੇ ਪੰਜਾਬੀ ਸੂਬੇ ਨੂੰ ਸਮਰਥਨ ਦਿੱਤਾ ਪਰ ਭਾਰਤੀ ਜਨ-ਸੰਘ ਨੇ ਇਸ ਦਾ ਪੁਰਜ਼ੋਰ ਵਿਰੋਧ ਕੀਤਾ।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

10 ਮਾਰਚ 1966 ਨੂੰ ਜਨਸੰਘ ਦੀ ਵਰਕਿੰਗ ਕਮੇਟੀ ਨੇ ਪੰਜਾਬੀ ਸੂਬੇ ਦੀ ਕਾਇਮੀ ਨੂੰ ਰੋਕਣ ਲਈ ਘੋਲ਼ ਦਾ ਐਲਾਨ ਕਰ ਦਿੱਤਾ। ਯੱਗਦੱਤ ਸ਼ਰਮਾ (ਜਨਰਲ ਸਕੱਤਰ ਜਨਸੰਘ) ਨੇ ਪੰਜਾਬੀ ਸੂਬੇ ਦੇ ਖ਼ਿਲਾਫ਼ ਮਰਨ ਵਰਤ ਸ਼ੁਰੂ ਕਰ ਦਿੱਤਾ। ਪੰਜਾਬ ਦੇ ਸ਼ਹਿਰਾਂ ਵਿੱਚ ਹਿੰਦੂ ਦੁਕਾਨਦਾਰਾਂ ਨੇ ਹੜਤਾਲ ਕਰ ਦਿੱਤੀ। ਡਾ. ਬਲਦੇਵ ਪ੍ਰਕਾਸ਼ ਪੰਜਾਬ ਦੀ ਜਨਸੰਘ ਇਕਾਈ ਦੇ ਪ੍ਰਧਾਨ ਤੇ ਬਲਰਾਜ ਮਧੋਕ ਨੇ ਜਨਤਕ ਮੁਜ਼ਾਹਰੇ ਕੀਤੇ। ਪਾਣੀਪਤ ਵਿਚ ਲੁੱਟਮਾਰ,ਹੋਰ ਕਈ ਥਾਂਈ ਅੱਗਾਂ ਲੱਗੀਆਂ ਤੇ ਖ਼ੂਨ ਖਰਾਬਾ ਹੋਇਆ। 11 ਮਾਰਚ 1966 ਨੂੰ ਬਲਰਾਜ ਮਧੋਕ, ਲਾਲਾ ਜਗਤ ਨਰਾਇਣ ਅਤੇ ਪ੍ਰਕਾਸ਼ਵੀਰ ਸ਼ਾਸਤਰੀ ਦੇ ਅਧਾਰਤ ਇਕ ਕਮੇਟੀ ਬਣਾਈ ਤਾਂ ਕਿ ਪੰਜਾਬ ਸੂਬੇ ਦੀ ਕਾਇਮੀ ਨੂੰ ਰੋਕਿਆ ਜਾ ਸਕੇ।

23 ਅਪ੍ਰੈਲ 1966 ਨੂੰ ਜਸਟਿਸ ਜੇ. ਸੀ. ਸ਼ਾਹ, ਐਸ. ਦੱਤਾ ਤੇ ਐਮ. ਐਮ. ਫਿਲਿੱਪ ਤੇ ਅਧਾਰਿਤ ਹੱਦਬੰਦੀ ਕਮਿਸ਼ਨ ਦੀ ਸਥਾਪਨਾ ਹੋਈ। ਅਸਲ ਵਿਚ ਕੇਂਦਰ ਪੰਜਾਬ ਨੂੰ ਸੂਬਾ ਬਣਾਉਣਾ ਤਾਂ ਮੰਨ ਗਿਆ ਪਰ ਸੰਕੇਤਕ ਸ਼ਰਤਾਂ ਇਸ ਤਰ੍ਹਾਂ ਦੀਆਂ ਘੜੀਆਂ ਗਈਆਂ ਕਿ ਪੰਜਾਬੀ ਸੂਬੇ ਨੂੰ ਉਚਿਤ ਹੱਕਾਂ ਤੋਂ ਵੰਚਿਤ ਕੀਤਾ ਜਾ ਸਕੇ। ਕੁਝ ਉਦਾਹਰਣਾਂ ਸਾਡੇ ਸਾਹਮਣੇ ਹਨ। ਕਮਿਸ਼ਨ ਨੇ ਸਾਫ਼ ਕਿਹਾ ਕਿ ਪੰਜਾਬੀ ਸੂਬੇ ਦੀ ਹੱਦ ਬੰਦੀ ਲਈ 1961 ਦੀ ਮਰਦਮਸ਼ੁਮਾਰੀ ਨੂੰ ਅਧਾਰ ਬਣਾਇਆ ਜਾਏ। ਇਹ ਸਭ ਨੂੰ ਪਤਾ ਹੈ ਕਿ ਪੰਜਾਬੀ ਹਿੰਦੂਆਂ ਦੇ ਬਹੁਤ ਵੱਡੇ ਵਰਗ ਨੇ ਆਪਣੀ ਮਾਂ ਬੋਲੀ ਪੰਜਾਬੀ ਵਿਚ ਬੋਲ ਕੇ ਹਿੰਦੀ ਲਿਖੀ ਸੀ। ਦੂਸਰਾ ਪਿੰਡਾਂ ਨੂੰ ਇਕਾਈ ਨਹੀਂ ਬਣਾਇਆ ਗਿਆ ਸਗੋਂ ਤਹਿਸੀਲਾਂ ਨੂੰ ਇਕਾਈ ਮੰਨਿਆ ਗਿਆ। ਤੀਸਰਾ ਚੰਡੀਗੜ੍ਹ ਪੰਜਾਬ ਨੂੰ ਹਰ ਹਾਲ ਵਿਚ ਨਾ ਦਿੱਤਾ ਜਾਏ। ਪੰਜਾਬੀ ਸੂਬੇ ਨੂੰ ਰੋਕਣ ਚੂੰਚਰ ਤੇ ਚੂੰਚਰ ਡਾਈ ਗਈ। ਜੇ ਪੰਜਾਬੀ ਸੂਬਾ ਬਣਾਇਆ ਗਿਆ ਤਾਂ ਇਸ ਨੂੰ ਹਰ ਪੱਖ ਤੋਂ ਲੰਗੜਾ ਕੀਤਾ ਗਿਆ।

ਮੀਸ਼ਾ ਦੇ ਸ਼ਬਦਾਂ ਵਿਚ ਪੰਜਾਬ ਦੀ ਬਰਬਾਦੀ ਹੋਈ
ਇਹ ਸੂਬਾ ਨਵਾਂ ਬਣਾਇਆ ਗਿਆ ਪੰਜਾਬੀ ਦਾ,
ਤੇਰਾ ਅੰਗ ਅੰਗ ਕੱਟ ਕੇ ਫਿਰਕੂ ਨਾਦ ਵਜਾ ਦਿੱਤਾ।

ਕੇਂਦਰੀ ਸਰਕਾਰ ਨੇ ਆਪਣੇ ਬੁਣੇ ਜਾਲ ਵਿਚੋਂ ਬਾਹਰ ਨਿਕਲਣ ਲਈ ਪੰਜਾਬੀ ਸੂਬੇ ਦੀ ਮੰਗ ਤਾਂ ਮੰਨੀ, ਪਰ ਚੰਡੀਗੜ੍ਹ ਨੂੰ ਕੇਂਦਰੀ ਇਲਾਕਾ ਮੰਨ ਲਿਆ, ਕਈ ਪੰਜਾਬੀ ਬੋਲਦੇ ਇਲਾਕੇ ਪੰਜਾਬ ਤੋਂ ਬਾਹਰ ਰੱਖੇ ਗਏ। ਪੰਜਾਬ ਦੇ ਦਰਿਆਈ ਪਾਣੀਆਂ ਸਬੰਧੀ ਧੱਕੇ ਨਾਲ ਵੰਡ ਕੀਤੀ ਗਈ।

ਕੇਂਦਰੀ ਸਰਕਾਰ ਦੇ ਸਾਰੇ ਲੀਡਰ ਕਿਸੇ ਨਾ ਕਿਸੇ ਰੂਪ ਵਿਚ ਪੰਜਾਬੀ ਸੂਬੇ ਦਾ ਵਿਰੋਧ ਕਰਦੇ ਰਹੇ। ਸ੍ਰ ਖੁਸ਼ਵੰਤ ਸਿੰਘ ਸਿੱਖ ਇਤਿਹਾਸ ਭਾਗ ਦੂਜਾ ਦੇ ਪੰਨਾ ਨੰਬਰ 298 ਦੇ ਫੁੱਟ ਨੋਟ ਵਿਚ ਟਿੱਪਣੀ ਕਰਦੇ ਹਨ ਕਿ 1965 ਦੀ ਪਾਕਿਸਤਾਨ ਦੀ ਜੰਗ ਸਮੇਂ ਪੰਜਾਬ ਨੇ ਵੱਧ ਤੋਂ ਵੱਧ ਬਿਨਾ ਸ਼ਰਤ ਦੇ ਯੋਗਦਾਨ ਪਾਇਆ। ਕੇਂਦਰੀ ਸਰਕਾਰ ਨੇ ਪੰਜਾਬ ਦੀ ਸਮੱਸਿਆ ਨੂੰ ਨਜਿੱਠਣ ਲਈ ਸਰਦਾਰ ਹੁਕਮ ਸਿੰਘ ਦੀ ਪ੍ਰਧਾਨਗੀ ਹੇਠ ਇਕ ਕਮੇਟੀ ਬਣਾਈ। ਉਸ ਸਬੰਧੀ ਸਰਦਾਰ ਹੁਕਮ ਸਿੰਘ ਲਿਖਦੇ ਹਨ, "ਕਈ ਸਾਲ ਮੌਲਿਕ ਭਾਸ਼ਾਈ ਹੱਕ ਦਾ ਵਿਰੋਧ ਕਰਨ ਪਿੱਛੋਂ ਪ੍ਰਧਾਨ ਮੰਤਰੀ ਸ਼ਾਸਤਰੀ ਨੇ ਅਕਤੂਬਰ 1965 ਵਿੱਚ ਮੇਰੀ ਪ੍ਰਧਾਨਗੀ ਹੇਠ ਲੋਕ ਸਭਾ ਮੈਂਬਰਾਂ ਦੀ ਇਕ ਕਮੇਟੀ ਪੰਜਾਬੀ ਸੂਬੇ ਦੀਆਂ ਸਮੱਸਿਆ ਬਾਰੇ ਰਿਪੋਰਟ ਤਿਆਰ ਕਰਨ ਲਈ ਨਿਯੁਕਤ ਕੀਤੀ। ਦੂਸਰੇ ਪਾਸੇ ਸਰਕਾਰ ਦੀ ਮਨਸ਼ਾ ਸੀ ਕਿ ਸਰਦਾਰ ਹੁਕਮ ਸਿੰਘ ਵਲੋਂ ਲਿਖੀ ਰਿਪੋਰਟ ਕਿਸੇ ਨਾ ਕਿਸੇ ਤਰੀਕੇ ਨਾਲ ਰੱਦ ਕੀਤੀ ਜਾਏ। ਮੇਰੀ ਰਿਪੋਰਟ ਤਿਆਰ ਹੋਣ ਤੋਂ ਬਾਅਦ ਇੰਦਰਾ ਗਾਂਧੀ ਨੇ ਚੌਹਾਨ ਕੋਲ ਜਾ ਕੇ ਪੰਜਾਬੀ ਸੂਬੇ ਵਾਲੀ ਰਿਪੋਰਟ ਨੂੰ ਰੋਕਣ ਵਾਸਤੇ ਕਿਹਾ। ਉਂਝ ਲਾਲ ਬਹਾਦਰ ਸ਼ਾਸਤਰੀ ਵੀ ਨਹਿਰੂ ਵਾਂਗ ਪੰਜਾਬੀ ਸੂਬੇ ਦੇ ਵਿਰੋਧ ਵਿਚ ਹੀ ਸੀ"। ਸਰਦਾਰ ਹੁਕਮ ਸਿੰਘ ਅੱਗੇ ਲਿਖਦੇ ਹਨ ਕਿ ਇੰਦਰਾ ਗਾਂਧੀ, ਸ਼ਾਸਤਰੀ ਤੇ ਗੁਲਜ਼ਾਰੀ ਲਾਲ ਨੰਦਾ ਨੇ ਮੈਨੂੰ ਪੰਜਾਬੀ ਸੂਬੇ ਦੀ ਰਿਪੋਰਟ ਦੇਣ ਤੋਂ ਰੋਕਿਆ। ਏਥੋਂ ਤਕ ਕਿ 1961 ਦੀ ਜਨ-ਗਣਨਾ ਨੂੰ ਤੇ ਪਿੰਡ ਦੀ ਥਾਂ ਤਹਿਸੀਲ ਨੂੰ ਅਧਾਰ ਬਣਾਉਣ ਦਾ ਮਨੋਰਥ ਸਿੱਖਾਂ ਨੂੰ ਸਜਾ ਦੇਣਾ ਸੀ। ਅਸਲ ਵਿਚ 1961 ਦੀ ਮਰਦਮਸ਼ੁਮਾਰੀ ਦਾ ਵੇਰਵਾ ਸੰਪਰਦਾਇਕ ਲੀਹਾਂ ਅਨੁਸਾਰ ਸੀ ਜਿਸ ਵਿਚ ਪੰਜਾਬੀ ਵਿਚ ਬੋਲ ਕੇ ਹਿੰਦੂਆਂ ਨੇ ਹਿੰਦੀ ਨੂੰ ਆਪਣੀ ਮਾਂ ਬੋਲੀ ਲਿਖਵਾਇਆ"। ਅਜਿਹੀ ਫਿਰਕਾਪ੍ਰਸਤੀ ਦੀ ਲਹਿਰ ਨੇ ਪੰਜਾਬ ਵਿਚ ਅੱਗ ਬਾਲੀ ਰੱਖੀ ਹੈ। ਪੰਜਾਬੀ ਸੂਬਾ ਬਣਨ ਨਾਲ ਸਿੱਖਾਂ ਦੀ ਸਮੱਸਿਆਵਾਂ ਹੱਲ ਹੋਣ ਦੀ ਬਜਾਏ ਵੱਧਣੀਆਂ ਸ਼ੁਰੂ ਹੋ ਗਈਆਂ। ਪੰਜਾਬੀ ਸੂਬਾ ਜ਼ਰੂਰ ਬਣ ਗਿਆ ਪਰ ਬੁਨਿਆਦੀ ਹੱਕਾਂ ਤੋਂ ਵਾਂਝਾ ਰੱਖਿਆ ਗਿਆ।

ਕਵੀ ਅਜਾਇਬ ਕਮਲ ਦੇ ਬੋਲ
ਗਾਮੇ ਤੇ ਕਿੱਕਰ ਸਿੰਘ ਵਰਗਾ,
ਭਰਵੇਂ ਜੁੱਸੇ ਵਾਲਾ ਪੰਜਾਬ,
ਪੰਜਾਬ ਨਹੀਂ ਰਿਹਾ, ਬੌਣਾ ਠਿੱਗਣਾ,
ਰੱਦੀ ਕਾਗ਼ਜ਼ਾਂ ਵਾਂਗ ਮਰੋੜਿਆ, ਤਰੋੜਿਆ,
ਅਪੰਗ ਜੇਹਾ ਬਣ ਕੇ ਰਹਿ ਗਿਆ ਪੰਜਾਬ।

ਸਰਦਾਰ ਖੁਸ਼ਵੰਤ ਸਿੰਘ ਸਿੱਖ ਇਤਿਹਾਸ ਦੇ ਪੰਨਾ ਨੰਬਰ 299 'ਤੇ ਫੁੱਟ ਨੋਟ ਨੰਬਰ 28 ਵਿੱਚ ਲਿਖਦੇ ਹਨ ਕਿ "ਪੰਜਾਬ ਤੇ ਸਿੱਖਾਂ ਨਾਲ ਆਪਣੇ ਵਤੀਰੇ ਵਿੱਚ ਇੰਦਰਾ ਗਾਂਧੀ ਨੇ ਇਕ ਦੂਰ-ਦ੍ਰਿਸ਼ਟੀ ਵਾਲੇ ਨੇਤਾ ਦੀ ਥਾਂ ਇੱਕ ਛੋਟੇ ਜਿਹੇ ਸਿਆਸੀ ਕਾਰਕੁਨ ਦੀ ਦੋਗਲੀ ਨੀਤੀ ਅਪਣਾਈ। ਸੂਬੇ ਦੀ ਮੰਗ ਪ੍ਰਵਾਨ

ਕਰਦੀ ਦਿਖਾਈ ਦਿੰਦੀ ਇੰਦਰਾ ਗਾਂਧੀ ਨੇ ਪਹਿਲਾਂ ਇਹਦੀ ਰਾਜਧਾਨੀ ਖੋਹੀ ਤੇ ਮਗਰੋਂ ਇਸ ਦੇ ਬਦਲੇ ਫ਼ਾਜ਼ਿਲਕਾ ਤੇ ਅਬੋਹਰ ਹਰਿਆਣੇ ਨੂੰ ਦੇਣ ਦੀ ਸ਼ਰਤ ਲਾ ਦਿੱਤੀ। ਫੁੱਟ ਨੋਟ ਵਿਚ ਅੱਗੇ ਲਿਖਿਆ ਹੈ ਕਿ ਇੰਦਰਾ ਗਾਂਧੀ ਨੇ ਬੜੀ ਨਿਲੱਜਤਾ ਨਾਲ ਦੋਗਲੀ ਨੀਤੀ ਦੇ ਦੋਸ਼ ਨੂੰ ਮੰਨਦਿਆਂ ਇਸ ਨੂੰ ਹਿੰਦੂਆਂ ਦਾ ਸਮਰੱਥਨ ਲੈਣ ਖ਼ਾਤਰ ਸਹੀ ਠਹਿਰਾਇਆ। ਪਹਿਲਾਂ ਨਹਿਰੂ ਨੇ ਕੈਰੋਂ ਨੂੰ ਮੁੱਖ ਮੰਤਰੀ ਬਣਾ ਕੇ ਰਾਜਸਥਾਨ ਵਾਸਤੇ ਦੋ ਨਹਿਰਾਂ ਕੱਢੀਆਂ ਫਿਰ ਇੰਦਰਾ ਗਾਂਧੀ ਨੇ ਦਰਬਾਰਾ ਸਿੰਘ ਮੁੱਖ ਮੰਤਰੀ ਪੰਜਾਬ ਤੇ ਦਬਾਅ ਬਣਾ ਕੇ ਸੁਪਰੀਮ ਕੋਰਟ ਵਿਚੋਂ ਪਾਣੀਆਂ ਦਾ ਕੇਸ ਵਾਪਸ ਕਰਾਇਆ।

ਇੰਦਰਾ ਗਾਂਧੀ ਨੇ ਪੰਜਾਬ ਪ੍ਰਤੀ ਹਮੇਸ਼ਾਂ ਕਿੜ੍ਹ ਰੱਖੀ। ਇੰਦਰਾ ਗਾਂਧੀ ਇਕ ਫਾਰਮੂਲਾ ਸਮਝ ਬੈਠੀ ਸੀ ਕਿ ਪੰਜਾਬ ਦੇ ਸਿੱਖਾਂ ਨੂੰ ਆਤੰਕਵਾਦੀ, ਵੱਖਵਾਦੀ ਦਰਸਾ ਕੇ ਸਾਰੇ ਹਿੰਦੁਸਤਾਨ ਵਿਚੋਂ ਹਿੰਦੂਆਂ ਨੂੰ ਆਪਣੇ ਹੱਕ ਵਿਚ ਭੁਗਤਾਇਆ ਜਾ ਸਕਦਾ ਹੈ। 1964 ਤੋਂ ਲੈ ਕੇ 1984 ਤੱਕ ਇੰਦਰਾ ਗਾਂਧੀ ਨੇ ਪੈਂਤੜੇ ਤੇ ਪੈਂਤੜਾ ਵਰਤ ਕੇ ਸੱਤਾ ਵਿੱਚ ਬਣੀ ਰਹਿਣ ਦੀ ਤਾਂਘ ਬਣਾਈ ਰੱਖੀ। ਜੇ ਉਹ ਰਾਜ ਨਰਾਇਣ ਤੋਂ ਕੋਰਟ ਵਿੱਚ ਹਾਰ ਜਾਂਦੀ ਹੈ ਤਾਂ ਪੂਰੇ ਮੁਲਕ ਵਿੱਚ ਐਮਰਜੈਂਸੀ ਲਾ ਦਿੰਦੀ ਹੈ। ਸਾਰਾ ਭਾਰਤ ਸਹਿ ਜਾਂਦਾ ਹੈ ਪਰ ਅਕਾਲੀਆਂ ਨੇ ਮਨੁੱਖੀ ਅਧਿਕਾਰਾਂ ਨੂੰ ਮੁੱਖ ਰੱਖਦਿਆਂ ਮੋਰਚਾ ਲਾ ਦਿੱਤਾ। ਇੰਦਰਾ ਗਾਂਧੀ ਨੇ ਕਿੜ੍ਹ ਕੱਢਣ ਲਈ ਪੰਜਾਬ ਨੂੰ ਬਲਦੀ ਭੱਠੀ ਵਿਚ ਝੋਕਿਆ। ਭਾਰਤੀ ਜਨਤਾ ਪਾਰਟੀ ਦੇ ਨੇਤਾ ਇੰਦਰਾ ਨੂੰ ਦੁਰਗਾ ਦਾ ਖਿਤਾਬ ਦਿੰਦੇ ਹਨ। ਦੇਸ਼ ਦੀਆਂ ਬਾਕੀ ਰਾਜਸੀ ਪਾਰਟੀਆਂ ਨੇ ਵੀ ਪੰਜਾਬ ਦੇ ਹੱਕ ਵਿਚ ਕਦੇ ਅਵਾਜ਼ ਨਹੀਂ ਉਠਾਈ।

ਪੰਜਾਬ ਪ੍ਰਤੀ ਇੰਦਰਾ ਗਾਂਧੀ ਦੀ ਕੀ ਮਨਸ਼ਾ ਰਹੀ ਹੈ, ਉਹ ਉਸ ਦੀ ਜ਼ਿੰਦਗੀ ਦੇ ਮਗਰਲੇ ਤਿੰਨ ਸਾਲਾਂ ਵਿਚ ਦੇਖੀ ਜਾ ਸਕਦੀ ਹੈ। ਇੰਦਰਾ ਗਾਂਧੀ ਨੇ 16 ਨਵੰਬਰ 1981 ਤੋਂ ਲੈ ਕੇ 2 ਫਰਵਰੀ 1984 ਤੱਕ 26 ਮੁਲਾਕਾਤਾਂ, ਤਿੰਨ ਪ੍ਰਧਾਨ ਮੰਤ੍ਰੀ ਨਾਲ, ਚਾਰ ਕੇਂਦਰੀ ਮੰਤਰੀ-ਮੰਡਲ ਨਾਲ, 9 ਗੁਪਤ ਤੇ ਦਸ ਵਿਰੋਧੀ ਪਾਰਟੀਆਂ ਨਾਲ ਹੋਈਆਂ। ਅਕਾਲੀ ਨੇਤਾਵਾਂ ਵਿਚ ਟੋਹੜਾ, ਲੌਂਗੋਵਾਲ, ਬਾਦਲ, ਬਰਨਾਲਾ, ਬਲਵੰਤ ਸਿੰਘ, ਕਦੇ ਕੌਮੀ ਏਕਤਾ ਦਾ ਸੰਪਾਦਕ ਰਾਜਿੰਦਰ ਸਿੰਘ ਭਾਟੀਆ ਤੇ ਰਵੀਇੰਦਰ ਸਿੰਘ ਸ਼ਾਮਿਲ ਹੁੰਦੇ ਰਹੇ ਪਰ ਕੇਂਦਰੀ ਸਰਕਾਰ ਵਾਰੀ ਵਾਰੀ ਮੰਤਰੀ ਮੰਡਲ ਦੇ ਮੰਤਰੀਆਂ, ਸਰਵਉੱਚ ਅਧਿਕਾਰੀ, ਫਾਰੂਕ ਅਬਦੁੱਲਾ, ਐਲ. ਕੇ ਅਡਵਾਨੀ, ਮਧੁਦੰਡਵਤੇ, ਸਵਰਨ ਸਿੰਘ ਵਰਗੇ ਬਜ਼ੁਰਗ ਹਿੱਸਾ ਲੈਂਦੇ ਰਹੇ। ਸਮਝਿਆ ਜਾਂਦਾ ਹੈ ਕਿ ਪੰਜ ਵਾਰੀ ਮੁਕੰਮਲ ਸਮਝੌਤਾ ਕਰਕੇ ਇੰਦਰਾ ਗਾਂਧੀ ਮੁਕਰਦੀ ਰਹੀ। ਅਸਲ ਵਿਚ ਇੰਦਰਾ ਗਾਂਧੀ ਸਿੱਖਾਂ ਦਾ ਪੱਤਾ ਖੇਡਦੀ ਰਹੀ। ਕਾਂਗਰਸ ਕੇਂਦਰ ਵਿਚ ਸਰਕਾਰ ਬਣਾਉਣ ਵਿਚ ਕਾਮਯਾਬ ਹੁੰਦੇ ਰਹੇ ਪਰ ਪੰਜਾਬ ਅਤੇ ਸਿੱਖਾਂ ਨਾਲ ਧਰੋਅ ਹੀ ਕਮਾਉਂਦੇ ਰਹੇ। ਅਜ਼ਾਦ ਭਾਰਤ ਵਿਚ ਇੰਦਰਾ ਗਾਂਧੀ ਨੇ ਸਿੱਖਾਂ ਨੂੰ ਸਬਕ ਸਿਖਾਉਣ ਦੀ ਭਾਵਨਾ ਨਾਲ ਦਰਬਾਰ ਸਾਹਿਬ 'ਤੇ ਹਮਲਾ ਕਰਾਇਆ। ਇਸ ਸਾਰੇ ਬ੍ਰਿਤਾਂਤ ਵਿਚ ਇੰਦਰਾ ਗਾਂਧੀ ਮਾਰੀ ਗਈ। ਰਹਿੰਦੀ ਕਸਰ ਰਾਜੀਵ ਗਾਂਧੀ ਨੇ ਕੱਢਤੀ ਕਿ ਜਦੋਂ ਵੱਡਾ ਦਰੱਖਤ ਡਿਗਦਾ ਹੈ ਤਾਂ ਧਰਤੀ ਹਿਲਦੀ ਹੈ। ਅਜੇਹੀ ਭਾਵਨਾ ਵਿਚੋਂ ਸਿੱਖਾਂ ਦਾ ਕਤਲੇਆਮ ਹੋਇਆ। ਘਰਾਂ ਦੇ ਘਰ ਉਜਾੜੇ ਗਏ। ਕਾਰੋਬਾਰ ਲੁੱਟੇ ਗਏ। ਧੀਆਂ ਭੈਣਾਂ ਨਾਲ ਜਗੋਂ ਤੇਰ੍ਹਵੀਂ ਹੋਈ। ਵਿਧਵਾ ਕਲੋਨੀ ਦਾ ਨਵਾਂ ਜਨਮ ਹੋਇਆ ਜੋ ਅਜ਼ਾਦ ਭਾਰਤ ਦੇ ਮੱਥੇ ਕਲੰਕ ਹੈ। ਸਿੱਖ ਕੌਮ ਦੀ ਤਬਾਹੀ ਦੀ ਅੱਗ ਬਾਲੀ ਗਈ, ਜਿਸ ਵਿਚੋਂ ਰਜੀਵ ਗਾਂਧੀ ਨੂੰ ਹਮਦਰਦੀ ਦਾ ਵੋਟ ਮਿਲਿਆ, ਦੇਸ ਦਾ ਪ੍ਰਧਾਨ ਮੰਤਰੀ ਬਣ ਗਿਆ। ਪੰਜਾਬ ਨਾਲ ਵਿਤਕਰਿਆਂ ਦੀ ਲੜੀ ਵਿਚ ਵਾਧਾ ਹੁੰਦਾ ਗਿਆ।

**ਅਕਾਲੀ ਦਲ ਨੇ ਪੰਜਾਬੀ ਸੂਬਾ ਮੰਗਿਆ ਕੀ ਸੀ ਤੇ ਮਿਲਿਆ ਕੀ?**

ਪਹਿਲੀ ਨੰਵਬਰ ਨੂੰ ਉਹ ਪੰਜਾਬੀ ਸੂਬਾ ਮਿਲਿਆ ਜਿਹੜਾ ਮੰਗਿਆ ਹੀ ਨਹੀਂ ਸੀ। ਅੰਬਾਲਾ, ਸਿਰਸਾ, ਹਿਸਾਰ, ਫਤਹਿਬਾਦ, ਟੋਹਾਨਾ, ਗੂਹਲਾ, ਰਤੀਆਂ, ਕਰਨਾਲ, ਕਾਂਗੜਾ, ਡਲਹੌਜ਼ੀ, ਪਿੰਜੌਰ, ਕਾਲਕਾ, ਨਾਲਾਗੜ੍ਹ, ਊਨਾ, ਚੰਡੀਗੜ੍ਹ, ਭਾਖੜਾ ਡੈਮ, ਨੰਗਲ ਖਾਦ ਫੈਕਟਰੀ ਤੇ ਬਿਆਸ ਡੈਮ ਪੰਜਾਬ ਵਿਚ ਸ਼ਾਮਿਲ ਨਹੀਂ ਕੀਤੇ। ਅਕਾਲੀ ਦਲ ਦੀ ਦੂਜੀ ਮੰਗ ਸੂਬੇ ਨੂੰ ਵੱਧ ਅਧਿਕਾਰਾਂ ਦੀ ਸੀ। ਡਾਕਟਰ ਹਰਜਿੰਦਰ ਸਿੰਘ ਦਿਲਗੀਰ ਦੀ ਟਿੱਪਣੀ ਬੜੀ ਭਾਵ ਪੂਰਤ ਹੈ ਕਿ "ਇਹ ਪੰਜਾਬੀ ਸੂਬਾ ਨਹੀਂ ਸਗੋਂ ਇਕ ਵੱਡੀ ਮਿਊਂਸਪਲ ਕਮੇਟੀ ਕਹਿਆ ਜਾ ਸਕਦਾ ਹੈ"। ਜਿਸ ਤਰ੍ਹਾਂ ਨਿਆਣੇ ਨੂੰ ਦੁੱਧ ਚੁੰਘਣੀ ਦੇ ਕੇ ਪਰਚਾਇਆ ਜਾਂਦਾ ਹੈ ਏਸੇ ਤਰ੍ਹਾਂ ਅਕਾਲੀ ਦਲ ਦੀਆਂ ਮੰਗਾਂ ਮੰਨਦਿਆਂ ਲੰਗੜਾ ਜਿਹਾ ਸੂਬਾ ਦੇ ਕੇ ਪਰਚਾ ਦਿੱਤਾ ਗਿਆ। ਪੰਜਾਬ ਦੀਆਂ ਸਮੱਸਿਆਵਾਂ ਦਾ ਅੰਤ ਹੋਇਆ ਨਹੀਂ ਸਗੋਂ ਹੋਰ ਗੁੰਝਲਦਾਰ ਬਣਾ ਦਿੱਤੀਆਂ।

ਜੇ ਭਾਰਤੀ ਕਾਂਗਰਸ ਪੰਜਾਬ ਲਈ ਸੁਹਿਰਦ ਨਹੀਂ ਸੀ ਤਾਂ ਸੰਤ ਫਤਿਹ ਸਿੰਘ ਵਰਗੇ ਬੌਣੇ ਕੱਦ ਦੇ ਸਿੱਖ ਲੀਡਰ ਵੀ ਇਸ ਲੰਗੜੇ ਪੰਜਾਬ ਲਈ ਜਿੰਮੇਵਾਰ ਹਨ। ਸਿੱਖ ਹੋਮਲੈਂਡ ਤੋਂ ਖਿਸਕਦਾ ਖਿਸਕਦਾ 13 ਜ਼ਿਲ੍ਹਿਆਂ ਤਕ ਸੁੰਗੜ ਕੇ ਰਹਿ ਗਿਆ। ਹੁਣ ਫਤਿਹ ਸਿੰਘ ਨੇ ਆਪਣੀ ਸਾਖ ਬਚਾਉਣ ਲਈ ਕੁਝ ਮੁੱਦਿਆ 'ਤੇ ਫਿਰ ਮੋਰਚਾ ਲਾ ਦਿੱਤਾ।

1. ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦਿੱਤੇ।
2. ਭਾਖੜਾ ਡੈਮ ਤੇ ਹੋਰ ਡੈਮ ਪੰਜਾਬ ਨੂੰ ਦਿੱਤੀਆਂ ਜਾਣ।

**ਸਿੱਖ ਲੀਡਰਾਂ ਦੀ ਪੰਜਾਬ ਪ੍ਰਤੀ ਵਫ਼ਾਦਾਰੀ ਨਾ ਰਹਿਣ ਸਬੰਧੀ ਖੁਸ਼ਵੰਤ ਸਿੰਘ ਦੀ ਟਿੱਪਣੀ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। "ਕਿਸੇ ਵੀ ਆਰਥਿਕ, ਸਮਾਜਿਕ ਤੇ ਰਾਜਸੀ ਉਦੇਸ਼ਾਂ ਦੀ ਅਣਹੋਂਦ ਕਾਰਨ ਤੇ ਜਿਹਨਾਂ ਧੜਿਆਂ ਨਾਲ ਪੰਜਾਬ ਸਿਆਸਤਦਾਨ ਸੰਬੰਧਿਤ ਸਨ ਉਹਨਾਂ ਪ੍ਰਤੀ ਵਫ਼ਾਦਾਰ ਨਾ ਹੋਣ ਕਾਰਨ, ਨਿੱਜੀ ਉੱਨਤੀ ਹੀ ਉਨ੍ਹਾਂ ਦਾ ਮੁੱਖ ਨਿਸ਼ਾਨਾ ਤੇ ਪ੍ਰੇਰਨਾ ਬਣ ਗਈ। ਆਉਣ ਵਾਲੇ ਸਾਲਾਂ ਵਿਚ ਦਲ ਬਦਲੀ ਤੇ ਪਾਰਟੀਬਾਜ਼ੀ ਵਿਚ ਉਲਝਕੇ ਰਹਿ ਗਏ"।**

ਇੱਥੇ ਡਾ. ਦਿਲਗੀਰ ਜੀ ਦੀ ਟਿੱਪਣੀ ਨੂੰ ਵੀ ਜ਼ਰੂਰ ਸ਼ਾਮਿਲ ਕੀਤਾ ਜਾਏਗਾ, ਉਹ ਲਿਖਦੇ ਹਨ ਕਿ "ਤਾਕਤ ਤੇ ਦੌਲਤ ਦੀ ਭੁੱਖ ਤੇ ਕੌਮੀ ਨਿਸ਼ਾਨੇ ਵੱਲੋਂ ਪਿੱਠ ਕਰਕੇ ਅਕਾਲੀਏ ਰਾਜ ਭਾਗ ਦੇ ਮਾਲਕ ਤਾਂ ਬਣ ਗਏ ਪਰ ਕੌਮੀ ਨਿਸ਼ਾਨੇ ਦਾ ਸਦਾ ਲਈ ਭੋਗ ਪਾ ਦਿੱਤਾ। ਪੰਜਾਬੀ ਸੂਬਾ ਬਣਨ ਤੋਂ ਤਿੰਨ ਮਹੀਨੇ ਮਗਰੋਂ ਫਰਵਰੀ 1967 ਵਿੱਚ ਅਸੈਂਬਲੀ ਤੇ ਪਾਰਲੀਮੈਂਟ ਚੋਣਾਂ ਹੋਈਆਂ ਸਨ। ਪਹਿਲੀ ਜਨਵਰੀ 1967 ਨੂੰ ਅਕਾਲੀ ਦਲ ਮਾਸਟਰ ਤੇ ਆਪਣਾ ਚੋਣ ਮੈਨੀਫੈਸਟੋ ਜਾਰੀ ਕੀਤਾ। ਇਸ ਵਿਚ ਸਿੱਖ ਹੋਮਲੈਂਡ, ਖ਼ੁਦਮੁਖ਼ਤਿਆਰੀ ਤੇ ਲੋਕਾਂ ਵਾਸਤੇ ਟੈਕਸਾਂ ਦੀਆਂ ਛੋਟਾਂ ਮੁੱਖ ਨੁਕਤੇ ਸਨ। ਦੂਜੇ ਪਾਸੇ ਫਤਿਹ ਸਿੰਘ ਨੇ ਸੀਪੀ ਆਈ ਨਾਲ ਸਮਝੋਤਾ ਕਰਕੇ ਪੂਰਨ ਪੰਜਾਬ ਤੇ ਸਿੱਖ ਹੋਮਲੈਂਡ ਦੀ ਮੁਖ਼ਾਲਫ਼ਤ ਕੀਤੀ ਸੀ"।

1886 ਈ. ਨੂੰ ਜਨਮੇ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ 1960, 61 ਤੇ 65 ਵਿਚ ਕੁਝ ਅਕਾਲੀ ਆਗੂਆਂ ਵਲੋਂ ਮਰਨ ਵਰਤ ਰੱਖ ਕੇ ਛੱਡ ਦੇਣ ਦੀ ਬਦਨਾਮੀ ਧੋਣ, ਤੇ ਪੰਜਾਬ ਨੂੰ ਚੰਡੀਗੜ੍ਹ ਦੇਣ ਲਈ 15 ਅਗਸਤ 1969 ਨੂੰ ਜੇਲ੍ਹ ਵਿਚ ਹੀ ਮਰਨ ਵਰਤ ਰੱਖ ਦਿੱਤਾ।75 ਦਿਨਾਂ ਉਪਰੰਤ ਸਰਦਾਰ ਫੇਰੂਮਾਨ ਸ਼ਹਾਦਤ ਦੇ ਗਏ ਪਰ ਸਿੱਖ ਆਗੂਆਂ ਨੇ ਉਸ ਦੀ ਕੋਈ ਕਦਰ ਨਾ ਕੀਤੀ। ਦਰਸ਼ਨ ਸਿੰਘ ਫੇਰੂਮਾਨ ਭਾਰਤ ਤੇ ਮਲਾਇਆ ਵਿਚ ਅੰਗਰੇਜ਼ਾਂ ਵਿਰੋਧੀ ਕਾਰਵਾਈਆਂ ਵਿੱਚ ਸ਼ਾਮਿਲ ਰਿਹਾ ਹੈ 15 ਸਾਲ ਜੇਲ੍ਹ ਵਿਚ ਗੁਜ਼ਾਰੇ। ਸ਼੍ਰੋਮਣੀ ਕਮੇਟੀ ਦਾ ਮੈਂਬਰ, ਦੋ ਵਾਰ ਸਕੱਤਰ, ਇਕ ਵਾਰ ਰਾਜ ਸਭਾ ਦਾ ਮੈਂਬਰ ਰਿਹਾ।



ਉਂਝ ਪੰਜਾਬ ਬਣਨ ਨਾਲ ਹੀ ਸਿੱਖ ਲੀਡਰ ਕੌਮੀ ਹਿੱਤਾਂ ਦਾ ਤਿਆਗ ਕਰਕੇ ਨਿੱਜੀ ਲਾਭਾਂ ਵੱਲ ਨੂੰ ਪਰਤ ਗਏ।

ਕੇਂਦਰ ਸਰਕਾਰ ਨੂੰ ਪਤਾ ਲੱਗ ਗਿਆ ਕਿ ਹੁਣ ਕੁਰਬਾਨੀ ਤੇ ਤਿਆਗ ਬਿਰਤੀ ਵਾਲੇ ਸ਼੍ਰੋਮਣੀ ਅਕਾਲੀ ਦਲ ਦਾ ਭੋਗ ਪੈ ਗਿਆ ਹੈ ਤੇ ਹਕੀਕੀ ਮੰਗਾਂ ਵਲੋਂ ਵੀ ਪਾਸਾ ਵੱਟ ਲਿਆ ਹੈ। ਅਕਾਲੀ ਦਲ ਵੱਖ ਵੱਖ ਧੜਿਆਂ ਵਿਚ ਵੰਡਿਆ ਗਿਆ। ਤਾਕਤਵਰ ਅਕਾਲੀ ਦਲ ਬਾਦਲ ਰਹਿ ਗਿਆ। ਅਕਾਲੀ ਦਲ ਬਾਦਲ ਨੇ ਸਮੁੱਚੇ ਅਕਾਲੀ ਰਵਾਇਤਾਂ, ਸਿੱਖੀ ਸਰੋਕਾਰਾਂ ਤੇ ਪੰਜਾਬ ਦੀਆਂ ਹੱਕੀ ਮੰਗਾਂ ਸਦਾ ਲਈ ਦਫਨਾਅ ਦਿੱਤੀਆਂ। ਬਾਦਲ ਪਰਵਾਰ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੇ ਪਰਵਾਰ ਦੀ ਜਗੀਰ ਬਣਾ ਦਿੱਤਾ। ਆਪ ਮੁੱਖ ਮੰਤਰੀ, ਪੁੱਤ ਉੱਪ ਮੁੱਖ ਮੰਤਰੀ, ਨੂੰਹ ਕੇਂਦਰੀ ਮੰਤਰੀ, ਪੁੱਤ ਦਾ ਸਾਲਾ ਮੰਤਰੀ, ਜਵਾਈ ਮੰਤਰੀ, ਭਤੀਜਾ ਮੰਤਰੀ ਤੇ ਹੋਰ ਕਈ ਰਿਸ਼ਤੇਦਾਰਾਂ ਨੂੰ ਗੱਫਿਆਂ ਦੇ ਗੱਫੇ ਵੰਡੇ ਗਏ। ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਪਿਛਲੀਆਂ ਤਿੰਨ ਚੋਣਾਂ ਵਿਚ ਕਦੇ ਵੀ ਪੰਜਾਬੀ ਬੋਲਦੇ ਇਲਾਕੇ, ਚੰਡੀਗੜ੍ਹ ਪੰਜਾਬ ਨੂੰ ਦੇਣ ਸਬੰਧੀ ਜਾਂ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਦੱਬੀ ਜ਼ੁਬਾਨ ਨਾਲ ਵੀ ਗੱਲ ਨਹੀਂ ਕੀਤੀ ਇਨ੍ਹਾਂ ਦੇ ਪੰਦਰਾਂ ਸਾਲਾ ਰਾਜ ਵਿਚ ਪੰਜਾਬ ਕਰਜ਼ਾਈ-ਦਰ-ਕਰਜ਼ਾਈ ਹੋਇਆ। ਚਿੱਟਾ ਨਸ਼ਾ ਵੀ ਇਨ੍ਹਾਂ ਦੇ ਰਾਜ ਵਿਚ ਹੀ ਪ੍ਰਫੁੱਲਤ ਹੋਇਆ। ਰੇਤ, ਟਰਾਂਸਪੋਰਟ ਅਤੇ ਹੋਰ ਸਰਕਾਰ ਨੂੰ ਫਾਇਦਾ ਦੇਣ ਵਾਲੇ ਮਹਿਕਮਿਆਂ ਨੂੰ ਆਪਣੀ ਨਿੱਜੀ ਵਪਾਰ ਵਿਚ ਬਦਲ ਲਿਆ।



**ਪੰਜਾਬ ਨਾਲ ਪਾਣੀਆਂ ਦਾ ਸਭ ਤੋਂ ਵੱਡਾ ਵਿਤਕਰਾ**

ਸਿਤਮ ਜ਼ਰੀਫੀ ਵੇਖੋ ਕਿ 1966 ਨੂੰ ਜਦੋਂ ਪੰਜਾਬੀ ਸੂਬਾ ਬਣਾਇਆ ਤਾਂ ਪੰਜਾਬ ਪੁਨਰਗਠਨ ਐਕਟ ਵਿੱਚ 78, 79 ਅਤੇ 80 ਧਾਰਾਵਾਂ ਜੋੜ ਕੇ ਪੰਜਾਬ ਦੇ ਸੰਵਿਧਾਨਕ ਅਧਿਕਾਰਾਂ 'ਤੇ ਦਿਨ ਦੀਵੀਂ ਡਾਕਾ ਮਾਰਿਆ ਸੀ। ਸੇਵਾ ਮੁਕਤ ਲੈਫਟੀਨੈਂਟ ਸ੍ਰ. ਹਰਵੰਤ ਸਿੰਘ ਲਿਖਦੇ ਹਨ, ਕਿ "ਭਾਰਤ ਦਾ ਸੰਵਿਧਾਨ ਦਰਿਆ ਪਾਣੀਆਂ ਦੇ ਮੁੱਦਿਆਂ ਨੂੰ ਅਦਾਲਤ ਵਿਚੋਂ ਬਾਹਰ ਰੱਖਦਾ ਹੈ। ਪਾਣੀ ਦਾ ਅਧਿਕਾਰ ਰਿਪੇਰੀਅਨ ਸੂਬਿਆਂ ਦਾ ਆਪਣਾ ਹੈ ਪਰ ਪੰਜਾਬ ਨਾਲ ਵਿਤਕਰਿਆਂ ਦੀ ਸਿਖਰ ਕਰਦਿਆਂ ਰਾਜਸਥਾਨ, ਦਿੱਲੀ ਤੇ ਹਰਿਆਣਾ ਨੂੰ ਨਾਲ ਨੱਥੀ ਕੀਤਾ ਗਿਆ ਹੈ। ਰਾਵੀ ਸਤਲੁਜ ਤੇ ਬਿਆਸ ਦੇ ਪਾਣੀਆਂ ਸਬੰਧੀ ਇਹ ਤਿੰਨੇ ਰਾਜ ਗ਼ੈਰ-ਰਿਪੇਰੀਅਨ ਹਨ"। 29 ਸਤੰਬਰ 2023 ਦੀ ਅਜੀਤ ਅਖ਼ਬਾਰ ਵਿਚ ਭਾਈ ਹਰਜਿੰਦਰ ਸਿੰਘ ਲਾਲ, ਸਰਦਾਰ ਹਰਵੰਤ ਸਿੰਘ ਦਾ ਹਵਾਲਾ ਦੇ ਕੇ ਲਿਖਦੇ ਹਨ ਕਿ "ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਸੁਪਰੀਮ ਕੋਰਟ ਵਿਚੋਂ ਪੰਜਾਬ ਪੁਨਰ ਗਠਨ ਐਕਟ ਦੀ ਧਾਰਾ 78, 79 ਅਤੇ 80 ਨੂੰ ਰੱਦ ਕਰਨ ਲਈ ਪਾਏ ਗਏ ਕੇਸ ਨੂੰ ਵਾਪਸ ਕਰਾਉਣ ਲਈ ਹੀ ਬਣਾਈ ਗਈ ਸੀ। ਪੰਜਾਬ ਦੀ ਇਕ ਕਿਰਸਾਨ ਜੱਥੇਬੰਦੀ ਨੇ ਇਹ ਧਾਰਾਵਾਂ ਖਤਮ ਕਰਾਉਣ ਲਈ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਇਕ ਰਿਟ ਦਾਇਰ ਕੀਤੀ ਸੀ। ਮੁੱਢਲੀ ਬਹਿਸ ਵਿੱਚ ਚੀਫ਼ ਜਸਟਿਸ ਐਸ ਐਸ ਸੰਧਾਵਾਲੀਆ ਨੇ ਆਪਣੀ ਅਗਵਾਈ ਵਿਚ ਫੁੱਲ ਬੈਂਚ ਬਣਾਇਆ ਤੇ ਹਫ਼ਤੇ ਦੇ ਆਖ਼ਰੀ ਕੰਮ ਵਾਲੇ ਦਿਨ ਅਗਲੀ ਸੁਣਵਾਈ ਲਈ ਸੋਮਵਾਰ 25 ਨਵੰਬਰ 1983 ਦੀ ਤਾਰੀਖ਼ ਨਿਸਚਿਤ ਕਰ ਦਿੱਤੀ ਸੀ। ਪਰ ਇਨ੍ਹਾਂ ਦੋ ਦਿਨਾਂ ਵਿਚ ਹੀ ਦੋ ਗੱਲਾਂ ਵਾਪਰੀਆਂ। ਇਕ ਤਾਂ ਚੀਫ਼ ਜਸਟਿਸ ਸੰਧਾਵਾਲੀਆ ਦਾ ਤਬਾਦਲਾ ਪਟਨਾ ਹਾਈਕੋਰਟ ਦਾ ਹੋ ਗਿਆ ਤੇ ਦੂਸਰਾ ਭਾਰਤ ਦੇ ਅਟਾਰਨੀ ਜਨਰਲ ਨੇ ਸੁਪਰੀਮ ਕੋਰਟ ਵਿਚ ਜ਼ਬਾਨੀ ਅਰਜ਼ੀ ਦਿੱਤੀ ਕਿ ਇਹ ਕੇਸ ਮਹੱਤਵਪੂਰਨ ਹੈ ਇਸ ਨੂੰ ਸੁਪਰੀਮ ਕੋਰਟ ਵਿਚ ਤਬਦੀਲ ਕੀਤਾ ਜਾਵੇ। ਇਹ ਅਰਜ਼ੀ ਤੁਰੰਤ ਪ੍ਰਵਾਨ ਹੋ ਗਈ। ਇਹ ਕੇਸ ਏਨਾ ਮਹੱਤਵਪੂਰਨ ਸੀ ਕਿ ਅੱਜ ਤੱਕ ਇਸ ਦੀ ਸੁਣਵਾਈ ਹੀ ਨਹੀਂ ਹੋਈ"। ਅਜੇਹੀ ਘਟਨਾ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਪਹਿਲੀਆਂ ਕੇਂਦਰੀ ਸਰਕਾਰਾਂ ਦਾ ਪੰਜਾਬ ਪ੍ਰਤੀ ਕੀ ਰਵੱਈਆ ਸੀ ਅਤੇ ਹੁਣ ਕੇਂਦਰੀ ਸਰਕਾਰ ਵੀ ਪੰਜਾਬ ਨੂੰ ਇਨਸਾਫ਼ ਦੇਣ ਲਈ ਕੋਈ ਦਿਲਚਸਪੀ ਨਹੀਂ ਰੱਖਦੀ। ਨਕਸ਼ ਲਾਇਲਪੁਰੀ ਦੇ ਲਫ਼ਜ਼ਾਂ ਵਿਚ –

ਸੀਂਚਾ ਥਾ ਜਿਸ ਕੋ ਖ਼ੂਨ-ਏ-ਤਮੰਨਾ ਸੇ ਰਾਤ ਦਿਨ,
ਗੁਲਸ਼ਨ ਮੇਂ ਉਸ ਬਹਾਰ ਕੇ ਹੱਕਦਾਰ ਹਮ ਨਹੀਂ"।

ਇਹ ਤਾਂ ਕੇਂਦਰੀ ਸਰਕਾਰਾਂ ਦਾ ਇਕ ਪੱਖ ਰਿਹਾ ਹੈ ਪੰਜਾਬ ਪ੍ਰਤੀ ਪਰ ਜਦੋਂ ਦਾ ਪੰਜਾਬੀ ਸੂਬਾ ਬਣਿਆ ਹੈ ਅਕਾਲੀਆਂ ਤੇ ਕਾਂਗਰਸੀਆਂ ਦੀਆਂ ਸਰਕਾਰਾਂ ਬਣਦੀਆਂ ਰਹੀਆਂ, ਇਹ ਸਰਕਾਰਾਂ ਖਾਨਾ ਪੂਰਤੀ ਲਈ ਵਿਧਾਨ ਸਭਾ ਵਿਚ ਬਿੱਲ ਪਾਸ ਵੀ ਕਰਦੀਆਂ ਰਹੀਆਂ ਕਿ ਪੰਜਾਬ ਨੂੰ ਪਾਣੀਆਂ ਦੀ ਰਾਇਲਟੀ ਮਿਲਣੀ ਚਾਹੀਦੀ ਹੈ। ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਪੰਜਾਬ ਦੇ ਕਿਸੇ ਵੀ ਲੀਡਰ ਨੇ ਪੰਜਾਬ ਦੇ ਐਸੇ ਮੁੱਦੇ ਨੂੰ ਮਨੋਂ ਚੁੱਕਿਆ ਹੀ ਨਹੀਂ ਹੈ। ਆਮ ਪਾਰਟੀ ਦੀ ਸਰਕਾਰ ਦਾ ਵੀ ਇਸ ਪਾਸੇ ਕੋਈ ਧਿਆਨ ਨਹੀਂ ਹੈ। "ਹੈਂ! ਬੇੜਾ ਬਹਿਜੇ ਪੰਜਾਬ ਦੇ ਲੀਡਰਾਂ ਦਾ"। ਇਨ੍ਹਾਂ ਦੀ ਨਲਾਇਕੀ ਹੀ ਕਹੀ ਜਾ ਸਕਦੀ ਹੈ ਕਿ ਹੁਣ ਸੁਪਰੀਮ ਕੋਰਟ ਨੇ ਨਵੇਂ ਸਿਰੇ ਤੋਂ ਹਰਿਆਣੇ ਨੂੰ ਪਾਣੀ ਦੇਣ ਲਈ ਦਾਬਾ ਮਾਰਿਆ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਰੋਟੀਆਂ ਸੇਕਣ ਲਈ ਕਹੀ ਜਾਂਦੇ ਹਨ ਕਿ ਅਸੀਂ ਇਕ ਬੂੰਦ ਵੀ ਪਾਣੀ ਦੀ ਨਹੀਂ ਦਿਆਂਗੇ ਪਰ ਤੱਥਾਂ ਦੇ ਅਧਾਰਤ ਕੇਸ ਪੇਸ਼ ਕਰਨ ਲਈ ਤਿਆਰ ਹੀ ਨਹੀਂ ਹਨ। ਉਹ ਧਾਰਾਵਾਂ 78, 79 ਤੇ 80 ਕਿਉਂ ਨਹੀਂ ਰੱਦ ਕਰਾਉਂਦੇ ਜਿਹੜੀਆਂ ਪੰਜਾਬ ਐਕਟ ਵਿਚ ਧੱਕੇ ਨਾਲ ਜੋੜੀਆਂ ਹਨ।

**ਮੁਲਕ ਲਈ ਸਿੱਖ ਕੌਮ ਦਾ ਵੱਡਾ ਯੋਗਦਾਨ ਰਿਹਾ ਹੈ ਪਰ ਮੁੱਲ ਕੋਈ ਨਹੀਂ ਪਾਇਆ ਗਿਆ**

ਸਦੀਆਂ ਦੀ ਗ਼ੁਲਾਮੀ ਕੱਟ ਰਹੇ ਭਾਰਤੀਆਂ ਲਈ ਗੁਰੂ ਸਾਹਿਬ ਜੀ ਨੇ ਜਿੱਥੇ ਆਪ ਸ਼ਹੀਦੀਆਂ ਦਿੱਤੀਆਂ ਉੱਥੇ ਸਿੱਖ ਕੌਮ ਦੇ ਮਹਾਨ ਯੋਧਿਆਂ ਨੇ ਹਰ ਮੁਹਿੰਮ ਵਿਚ ਵੱਧ ਚੜ੍ਹਕੇ ਹਿੱਸਾ ਪਾਇਆ। ਸਾਰਾ ਇਤਿਹਾਸ ਸਾਡੇ ਸਾਹਮਣੇ ਪਿਆ ਹੋਇਆ ਹੈ। ਇਸ ਨੂੰ ਵਾਰ ਵਾਰ ਦੁਹਰਾਉਣ ਦੀ ਲੋੜ ਨਹੀਂ ਕਿ ਮੁਲਕ ਦੀ ਅਜ਼ਾਦੀ ਵਿਚ ਸਭ ਤੋਂ ਵੱਧ ਯੋਗਦਾਨ ਸਿੱਖਾਂ ਨੇ ਪਾਇਆ। ਇਹ ਇਤਿਹਾਸ ਦੇ ਗਰਭ ਵਿਚ ਪਿਆ ਹੋਇਆ ਹੈ ਤੇ ਸਦਾ ਪਿਆ ਰਹੇਗਾ। ਪਰ ਮੁਲਕ ਦੀਆਂ ਸਰਕਾਰਾਂ ਅਜਿਹੇ ਬ੍ਰਿਤਾਂਤ ਸਿਰਜਦੀਆਂ ਹਨ ਕਿ ਝੂਠੇ ਬਿਰਤਾਂਤ ਨੂੰ ਸੱਚ ਬਣਾ ਦਿੰਦੀਆਂ ਹਨ। 1962 ਚੀਨ ਦੀ ਜੰਗ, 1965 ਤੇ 1971 ਪਾਕਿਸਤਾਨ ਨਾਲ ਹੋਈ ਜੰਗ ਦੀ ਕਹਾਣੀ ਕੋਈ ਪੁਰਾਣੀ ਨਹੀਂ ਇਹ ਤਾਂ ਸਾਡੀ ਹਯਾਤੀ ਵਿਚ ਹੀ ਹੋਈਆਂ ਹਨ। 1962 ਵਿੱਚ ਚੀਨ ਦੀ ਜੰਗ ਸਮੇਂ ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੂੰ ਕਿਹਾ ਕਿ ਭਾਰਤ ਦੇ ਰੱਖਿਆ ਮਹਿਕਮੇ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸੋਨਾ ਚਾਹੀਦਾ ਹੈ। ਨਹਿਰੂ ਦੇ ਜਨਮ ਦਿਨ ਨੂੰ ਮੁੱਖ ਰੱਖਦਿਆਂ 252 ਕਿਲੋ ਸੋਨਾ ਤੇ ਮਹਾਰਾਜਾ ਰਣਜੀਤ ਸਿੰਘ ਰਾਜ ਦੇ 12000 ਸੋਨੇ ਦੇ ਸਿੱਕੇ ਦੇ ਕੇ ਭਾਰਤ ਲਈ ਵੱਡਾ ਯੋਗਦਾਨ ਪਾਇਆ। ਹਾਲਾਂਕਿ 15 ਸਾਲ ਪਹਿਲਾਂ ਹੀ ਸਿੱਖ ਉਜਾੜੇ ਦਾ ਸੱਲ ਸਹਿ ਰਹੇ ਸਨ। ਹੈਰਾਨਗੀ ਦੇਖੋ ਸਾਰੇ ਭਾਰਤ ਵਿਚੋਂ 5.327 ਕਿੱਲੋ ਸੋਨਾ ਇਕੱਠਾ ਹੋਇਆ। 1955 ਵਿਚ ਨਹਿਰੂ ਤੇ 1984 ਵਿਚ ਇੰਦਰਾ ਗਾਂਧੀ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਕੇ ਸਿੱਖਾਂ ਪ੍ਰਤੀ ਜ਼ਹਿਰ ਦਾ ਪ੍ਰਗਟਾਵਾ ਕੀਤਾ। ਆਹ ਤਾਂ ਪੰਜਾਬ ਨਾਲ ਵਰਤਾਰਾ ਹੁੰਦਾ ਆਇਆ ਹੈ।

ਹਰੀ ਕ੍ਰਾਂਤੀ ਹੋਵੇ ਜਾਂ ਚਿੱਟੀ ਕ੍ਰਾਂਤੀ ਹੋਵੇ, ਛੋਟੇ ਜਿਹੇ ਪੰਜਾਬੀ ਸੂਬੇ ਨੇ

ਰਿਕਾਰਡ ਅਨਾਜ ਪੈਦਾ ਕੀਤਾ। ਭਾਰਤ ਨੂੰ ਭੁੱਖਮਰੀ ਦੀ ਮਾਰ ਵਿਚੋਂ ਬਾਹਰ ਕੱਢਿਆ।

**ਵਿਤਕਰਿਆਂ ਦੀ ਲੜੀ ਬਹੁਤ ਲੰਬੀ ਹੈ—** ਪਾਣੀ ਖੋਹ ਲਿਆ ਉਸ ਦੀ ਭਰਪਾਈ ਲਈ ਕਿਸਾਨਾਂ ਨੂੰ ਬਿਜਲੀ ਮੁਫਤ ਕਰ ਦਿੱਤੀ, ਨਤੀਜਾ ਪੰਜਾਬ ਦਾ ਅੰਮ੍ਰਿਤ ਵਰਗਾ ਪਾਣੀ ਬਹੁਤ ਨੀਵਾਂ ਚਲਾ ਗਿਆ। ਏਦਾਂ ਵੀ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੇ ਲੀਡਰਾਂ ਦੀ ਲਾਪ੍ਰਵਾਹੀ ਕਰਕੇ ਪਾਣੀ ਵਰਗਾ ਕੀਮਤੀ ਖ਼ਜ਼ਾਨਾ ਬਰਬਾਦ ਹੋ ਗਿਆ ਹੈ। ਇਸ ਦੌਰ ਦੇ ਲੀਡਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਕੀ ਜਵਾਬ ਦੇਣਗੇ?

ਪੰਜਾਬ ਵਿਚੋਂ ਵਿਤਕਰੇ ਦੂਰ ਕਰਾਉਣ ਲਈ 1982 ਵਿਚ ਦਿੱਲੀ ਏਸ਼ੀਆ ਖੇਡਾਂ ਸਮੇਂ ਸ਼੍ਰੋਮਣੀ ਅਕਾਲੀ ਦਲ ਨੇ ਰੋਸ ਪ੍ਰਦਸ਼ਨ ਕਰਨਾ ਸੀ ਤਾਂ ਓਦੋਂ ਹਰਿਆਣੇ ਦੇ ਤਤਕਾਲੀ ਮੁੱਖ ਮੰਤਰੀ ਭਜਨ ਲਾਲ ਵਲੋਂ ਸਾਰੇ ਸਿੱਖਾਂ ਨੂੰ ਪੁੱਜ ਕੇ ਜਲੀਲ ਕੀਤਾ ਗਿਆ।

ਅਕਾਲੀ ਦਲ ਵਾਲੇ ਜਦੋਂ ਸੱਤਾ ਤੋਂ ਬਾਹਰ ਹੁੰਦੇ ਤਾਂ ਪੰਜਾਬ ਦੇ ਮੁੱਦਿਆਂ ਦੀ ਅਕਸਰ ਗੱਲ ਕਰਦੇ ਹਨ ਪਰ ਜਦੋਂ ਸੱਤਾ ਦਾ ਅਨੰਦ ਮਾਣਦੇ ਹਨ ਤਾਂ ਓਦੋਂ ਸਾਰਾ ਕੁਝ ਭੁੱਲ ਜਾਂਦੇ ਹਨ। ਜਦੋਂ ਦਾ ਪੰਜਾਬੀ ਸੂਬਾ ਬਣਿਆ ਓਦੋਂ ਤੋਂ ਹੀ ਪੰਜਾਬ ਵਿਚ ਦਲ ਬਦਲੀਆਂ ਦੀ ਭਰਮਾਰ ਰਹੀ। ਸ਼੍ਰੋਮਣੀ ਅਕਾਲੀ ਦਲ ਨੇ ਅਖੀਰਲੀ ਹਿੰਮਤ ਅਨੰਦਪੁਰ ਸਾਹਿਬ ਦਾ ਮਤਾ ਲਿਆਉਣ ਦੀ ਕੀਤੀ ਹੈ ਪਰ ਇਹ ਸਾਰਾ ਕੁਝ ਕਾਗ਼ਜ਼ਾਂ ਵਿਚ ਹੀ ਰਹਿ ਗਿਆ। ਹੁਣ ਤਕ ਬਹੁਤੇ ਅਕਾਲੀ ਲੀਡਰਾਂ ਨੂੰ ਅਨੰਦਪੁਰ ਦੇ ਮਤਿਆਂ ਬਾਰੇ ਜਾਣਕਾਰੀ ਵੀ ਨਹੀਂ ਹੋਣੀ। ਅਨੰਦਪੁਰ ਦਾ ਮਤਾ ਕੀ ਸੀ—**"ਪੰਥਕ ਸਿਆਸੀ ਨਿਸ਼ਾਨਾ ਨਿਸਚੇ ਤੌਰ 'ਤੇ ਦਸਮ ਪਾਤਿਸ਼ਾਹ ਦੇ ਹੁਕਮਾਂ, ਸਿੱਖ ਤਵਾਰੀਖ਼ ਦੇ ਸਫ਼ਿਆਂ ਅਤੇ ਖਾਲਸਾ ਪੰਥ ਦੇ ਮਨ ਮੰਦਰ ਵਿੱਚ ਉਕਰਿਆ ਚਲਿਆ ਆ ਰਿਹਾ ਹੈ। ਜਿਸ ਦਾ ਮਕਸਦ ਹੈ, ਖਾਲਸਾ ਜੀ ਕੇ ਬੋਲ ਬਾਲੇ। ਖਾਲਸ਼ਾਹੀ ਦੇ ਇਸ ਜਨਮ ਸਿੱਧ ਹੱਕ ਨੂੰ ਵਜੂਦ ਵਿਚ ਲਿਆਉਣ ਵਾਸਤੇ ਲੋੜੀਂਦੇ ਦੇਸ਼, ਕਾਲ ਅਤੇ ਸਿਆਸੀ ਲਾਈਨ ਨੂੰ ਬਣਾਉਣਾ ਤੇ ਕਾਇਮ ਕਰਨਾ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ"।**

ਅਜ਼ਾਦ ਭਾਰਤ ਵਿਚ ਸਭ ਤੋਂ ਵੱਡੀ ਸਮੱਸਿਆ ਸਿੱਖੀ ਦੇ ਖਾਲਸਈ ਵਜੂਦ ਦੀ ਹੈ। ਭਾਰਤ ਵਿਚ ਬ੍ਰਿਤਾਂਤ ਹਰ ਵਾਰ ਇਸ ਤਰ੍ਹਾਂ ਦਾ ਸਿਰਜਿਆ ਜਾਂਦਾ ਹੈ ਜਿਸ ਤਰ੍ਹਾਂ ਕੇਵਲ ਸਿੱਖ ਹੀ ਦੇਸ਼ ਦੇ ਦੁਸ਼ਮਣ ਹੋਣ। ਸਰਦਾਰ ਗੁਰਤੇਜ ਸਿੰਘ ਆਈ ਏ ਐਸ ਦੀਆਂ ਇਹ ਸਤਰਾਂ ਬਹੁਤ ਵੱਡਾ ਸੰਕਲਪ ਆਪਣੇ ਆਪ ਵਿਚ ਸਮੋਈ ਬੈਠੀਆਂ ਹਨ। ਉਹ ਲਿਖਦੇ ਹਨ **ਕਿ "ਸਿੱਖਾਂ ਨੂੰ ਹਤਾਸ਼, ਨਿਰਾਸ਼, ਸੱਤਾਹੀਣ ਅਤੇ ਬਦਨਾਮ ਕਰਨ ਦੀ ਹਿੰਦੂਤਵੀ ਨੀਤੀ ਸਦੀਆਂ ਪੁਰਾਣੀ ਤੁਰੀ ਆਉਂਦੀ ਹੈ ਪਰ ਸੱਤਾ ਦਾ ਬਟੇਰਾ ਪਹਿਲੀ ਵਾਰ ਪੈਰ ਹੇਠ ਆਇਆ ਹੈ। 1947 ਤੋਂ ਬਾਅਦ ਹਿੰਦੂਤਵੀ ਮਾਨਸਿਕਤਾ ਨੇ ਸਟੇਟ ਦੀ ਤਾਕਤ ਨਾਲ ਆਪਣਾ ਟੀਚਾ ਪੂਰਾ ਕਰਨ ਦੀ ਠਾਣ ਲਈ ਹੈ। ਪੰਜਾਬੀ ਬੋਲੀ ਨੂੰ ਤਿਲਾਂਜਲੀ, ਪੰਜਾਬੀ ਸੂਬੇ ਨੂੰ ਛੋਟਾ ਅਤੇ ਆਰਥਿਕ ਪੱਖੋਂ ਨਿਤਾਣਾ ਕਰਨ ਅਤੇ ਅਜੇਹੇ ਮਨਸੂਬੇ ਸਿੱਖਾਂ ਦੇ ਸੰਘ ਵਿੱਚ ਪਉਣੇ ਕਿ ਕੁੱਲ ਦੁਨੀਆਂ ਸਾਹਮਣੇ ਬਦਨਾਮ ਹੋ ਕੇ ਕੁਸਕਣ ਜੋਗੇ ਨਾ ਰਹਿਣ, ਇਹ ਹਿੰਦੂਤਵ ਦੇ ਤੌਰ ਤਰੀਕੇ ਹਨ"। ਸਿੱਖ ਕੌਮ ਨੂੰ ਖਬਰਦਾਰ ਕਰਦਿਆਂ ਸਰਦਾਰ ਸਾਹਿਬ ਅੱਗੇ ਲਿਖਦੇ ਹਨ ਕਿ "ਸੂਬੇ ਦੀ ਸੁਰੱਖਿਆ ਹੇਠ ਹਿੰਦੂਤਵੀ ਇਕ ਹੱਥ ਤ੍ਰਿਸੂਲ ਤੇ ਦੂਜੇ ਹੱਥ ਬਚਿੱਤ੍ਰ ਨਾਟਕ ਗ੍ਰੰਥ ਲੈ ਕੇ ਮੈਦਾਨ ਵਿਚ ਉਤਰਿਆ ਹੋਇਆ ਹੈ"**।

ਪੰਜਾਬ ਦੇ ਪੁੱਤਰਾਂ ਦੀਆਂ ਲਾਸ਼ਾਂ ਨੂੰ ਅਣਪਛਾਤੀਆਂ ਬਣਾ ਧਰਿਆ ਤੇ ਅਜੇਹੇ ਵਰਤਾਰੇ ਲੱਭਣ ਵਾਲੇ ਸਰਦਾਰ ਜਸਵੰਤ ਸਿੰਘ ਖਾਲੜਾ ਨੂੰ ਵੀ ਅਣਪਛਾਤੀ ਲਾਸ਼ ਬਣਾ ਦਿੱਤਾ। ਜਿਹੜੇ ਪੁਲੀਸ ਅਧਿਕਾਰੀ ਕਸੂਰਵਾਰ ਸਨ ਸ਼੍ਰੋਮਣੀ ਅਕਾਲੀ ਦਲ ਬਾਦਲ ਉਨ੍ਹਾਂ ਨੂੰ ਟਿਕਟਾਂ ਤੇ ਅਹੁਦੇ ਦੇ ਕੇ ਨਿਵਾਜਦਾ ਰਿਹਾ ਹੈ। ਬਾਦਲ ਸਰਕਾਰ ਵਲੋਂ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਭੁੱਕਿਆ ਜਾਂਦਾ ਰਿਹਾ ਹੈ। ਆਪਣੀ ਕੌਮ ਪ੍ਰਤੀ ਵਫ਼ਾਦਾਰ ਨਾ ਰਹਿਣ ਕਰਕੇ ਸਮੁੱਚੇ ਅਕਾਲੀ ਦਲ ਨੂੰ ਰਾਜਨੀਤੀ ਦੇ ਹਾਸ਼ੀਏ ਤੇ ਆਉਣ ਲਈ ਮਜ਼ਬੂਰ ਹੋਣਾ ਪਿਆ। ਕਾਸ਼! ਜੇ ਅਜੇ ਵੀ ਆਪਣੀ ਜ਼ਿੰਮੇਵਾਰੀ ਸਮਝ ਲੈਣ ਤਾਂ ਸੂਬੇ ਤੇ ਕੌਮ ਦੀਆਂ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਬਾਦਲ ਲਈ ਡੁੱਬ ਕੇ ਮਰਨ ਵਾਲੀ ਗੱਲ ਹੈ ਕਿ ਇਨ੍ਹਾਂ ਦੀ ਸਰਕਾਰ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਈ, ਸੌਧਾ ਸਾਧ ਦਾ ਕੇਸ ਅਦਾਲਤ ਵਿਚੋਂ ਵਾਪਸ ਲਿਆ।

ਪੰਜਾਬ ਨੂੰ ਮਜ਼ਬੂਤ ਖੇਤਰੀ ਪਾਰਟੀ ਦੀ ਜ਼ਰੂਰਤ ਹੈ ਜਿਹੜੀ ਸਿੱਖੀ ਸਰੋਕਾਰਾਂ ਤੇ ਪੰਜਾਬ ਦੀਆਂ ਸਮੱਸਿਆਵਾਂ ਨੂੰ ਸਮਝਦੀ ਹੋਵੇ। ਪੰਜਾਬ ਦੇ ਲੀਡਰਾਂ ਨੂੰ ਸਭ ਤੋਂ ਪਹਿਲਾਂ ਨਿੱਜੀ ਲਾਭ ਅਤੇ ਪਰਵਾਰਵਾਦ ਨੂੰ ਛੱਡਣਾ ਪਏਗਾ। ਦੂਸਰਾ ਕਿਰਸਾਨ ਯੂਨੀਅਨਾਂ ਦੇ ਕੁਝ ਲੀਡਰਾਂ ਨੂੰ ਪੰਜਾਬ ਦੇ ਮੁੱਦਿਆਂ ਦੀ ਸੂਝ ਤਾਂ ਹੈ ਪਰ ਉਹ ਖੁਲ੍ਹ ਕੇ ਨਾਨਕਈ ਫਲਸਫੇ ਨੂੰ ਨਾਲ ਲੈ ਕੇ ਚੱਲਣ ਲਈ ਤਿਆਰ ਨਹੀਂ ਹਨ। ਕਿਰਸਾਨੀ ਮੋਰਚੇ ਦੀ ਜਿੱਤ ਦਾ ਵਰਤਾਰਾ ਨਾਨਕਈ ਫਲਸਫਾ ਹੀ ਸੀ।

ਪੰਜਾਬ ਦੇ ਰਾਜ ਸਭਾ ਤੇ ਲੋਕ ਸਭਾ ਮੈਂਬਰਾਂ ਨੇ ਕਦੇ ਵੀ ਆਪਣੀ ਪਾਰਟੀ ਤੋਂ ਉੱਪਰ ਉੱਠ ਕੇ ਪੰਜਾਬ ਦੇ ਮੁੱਦਿਆਂ ਦੀ ਗੱਲ ਨਹੀਂ ਕਰਦੇ। ਇਨ੍ਹਾਂ ਮੈਂਬਰਾਂ ਨੂੰ ਪੰਜਾਬ ਦੇ ਲੋਕਾਂ ਨੇ ਚੁਣ ਕੇ ਭੇਜਿਆ ਹੈ ਪਰ ਇਹ ਮੂੰਹ ਵਿਚ ਘੁੰਗਣੀਆਂ ਪਾ ਕੇ ਬੈਠੇ ਰਹਿੰਦੇ ਹਨ। ਕੀ ਕੋਈ ਦਸ ਸਕਦਾ ਹੈ ਕਿ ਇਨ੍ਹਾਂ ਲੀਡਰਾਂ ਦੀ ਲੋਕ ਸਭਾ ਜਾਂ ਰਾਜ ਸਭਾ ਵਿਚ ਕੀ ਕਾਰਗੁਜ਼ਾਰੀ ਹੈ ਜਾਂ ਕਿਹੜੀ ਕੋਈ ਮੰਗ ਮਨਾ ਕੇ ਆਏ ਹਨ।

ਵਰਤਮਾਨ ਸਮੇਂ ਕਨੇਡਾ ਤੇ ਭਾਰਤ ਦੀ ਜਿਹੜੀ ਸਥਿੱਤੀ ਬਣੀ ਹੋਈ ਹੈ ਉਸ ਦਾ ਸਭ ਤੋਂ ਵੱਧ ਅਸਰ ਪੰਜਾਬ ਤੇ ਉਹ ਵੀ ਸਿੱਖਾਂ 'ਤੇ ਪੈ ਰਿਹਾ ਹੈ। ਆਮ ਪਾਰਟੀ ਕੋਲ ਇਕ ਵਧੀਆ ਮੌਕਾ ਹੈ ਕਿ ਉਹ ਪੰਜਾਬ ਦੇ ਮੁੱਦਿਆਂ ਦੀ ਅਵਾਜ਼ ਉਠਾਵੇ। ਸਭ ਤੋਂ ਪਹਿਲਾਂ ਆਮ ਪਾਰਟੀ ਦੀ ਸਰਕਾਰ ਸਰਬ ਪਾਰਟੀ ਮੀਟਿੰਗ ਬੁਲਾਵੇ ਤੇ ਅਜੇਹੀ ਗੁੰਝਲ਼ਦਾਰ ਸਥਿੱਤੀ ਦਾ ਹੱਲ ਲੱਭਣ ਦਾ ਯਤਨ ਕਰੇ ਨਹੀਂ ਤਾਂ ਕਾਠ ਦੀ ਹਾਂਡੀ ਬਾਰ ਬਾਰ ਨਹੀਂ ਚੜ੍ਹਦੀ।

ਪੰਜਾਬ ਦੀ ਹੀ ਨਹੀਂ ਸਗੋਂ ਸਾਰੇ ਮੁਲਕ ਦੀ ਆਰਥਿਕਤਾ ਵਿਚ ਪਰਵਾਸੀ ਪੰਜਾਬੀਆਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਆਮ ਪਾਰਟੀ ਦੀ ਸਰਕਾਰ ਬਣਾਉਣ ਵਿਚ ਪ੍ਰਵਾਸੀ ਪੰਜਾਬੀਆਂ ਨੇ ਵੱਧ ਚੜ੍ਹਕੇ ਭਾਗ ਲਿਆ। ਪਰ ਅਜੇ ਤੱਕ ਆਮ ਪਾਰਟੀ ਦੀ ਸਰਕਾਰ ਨੇ ਸਿੱਖਾਂ ਦੇ ਮਸਲੇ ਹੱਲ ਕਰਾਉਣ ਦਾ ਕੋਈ ਯਤਨ ਨਹੀਂ ਕੀਤਾ।ਭਵਿੱਖਤ ਵਿਚ ਆਮ ਪਾਰਟੀ ਨੂੰ ਪੰਜਾਬੀਆਂ ਦੇ ਇਸ ਗੁੱਸੇ ਦਾ ਸਾਹਮਣਾ ਕਰਨਾ ਪਏਗਾ। ਪੰਜਾਬ ਦੇ ਲੀਡਰਾਂ ਵਿਚ ਮਿਹਣੇ ਮਾਰਨ ਤੋਂ ਬਿਨਾ ਬਾਕੀ ਕੁਝ ਕਰਨ ਲਈ ਦਿਸਦਾ ਨਹੀਂ ਹੈ। ਕਿਸੇ ਵੀ ਪਾਰਟੀ ਨੇ ਪੰਜਾਬ ਦੀ ਤਰੱਕੀ ਲਈ ਕੋਈ ਖ਼ਾਕਾ ਤਿਆਰ ਨਹੀਂ ਕੀਤਾ।

ਪੰਜਾਬ ਸਰਕਾਰ ਲਈ ਸਭ ਤੋਂ ਅਹਿਮ ਨੁਕਤਾ ਹੈ ਕਿ ਭਗਵੰਤ ਸਿੰਘ ਮਾਨ ਦੀ ਸਰਕਾਰ, ਕੇਂਦਰ ਸਰਕਾਰ ਕੋਲੋ ਜ਼ੋਰਦਾਰ ਤਰੀਕੇ ਨਾਲ ਪਾਕਿਸਤਾਨ ਨਾਲ ਵਪਾਰ ਕਰਨ ਦੀ ਆਗਿਆ ਲੈ ਕੇ ਦੇਵੇ।

ਦੂਸਰਾ ਸਵਾਲ ਹੈ ਕਿ ਕੇਵਲ ਲੋੜਵੰਦਾਂ ਨੂੰ ਛੱਡ ਕੇ ਬਾਕੀ ਅਣਖ਼ੀ ਤੇ ਮਿਹਨਤੀ ਪੰਜਾਬੀਆਂ ਨੂੰ ਖ਼ੈਰਾਤ ਦੀਆਂ ਵਸਤੂਆਂ ਨਾ ਦਿਓ, ਵੱਸਦੇ ਰਸਦੇ ਪੰਜਾਬੀਆਂ ਨੂੰ ਆਟਾ ਦਾਲ ਵਰਗੀਆਂ ਨਿਮੂਣੀਆਂ ਜੇਹੀਆਂ ਸਹੂਲਤਾਂ ਦੇ ਕੇ ਆਲਸੀ ਨਾ ਬਣਾਓ। ਅਜੇਹੀਆਂ ਮੁਫਤਖੋਰੀਆਂ ਪੰਜਾਬ ਨੂੰ ਕਰਜ਼ਾਈ ਹੀ ਬਣਾਈ ਜਾਣਗੀਆਂ।

ਰੋਜ਼ਗਾਰ ਦੇ ਸਾਧਨ ਪੈਦਾ ਕਰਨ ਲਈ ਖੇਤੀ ਅਧਾਰਤ ਇੰਡਸਟਰੀ ਲਗਾਓ।

ਪਾਣੀਆਂ ਦੇ ਮੁੱਦੇ ਤੇ ਸਾਰੀਆਂ ਪਾਰਟੀਆਂ ਨੂੰ ਸਹਿਯੋਗ ਕਰਨਾ ਚਾਹੀਦਾ ਹੈ।

ਪੰਜਾਬੀ ਕਵੀ ਕਾਸਦ ਦਾ ਵਿਰਲਾਪ:-

ਪੂਰਨ ਸਿੰਘਾ, ਪੰਜਾਬ ਹੁਣ ਗੁਰਾਂ ਦੇ ਨਾਂ 'ਤੇ ਨਹੀਂ
ਟੋਪੀਆਂ ਦੇ ਨਾਂ 'ਤੇ ਜਿਉਂਦਾ।

-0-

# ਪਾਠਕਾਂ ਦੇ ਸਵਾਲਾਂ ਦੇ ਜਵਾਬ

–ਗੁਰਮਤਿ ਵਿਰਸਾ
ਬਿਊਰੋ

**ਸਵਾਲ—ਕੀ ਸੱਚੀਂ ਮੁਚੀਂ ਰੋਟੀਆਂ ਵਿਚੋਂ ਲਹੂ ਤੇ ਦੁੱਧ ਕੱਢਿਆ ਸੀ?**

**ਉੱਤਰ**---ਰੋਟੀਆਂ ਵਿਚੋਂ ਲਹੂ ਤੇ ਦੁੱਧ ਕੱਢਣਾ ਚਿੱਤ੍ਰਕਾਰ ਦੀ ਕਲਾ ਹੈ। ਏਦਾਂ ਕਦੇ ਵੀ ਨਹੀਂ ਹੁੰਦਾ ਕਿ ਹੱਥ ਵਿਚ ਰੋਟੀਆਂ ਘੁੱਟਣ ਨਾਲ ਲਹੂ ਤੇ ਦੁੱਧ ਨਿਕਲਣ ਲੱਗ ਪਏ। ਅਸਲ ਵਿਚ ਗੁਰੂ ਸਾਹਿਬ ਜੀ ਨੇ ਭਰੀ ਸਭਾ ਵਿਚ ਲੋਕਾਂ ਨੂੰ ਗੁਰ-ਗਿਆਨ ਰਾਂਹੀਂ ਇਹ ਸਮਝਾਇਆ ਸੀ ਕਿ ਕਿਸੇ ਦਾ ਹੱਕ ਮਾਰਨਾ ਲਹੂ ਪੀਣ ਦੇ ਬਰਾਬਰ ਹੈ ਜਦ ਕਿ ਆਪਣੀ ਕਿਰਤ 'ਤੇ ਵਿਸ਼ਵਾਸ ਰੱਖਣਾ ਦੁੱਧ ਦੇ ਬਰਾਬਰ ਹੈ। ਮਲਕ ਭਾਗੋ ਵਲੋਂ ਲੋਕਾਂ ਨਾਲ ਕੀਤੇ ਜਾਂਦੇ ਧੱਕੇ ਖ਼ੂਨ ਪੀਣ ਦੇ ਬਰਾਬਰ ਹਨ ਜਦ ਕਿ ਭਾਈ ਲਾਲੋ ਦੀ ਹੱਥੀਂ ਕਿਰਤ ਕਰਨਾ ਦੁੱਧ ਦੇ ਬਰਾਬਰ ਹੈ।

**ਸਵਾਲ---ਕੀ ਰੀਠੇ ਮਿੱਠੇ ਹੋ ਸਕਦੇ ਹਨ?**

**ਉੱਤਰ**— ਗੁਰੂ ਸਾਹਿਬ ਜੀ ਨੇ ਸਿੱਧਾਂ ਨਾਲ ਵਿਚਾਰ ਵਟਾਂਦਰਾ ਕਰਕੇ ਰੀਠਿਆਂ ਵਾਂਗ ਕੌੜੇ ਹੋ ਚੁੱਕੇ ਸਿੱਧਾਂ ਦੇ ਮਨਾਂ ਨੂੰ ਮਿਠਾਸ ਵਿਚ ਬਦਲਿਆ। ਉਂਝ ਜਿਸ ਥਾਂ 'ਤੇ ਗੁਰੂ ਸਾਹਿਬ ਜੀ ਨੇ ਬੈਠ ਕੇ ਸਿੱਧਾਂ ਨਾਲ ਵਿਚਾਰ ਗੋਸ਼ਟੀ ਕੀਤੀ ਸੀ ਉਸ ਇਲਾਕੇ ਦੇ ਖੇਤਰ ਵਿਚ ਆਮ ਰੀਠਿਆਂ ਦੀ ਬਾਹਰਲੀ ਛਿੱਲ ਵਿਚ ਕੁੜਤਣ ਘੱਟ ਹੈ। ਨਾ-ਮਾਤਰ ਜੇਹੀ ਮਿਠਾਸ ਹੈ। ਹੁਣ ਤਾਂ ਗੁਰੁਦੁਆਰਾ ਪ੍ਰਬੰਧਕ ਕਮੇਟੀ ਨੇ ਪਹਾੜੀ ਤੇ ਆਪ ਰੀਠਿਆਂ ਦਾ ਬਾਗ ਲਵਾਇਆ ਹੋਇਆ ਹੈ ਜਿੰਨ੍ਹਾਂ ਦੀ ਉੱਪਰਲੀ ਛਿੱਲ ਥੋੜੀ ਜੇਹੀ ਮਿਠਾਸ ਮਾਰਦੀ ਹੈ। ਉਸ ਦਾ ਪ੍ਰਸਾਦ ਵੰਡਿਆ ਜਾਂਦਾ ਹੈ। ਅਸਲ ਮੁੱਦਾ ਤਾਂ ਗੁਰੂ ਸਾਹਿਬ ਜੀ ਨੇ ਉਹਨਾਂ ਸਿੱਧਾਂ ਨੂੰ ਸਮਝਾਉਣ ਦਾ ਹੈ ਜਿਹੜੇ ਸੰਸਾਰ ਦੀ ਕਾਰ ਵਿਹਾਰ ਛੱਡ ਕੇ ਕੇਵਲ ਪਹਾੜਾਂ 'ਤੇ ਬੈਠ ਕੇ ਸ਼ਾਂਤੀ ਲੱਭ ਰਹੇ ਸਨ। ਇਹ ਸਿੱਧ ਆਮ ਕਰਕੇ ਗ੍ਰਹਿਸਤੀਆਂ ਨੂੰ ਕੋਈ ਬਹੁਤਾ ਵਧੀਆ ਨਹੀਂ ਗਿਣਦੇ ਸਨ। ਭਾਵ ਸੰਸਾਰ ਵਲੋਂ ਪੂਰੀ ਤਰ੍ਹਾਂ ਨਾਲ ਕੁੜੱਤਣ ਵਿਚ ਭਰੇ ਹੋਏ ਸਨ। ਜਿਹੜਾ ਇਹ ਸਮਝਿਆ ਜਾਂਦਾ ਹੈ ਕਿ ਜਿਸ ਰੀਠੇ ਦੇ ਬੂਟੇ ਥੱਲੇ ਗੁਰੂ ਸਾਹਿਬ ਜੀ ਬੈਠੇ ਸਨ ਉਹ ਬੂਟਾ ਮਿੱਠਾ ਹੈ। ਇਹ ਨਿਰਾ ਭਰਮ ਹੈ ਮੈਂ ਖੁਦ ਉਹ ਸਾਰੀ ਜਗ੍ਹਾ ਦੇਖੀ ਹੈ। ਏਥੇ ਰੀਠਿਆਂ ਦੇ ਆਮ ਬੂਟੇ ਮਿਲਦੇ ਹਨ ਜਿਨ੍ਹਾਂ ਦੀ ਉਪਰਲੀ ਛਿੱਲ ਮਾੜੀ ਜੇਹੀ ਮਿਠਾਸ ਮਾਰਦੀ ਹੈ। ਬਾਕੀ ਇਲਾਕੇ ਵਿਚੋਂ ਰੀਠੇ ਇਕੱਠੇ ਕਰਕੇ ਰੱਖ ਲਏ ਜਾਂਦੇ ਹਨ ਜਿਹੜੇ ਪ੍ਰਸਾਦਿ ਵਜੋਂ ਸਾਰਾ ਸਾਲ ਵੰਡੇ ਜਾਂਦੇ ਹਨ।

**ਸਵਾਲ---ਕੀ ਗੁਰੂ ਸਾਹਿਬ ਜੀ ਨੇ ਤੇਰਾਂ ਤੇਰਾਂ ਕਹਿ ਕੇ ਖਜ਼ਾਨਾ ਲੁਟਾ ਦਿੱਤਾ ਸੀ?**

**ਉੱਤਰ**—ਨਹੀਂ ਜੀ, ਏਦਾਂ ਕਦੇ ਖਜ਼ਾਨਾ ਲੁਟਾਇਆ ਨਹੀਂ ਜਾਂਦਾ, ਗੁਰੂ ਸਾਹਿਬ ਜੀ ਜਿਸ ਮਹਿਕਮੇ ਦੇ ਇੰਚਾਰਜ ਸਨ ਉਸ ਨੂੰ ਅੱਜ ਕਲ੍ਹ ਸਿਵਲ ਸਪਲਾਈ ਦਾ ਮਹਿਕਮਾ ਆਖਿਆ ਜਾਂਦਾ ਹੈ। ਗੁਰੂ ਸਾਹਿਬ ਜੀ ਨੇ ਇਸ ਮਹਿਕਮੇ ਵਿਚ ਨਵੀਂ ਜਾਨ ਪਾਉਂਦਿਆਂ ਇਸ ਦੀਆਂ ਚੋਰ ਮੋਰੀਆਂ ਬੰਦ ਕੀਤੀਆਂ। ਇਸ ਮਹਿਕਮੇ ਵਿਚੋਂ ਵੱਢੀ, ਹੇਰਾ-ਫੇਰੀ ਵਰਗੀਆਂ ਬਿਮਾਰੀਆਂ ਨੂੰ ਮੁੱਢੋਂ ਰੱਦ ਕਰਕੇ ਹੱਕ-ਇਨਸਾਫ਼ ਦੀ ਕਿਰਤ ਕਰਨ ਦਾ ਵਲ਼ ਸਮਝਾਇਆ ਦੂਜਾ ਆਪਣੀ ਕਿਰਤ ਕਮਾਈ ਵਿਚੋਂ ਲੋੜਵੰਦਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਸਨ। ਗੁਰੂ ਸਾਹਿਬ ਜੀ ਨੇ ਪੂਰੀ ਜ਼ਿੰਮੇਵਾਰੀ ਨਾਲ ਇਸ ਮਹਿਕਮੇ ਨੂੰ ਸੰਭਾਲ਼ਿਆ ਤੇ ਸਾਰੇ ਮਹਿਕਮੇ ਵਿਚ ਇਮਾਨਦਾਰੀ ਵਫਾਦਾਰੀ ਅਤੇ ਸਖਤ ਮਿਹਨਤ ਕਰਨ ਦਾ ਵਲ਼ ਪ੍ਰੇਰਤ ਕੀਤਾ ਸੀ। ਤੇਰਾ ਤੇਰਾ ਦੀ ਜਗ੍ਹਾ ਕਹਿ ਕੇ ਖਜ਼ਾਨਾ ਲਟਾਉਣ ਵਾਲੀ ਕਹਾਣੀ ਅਧਾਰਹੀਣ ਹੈ।

**ਸਵਾਲ—ਸਹੀ ਇਤਿਹਾਸ ਕਿਥੋਂ ਪ੍ਰਾਪਤ ਹੋਏਗਾ?**

**ਉੱਤਰ**—ਗੁਰੂ ਨਾਨਕ ਸਾਹਿਬ ਸਬੰਧੀ ਵੱਖ ਵੱਖ ਭਾਵਨਾ ਵਾਲੇ ਲੇਖਕਾਂ ਨੇ ਇਤਿਹਾਸ ਲਿਖਿਆ ਹੈ। ਬਾਲੇ ਵਾਲੀ ਜਨਮਸਾਖੀ ਵਿਚਲੇ ਪਾਠ-ਕਰਮ ਵਿਚ ਬਹੁਤ ਵਾਰੀ ਬਦਲਾਅ ਕੀਤਾ ਗਿਆ ਹੈ। ਬਹੁਤਾ ਇਤਿਹਾਸ ਤਰਕ ਸੰਗਤ ਨਹੀਂ ਹੈ ਇਸ ਲਈ ਇਤਿਹਾਸ ਵਿਚੋਂ ਹਮੇਸ਼ਾਂ ਨਾਮ ਅਤੇ ਸਥਾਨ ਰੱਖ ਲਏ ਜਾਂਦੇ ਹਨ ਬਾਕੀ ਘਟਨਾਵਾਂ ਨੂੰ ਗੁਰਬਾਣੀ ਦੇ ਸਿਧਾਂਤ ਅਨੁਸਾਰ ਆਪ ਸਮਝ ਕੇ ਪੇਸ਼ ਕਰਨਾ ਚਾਹੀਦਾ ਹੈ। ਭਾਈ ਕਰਮ ਸਿੰਘ ਹਿਸਟੋਰੀਅਨ ਨੇ ਵਿਗਿਆਨਕ ਲੀਹਾਂ 'ਤੇ ਇਤਿਹਾਸ ਨੂੰ ਲਿਖ ਕੇ ਨਵੀਂ ਪਿਰਤ ਪਉਣ ਦਾ ਬਹੁਤ ਵਧੀਆ ਸਾਰਥਿਕ ਯਤਨ ਕੀਤਾ ਸੀ। ਗੁਰੂ ਨਾਨਕ ਸਾਹਿਬ ਜੀ ਨਾਲ ਬਹੁਤ ਸਾਰੀਆਂ ਗੈਰ ਕੁਦਰਤੀ ਸਾਖੀਆਂ ਜੋੜੀਆਂ ਹੋਈਆਂ ਹਨ ਜਿਹੜੀਆਂ ਇਤਿਹਾਸ ਦਾ ਹਿੱਸਾ ਨਹੀਂ ਹੋ ਸਕਦੀਆਂ। ਵਰਤਮਾਨ ਸਮੇਂ ਵਿਚ ਸੋਹਣ ਸਿੰਘ ਸੀਤਲ, ਪ੍ਰੋ. ਸਾਹਿਬ ਸਿੰਘ ਜੀ ਤੇ ਡਾ. ਹਰਜਿੰਦਰ ਸਿੰਘ ਦਿਲਗੀਰ ਹੁਰਾਂ ਦਾ ਵਧੀਆ ਇਤਿਹਾਸ ਲਿਖਿਆ ਮਿਲਦਾ ਹੈ।

**ਸਵਾਲ-- ਕੀ ਗੁਰੂ ਸਾਹਿਬ ਜੀ ਨੇ ਮੱਕਾ ਘੁਮਾਇਆ ਸੀ?**

**ਉੱਤਰ**— ਸਥੂਲ ਚੀਜ਼ਾਂ ਕਦੇ ਘੁੰਮਦੀਆਂ ਨਹੀਂ ਹਨ। ਸਥੂਲ ਵਸਤੂਆਂ ਨੂੰ ਤਕਨੀਕ ਨਾਲ ਹੀ ਘੁਮਾਇਆ ਜਾਂਦਾ ਹੈ। ਮੱਕਾ ਸ਼ਹਿਰ ਦਾ ਨਾਂ ਹੈ ਜਿਸ ਵਿਚ ਵੱਡੀਆਂ ਵੱਡੀਆਂ ਇਮਾਰਤਾਂ, ਬਾਗ ਬਗੀਚੇ, ਖੇਡ ਮੈਦਾਨ ਅਤੇ ਲੋਕ ਵੱਸੇ ਹੋਏ ਹਨ। ਇਸ ਦਾ ਭਾਵ ਅਰਥ ਹੈ ਕਿ ਮੱਕਾ ਸ਼ਹਿਰ ਨਹੀਂ ਘੁੰਮਿਆਂ ਸਗੋਂ ਇਸ ਸ਼ਹਿਰ ਵਿਚ ਵੱਸਣ ਵਾਲੇ ਉਹ ਲੋਕ ਜਾਂ ਹੱਜ ਕਰਨ ਵਾਲੇ ਸ਼ਰਧਾਲੂ ਲੋਕ ਜਿੰਨ੍ਹਾਂ ਨਾਲ ਗੁਰੂ ਨਾਨਕ ਸਾਹਿਬ ਦੀ ਵਿਚਾਰ ਚਰਚਾ ਹੋਈ ਸੀ, ਜੋ ਆਪਣੇ ਗਿਆਨ ਵਿਚ ਵਾਧਾ ਕਰਨਾ ਚਾਹੁੰਦੇ ਸਨ ਉਹਨਾਂ ਨੂੰ ਸਮਝ ਆ ਗਈ ਰੱਬ ਜੀ ਸਰਬ ਵਿਆਪਕ ਹਨ ਕਿਸੇ ਇਕ ਦਿਸ਼ਾ ਵਿਚ ਨਹੀਂ ਰਹਿੰਦੇ। ਉਂਝ ਗੁਰਬਾਣੀ ਵਿਚ ਮੱਕਾ ਮਨ ਨੂੰ ਕਹਿਆ ਗਿਆ ਹੈ ਜੇਹਾ ਕਿ---

**ਮਨੁ ਕਰਿ ਮਕਾ ਕਿਬਲਾ ਕਰਿ ਦੇਹੀ ॥**
**ਬੋਲਨਹਾਰੁ ਪਰਮ ਗੁਰੁ ਏਹੀ ॥ (1158)**

ਜਦੋਂ ਗੁਰੂ ਪਾਤਸ਼ਾਹ ਜੀ ਨੇ ਉਨ੍ਹਾਂ ਨਾਲ ਵਿਚਾਰ ਗੋਸ਼ਟੀ ਕੀਤੀ ਤੇ ਦੱਸਿਆ ਕਿ ਰੱਬ ਸਰਬ-ਵਿਆਪਕ ਹੈ ਉਹ ਕਿਸੇ ਇਕ ਦਿਸ਼ਾ ਵਿਚ ਨਹੀਂ ਬੈਠਾ। ਇਸ ਉਪਦੇਸ਼ ਨੂੰ ਲੋਕਾਂ ਨੇ ਬੜੀ ਰੀਝ ਨਾਲ ਸੁਣਿਆ। ਹੁਣ ਤਕ ਮੁਸਲਮਾਨ ਵੀਰ ਏਹੀ ਸਮਝਦੇ ਸਨ ਕਿ ਖ਼ੁਦਾ ਕੇਵਲ ਪੱਛਮ ਵਾਲੇ ਪਾਸੇ ਹੀ ਰਹਿੰਦਾ ਹੈ ਬਹੁਤ ਲੋਕਾਂ ਦਾ ਵਹਿਮ ਭਰਮ ਦੂਰ ਹੋਇਆ।

**ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ ॥**
**ਮਨਮੁਖ ਮੂਲੁ ਨ ਜਾਣਨੀ ਮਾਣਸਿ ਹਰਿ ਮੰਦਰੁ ਨ ਹੋਇ॥ (1346)**

**ਅੱਖਰੀ ਅਰਥ–** ਹੇ ਭਾਈ! (ਮਨੁੱਖ ਦਾ) ਇਹ ਸਰੀਰ 'ਹਰਿ-ਮੰਦਰ' ਹੈ (ਪਰ ਇਹ ਭੇਤ ਸਤਿਗੁਰੂ ਦੀ ਬਖ਼ਸ਼ੀ) ਆਤਮਕ ਜੀਵਨ ਦੀ ਕੀਮਤੀ ਸੂਝ ਦੀ ਰਾਹੀਂ ਖੁਲ੍ਹਦਾ ਹੈ। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ (ਜਗਤ ਦੇ) ਮੂਲ (ਪਰਮਾਤਮਾ) ਨਾਲ ਸਾਂਝ ਨਹੀਂ ਪਾਂਦੇ (ਇਸ ਵਾਸਤੇ ਉਹ ਸਮਝਦੇ ਹਨ ਕਿ) ਮਨੁੱਖ ਦੇ ਅੰਦਰ 'ਹਰਿ-ਮੰਦਰ' ਨਹੀਂ ਹੋ ਸਕਦਾ।2

ਸੋ ਕਹਿਆ ਜਾ ਸਕਦਾ ਹੈ ਕਿ ਵਿਚਾਰਧਾਰਾ ਬਦਲਣ ਦੀ ਕਲਾ ਦਿਖਾਈ ਅਤੇ ਮਨ ਰੂਪੀ ਮੱਕਾ ਘੁਮਾ ਦਿੱਤਾ, ਮਨ ਬਦਲ ਦਿੱਤੇ, ਮਾਨਸਿਕ ਅਵਸਥਾ ਬਦਲ ਗਈ ਤੇ ਸਮੁੱਚੀ ਵਿਚਾਰਧਾਰਾ ਬਦਲ ਗਈ।

**ਸਵਾਲ--ਗੁਰੂ ਨਾਨਕ ਦਾ ਮੁੱਢਲਾ ਪਿੰਡ ਕਿਹੜਾ ਤੇ ਨਾਨਕਾ ਪਿੰਡ ਕਿਹੜਾ ਸੀ?**

**ਜਵਾਬ—** ਗੁਰੂ ਨਾਨਕ ਸਾਹਿਬ ਜੀ ਦਾ ਮੁੱਢਲਾ ਪਿੰਡ ਪੱਠੇਵਿੰਡ ਜ਼ਿਲ੍ਹਾ ਅੰਮ੍ਰਿਤਸਰ ਤਹਿਸੀਲ ਤਰਨ ਤਾਰਨ ਵਿਚ ਹੈ। ਗੁਰੂ ਸਾਹਿਬ ਜੀ ਦੇ ਪਿਤਾ ਜੀ ਨੌਕਰੀ ਕਰਨ ਲਈ ਰਾਇਭੋਇ ਦੀ ਤਲਵੰਡੀ ਆਏ ਸਨ। ਤਰਨ ਤਾਰਨ ਤੋਂ 10 ਮੀਲ ਪੂਰਬ ਦੱਖਣ ਦੀ ਨੁੱਕਰ ਵਿਚ ਹੈ। ਨਾਨਕਾ ਪਿੰਡ ਭਾਵ ਮਾਤਾ ਤ੍ਰਿਪਤਾ ਜੀ ਦਾ ਪਿੰਡ ਚਾਹਲ ਜ਼ਿਲ੍ਹਾ ਤੇ ਤਹਿਸੀਲ ਲਾਹੌਰ ਵਿਚ ਹੈ। ਲਾਹੌਰ ਛਾਉਣੀ ਤੋਂ ਅੱਠ ਮੀਲ ਦੀ ਵਿੱਥ ਉੱਤੇ ਪੂਰਬ-ਦੱਖਣ ਪਾਸੇ ਹੈ। ਬੇਬੇ ਨਾਨਕੀ ਜੀ ਦਾ ਜਨਮ ਵੀ ਏਸੇ ਪਿੰਡ ਹੋਇਆ ਸੀ।

-0-



# ਸ਼ਬਦ ਵਿਚਾਰ

## ਕ੍ਰੋਧ




ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725


ਕ੍ਰੋਧ ਦਾ ਅਰਥ ਗੁੱਸਾ ਹੈ। ਇਹ ਇੱਕ ਭਾਵਨਾਤਮਕ ਪ੍ਰਤੀਕਿਰਿਆ ਜਾਂ ਇੱਕ ਜਬਰਦਸਤ ਵਲਵਲਾ ਹੈ ਓਦੋਂ ਜਦੋਂ ਇਸ ਨੂੰ ਕੋਈ ਧਮਕੀ ਜਾਂ ਡਰਾਵਾ ਦੇਂਦਾ ਹੈ। ਮਨੁੱਖ ਦੀ ਜਦੋਂ ਕਾਮਨਾ ਪੂਰੀ ਨਹੀਂ ਹੁੰਦੀ ਤਾਂ ਓਦੋਂ ਕ੍ਰੋਧ ਜਨਮ ਲੈਂਦਾ ਹੈ। ਕ੍ਰੋਧ ਦੀ ਉਮਰ ਕੋਈ ਜ਼ਿਆਦਾ ਲੰਬੀ ਨਹੀਂ ਹੁੰਦੀ। ਕੁੱਝ ਸੈਕਿੰਡ ਜੇ ਬੰਦਾ ਚੁੱਪ ਰਹੇ ਤਾਂ ਕ੍ਰੋਧ ਦੀ ਰੂਪ ਰੇਖਾ ਬਦਲ ਜਾਂਦੀ ਹੈ। ਅਸਲ ਵਿੱਚ ਜਦੋਂ ਮਨੁੱਖ ਦੀ ਹਉਮੈ ਤੇ ਸੱਟ ਵੱਜਦੀ ਹੈ ਤਾਂ ਇਸ ਦੇ ਮਨ ਵਿੱਚ ਕਰੋਧ ਜਨਮ ਲੈਂਦਾ ਹੈ।

ਸਾਡੇ ਸਮਾਜ ਵਿੱਚ ਜਦੋਂ ਕੋਈ ਕਿਸੇ ਨਾਲ ਵਰਤੋਂ ਵਿਹਾਰ ਦੇ ਬੁਨਿਆਦ ਦੀਆਂ ਹੱਦਾਂ ਪਾਰ ਕਰਦਾ ਹੈ ਤਾਂ ਕੁਦਰਤੀ ਕ੍ਰੋਧ ਜਨਮ ਲੈਂਦਾ ਹੈ। ਜਦੋਂ ਕ੍ਰੋਧ ਆਉਂਦਾ ਹੈ ਤਾਂ ਇਸ ਦਾ ਸਾਡੇ ਦਿਮਾਗ ਤੋਂ ਲੈ ਕੇ ਸਾਰੇ ਸਰੀਰ ਦੇ ਸਾਰੇ ਅੰਗਾਂ ਦੀ ਦਸ਼ਾ ਤਬਦੀਲ ਕਰ ਦੇਂਦਾ ਹੈ। ਹੱਥ ਕੰਬਣ ਲੱਗ ਜਾਂਦੇ ਹਨ, ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਹੈ ਤੇ ਕਚੀਚੀਆਂ ਵੱਟਣ ਲੱਗ ਜਾਂਦਾ ਹੈ।

ਕ੍ਰੋਧ ਬਹੁਤ ਨੁਕਸਾਨ ਦਾਇਕ ਹੈ ਜਿਸ ਦੇ ਨਤੀਜੇ ਬਹੁਤ ਭਿਆਨਕ ਨਿਕਲਦੇ ਹਨ। ਕ੍ਰੋਧ ਵਿੱਚ ਅੰਨ੍ਹਾ ਹੋਇਆ ਮਨੁੱਖ ਉਹ ਕੁਕਰਮ ਕਰ ਬੈਠਦਾ ਹੈ ਜਿਸ ਨਾਲ ਇਸ ਨੂੰ ਸਾਰੀ ਉਮਰ ਜੇਲ੍ਹ ਵਿੱਚ ਬਿਤਾਉਣੀ ਪੈ ਸਕਦੀ ਹੈ। ਪਰੇ-ਪੰਚਾਇਤ ਵਿੱਚ ਬੈਠ ਕੇ ਬੰਦੇ ਨੂੰ ਕਦੇ ਵੀ ਕ੍ਰੋਧ ਵਿੱਚ ਦਲੀਲ ਬਾਜ਼ੀ ਨਹੀਂ ਕਰਨੀ ਚਾਹੀਦੀ ਕਿਉਂ ਕਿ ਫੈਸਲੇ ਸਹੀ ਨਹੀਂ ਹੋ ਸਕਦੇ।

ਕ੍ਰੋਧ ਦਾ ਇੱਕ ਉਹ ਪੱਖ ਵੀ ਹੈ ਜਿਸ ਦੁਆਰਾ ਕਿਸੇ ਵਲੋਂ ਕੀਤੇ ਚੈਲੰਜ ਨੂੰ ਮਿਹਨਤ ਦੁਆਰਾ ਪੂਰਾ ਕੀਤਾ ਜਾ ਸਕਦਾ ਹੈ। ਕ੍ਰੋਧ ਵਿੱਚ ਆਇਆ ਮਨੁੱਖ ਕਿਸੇ ਦੀ ਦਲੀਲ ਆਦਿ ਸੁਣਨ ਲਈ ਤਿਆਰ ਨਹੀਂ ਹੁੰਦਾ ਤੇ ਭਲੇ ਬੁਰੇ ਦੀ ਸ਼ਨਾਖਤ ਨਹੀਂ ਕਰ ਸਕਦਾ। ਕ੍ਰੋਧੀ ਮਨੁੱਖ ਜਿੱਥੇ ਆਪ ਸੰਤਾਪ ਭੋਗਦਾ ਹੈ ਓੱਥੇ ਪ੍ਰਵਾਰ ਵਾਲਿਆਂ ਨੂੰ ਦੁੱਖਾਂ ਦੀ ਭੱਠੀ ਵਿੱਚ ਝੋਕੀ ਰੱਖਦਾ ਹੈ। ਕ੍ਰੋਧ ਨੂੰ ਗਿਆਨ ਦੁਆਰਾ ਸਮਝ ਕੇ ਵਰਤਿਆ ਜਾਏ ਤਾਂ ਕੌਮਾਂ ਦੀ ਉਸਾਰੀ ਹੁੰਦੀ ਹੈ ਤੇ ਚਣੌਤੀਆਂ ਕਬੂਲ ਕਰਕੇ ਅੱਗੇ ਵੱਧਣ ਦੀ ਸਮਰੱਥਾ ਰੱਖਦਾ ਹੈ। ਕੌਮੀ ਜਜ਼ਬੇ ਵਾਲਾ ਕ੍ਰੋਧ ਕੌਮ ਨੂੰ ਗੁਲਾਮੀ ਤੋਂ ਬਚਾਉਂਦਾ ਹੈ—

**ਹੇ ਕਲਿ ਮੂਲ ਕ੍ਰੋਧੰ ਕਦੰਚ ਕਰੁਣਾ ਨ ਉਪਰਜਤੇ ॥**
**ਬਿਖਯੰਤ ਜੀਵੰ ਵਸੵੰ ਕਰੋਤਿ**
**ਨਿਰਤੵੰ ਕਰੋਤਿ ਜਥਾ ਮਰਕਟਹ ॥**
**ਅਨਿਕ ਸਾਸਨ ਤਾੜੰਤਿ ਜਮਦੂਤਹ**
**ਤਵ ਸੰਗੇ ਅਧਮੰ ਨਰਹ ॥**
**ਦੀਨ ਦੁਖ ਭੰਜਨ ਦਯਾਲ ਪ੍ਰਭੁ**
**ਨਾਨਕ ਸਰਬ ਜੀਅ ਰਖੵਾ ਕਰੋਤਿ ॥47॥**

**ਅੱਖਰੀਂ ਅਰਥ**-- ਹੇ ਝਗੜੇ ਦੇ ਮੁੱਢ ਕ੍ਰੋਧ! (ਤੇਰੇ ਅੰਦਰ) ਕਦੇ ਦਇਆ ਨਹੀਂ ਉਪਜਦੀ। ਤੂੰ ਵਿਸ਼ਈ ਜੀਵਾਂ ਨੂੰ ਆਪਣੇ ਵੱਸ ਵਿੱਚ ਕਰ ਲੈਂਦਾ ਹੈਂ। ਤੇਰੇ ਵੱਸ ਵਿੱਚ ਆਇਆ ਜੀਵ ਇਉਂ ਨੱਚਦਾ ਹੈ ਜਿਵੇਂ ਬਾਂਦਰ।

ਤੇਰੀ ਸੰਗਤ ਵਿੱਚ ਜੀਵ ਨੀਚ (ਸੁਭਾਵ ਵਾਲੇ) ਬਣ ਜਾਂਦੇ ਹਨ। ਜਮਦੂਤ ਉਹਨਾਂ ਨੂੰ ਅਨੇਕਾਂ ਹੁਕਮ ਤੇ ਡੰਡ ਦੇਂਦੇ ਹਨ।

ਹੇ ਨਾਨਕ! ਦੀਨਾਂ ਦੇ ਦੁੱਖ ਦੂਰ ਕਰਨ ਵਾਲਾ ਦਿਆਲ ਪ੍ਰਭੂ ਹੀ (ਇਸ ਕ੍ਰੋਧ ਤੋਂ) ਸਭ ਜੀਵਾਂ ਦੀ ਰੱਖਿਆ ਕਰਦਾ ਹੈ (ਹੋਰ ਕੋਈ ਨਹੀਂ ਕਰ ਸਕਦਾ)।

**ਵਿਚਾਰ ਚਰਚਾ—**

1. ਕੀ ਕ੍ਰੋਧੀ ਮਨੁੱਖ ਨੂੰ ਕੋਈ ਅਸਮਾਨ ਵਾਲੇ ਜਮਦੂਤ ਸਜਾਵਾਂ ਦੇਂਦੇ ਹਨ? ਨਹੀਂ ਜੀ ਆਪਣੇ ਭੇੜੇ ਸੁਭਾਅ ਦੇ ਔਗੁਣ ਹੀ ਇਸ ਦੇ ਜਮ ਹਨ।

2. ਅਸਲੀਅਤ ਨੂੰ ਜਾਨਣ ਤੋਂ ਬਿਨਾ ਹੀ ਬਹੁਤ ਦਫਾ ਮਨੁੱਖ ਕ੍ਰੋਧੀ ਹੋ ਜਾਂਦਾ ਹੈ। ਕਿਸੇ ਮਨੁੱਖ ਨੂੰ ਕ੍ਰੋਧੀ ਕਰਨ ਵਿੱਚ ਸਭ ਤੋਂ ਵੱਧ ਯੋਗਦਾਨ ਚੁਗ਼ਲਬਾਜ਼ ਦਾ ਹੁੰਦਾ ਹੈ।

3. ਕ੍ਰੋਧੀ ਮਨੁੱਖ ਆਪਣੇ ਪਰਾਏ ਦੀ ਪਹਿਚਾਨ ਭੁੱਲ ਜਾਂਦਾ ਹੈ ਤੇ ਬਹੁਤ ਵੱਡੇ ਨੁਕਸਾਨ ਦੀ ਕਬਰ ਖੋਦ ਲੈਂਦਾ ਹੈ।

4. ਮਦਾਰੀ ਬਾਂਦਰ ਦੇ ਗਲ਼ ਵਿੱਚ ਰੱਸੀ ਪਾਕੇ ਘਰ ਘਰ ਨਚਾਉਂਦਾ ਹੈ ਕੁੱਝ ਏਸੇ ਤਰ੍ਹਾਂ ਮਨੁੱਖ ਜਦੋਂ ਕ੍ਰੋਧ ਦਾ ਵਿਰਾਟ ਰੂਪ ਧਾਰਨ ਕਰਦਾ ਹੈ ਤਾਂ ਇਹ ਵੀ ਬਾਂਦਰ ਵਾਂਗ ਨੱਚਦਾ ਹੋਇਆ ਦਿਸਦਾ ਹੈ।

5. ਕ੍ਰੋਧ ਨੂੰ ਮਾਰਨ ਜਾਂ ਵੱਸ ਵਿੱਚ ਕਰਨ ਦਾ ਇਕੋ ਤਰੀਕਾ ਹੈ ਕਿ ਬੋਲਣ ਤੋਂ ਪਹਿਲਾਂ ਸੋਚ ਲਿਆ ਜਾਏ।

6. ਸਹਿਜ, ਠਰ੍ਹੰਮਾ, ਸੰਤੋਖ, ਨੇਕ ਸਲਾਹ ਕ੍ਰੋਧ ਦੇ ਰੋਗ ਤੋਂ ਛੁਟਕਾਰਾ ਦਿਵਾ ਸਕਦੀ ਹੈ

7. ਪੁਸਤਕਾਂ ਪੜ੍ਹਨਾ, ਗਿਆਨ ਹਾਸਲ ਕਰਨਾ ਆਪਣੀਆਂ ਵਾਸ਼ਨਵਾਂ ਨੂੰ ਆਪਣੇ ਅਧੀਨ ਕਰਕੇ ਰੱਖਣ ਨਾਲ ਕ੍ਰੋਧ ਤੋਂ ਰਾਹਤ ਮਿਲ ਸਕਦੀ ਹੈ। ਇਸ ਸਾਰੀ ਪ੍ਰਕਿਰਿਆ ਨੂੰ ਰੱਬ ਜੀ ਦੀ ਸਰਣ ਕਹਿਆ ਜਾਂਦਾ ਹੈ ਤੇ ਇਹ ਹੀ ਗੁਰੂ ਸਾਹਿਬ ਜੀ ਦਾ ਉਪਦੇਸ਼ ਹੈ--

**ਫਰੀਦਾ ਬੁਰੇ ਦਾ ਭਲਾ ਕਰਿ**
**ਗੁਸਾ ਮਨਿ ਨ ਹਢਾਇ ॥**
**ਦੇਹੀ ਰੋਗੁ ਨ ਲਗਈ**
**ਪਲੈ ਸਭੁ ਕਿਛੁ ਪਾਇ ॥ (1382)**

## ਸਵਾਲ ਜਵਾਬ

**ਸਵਾਲ—ਕੀ ਗੁਰੂ ਨਾਨਕ ਸਾਹਿਬ ਜੀ ਅੱਖਾਂ ਮੀਟ ਕੇ ਇਕ ਥਾਂ ਤੋਂ ਦੂਜੀ ਥਾਂ 'ਤੇ ਜਾਂਦੇ ਸਨ?**

**ਜਵਾਬ—** ਨਹੀਂ ਜੀ ਏਦਾਂ ਕਦੇ ਵੀ ਨਹੀਂ ਹੁੰਦਾ। ਗੁਰੂ ਨਾਨਕ ਸਾਹਿਬ ਜੀ ਦਾ ਮਾਤਾ ਪਿਤਾ ਦੁਆਰਾ ਜਨਮ ਹੋਇਆ ਤੇ ਉਹ ਪਰਮ ਮਨੁੱਖ ਸਨ। ਪਰ ਉਹ ਬਹੁਤ ਹੀ ਤੀਖਣ, ਬਰੀਕ ਤੇ ਦੂਰ ਅੰਦੇਸ਼ੀ ਬੁੱਧੀ ਵਾਲੇ ਸਨ। ਥਾਂ-ਪੁਰ-ਥਾਂ ਜਾ ਕੇ ਆਮ ਤੇ ਖਾਸ ਲੋਕਾਂ ਨਾਲ ਵਿਚਾਰ ਗੋਸ਼ਟੀ ਕਰਦੇ ਸਨ। ਓਦੋਂ ਜੇਹੋ ਜੇਹੇ ਸਾਧਨ ਸਨ ਗੁਰੂ ਨਾਨਕ ਸਾਹਿਬ ਜੀ ਓਦਾਂ ਹੀ ਉਹਨਾਂ ਦੀ ਵਰਤੋਂ ਕਰਦੇ ਸਨ। ਵਿਕੀ ਪੀਡੀਆ ਅਨੁਸਾਰ ਉਦਾਸੀਆਂ ਦਾ ਕੁੱਲ ਪੈਂਡਾ 28000 ਮੀਲ ਤੇ 45061 ਕਿਲੋਮੀਟਰ ਬਣਦਾ ਹੈ। ਕਿਹਾ ਜਾ ਸਕਦਾ ਹੈ ਕਿ ਓਦੋਂ ਦੇ ਪ੍ਰਚੱਲਤ ਸਾਧਨਾਂ ਦੀ ਵਰਤੋਂ ਕੀਤੀ ਤੇ ਪੈਦਲ ਵੀ ਚੱਲੇ ਸਨ। ਅੱਖਾਂ ਮੀਟਕੇ ਇਕ ਥਾਂ ਤੋਂ ਦੂਜੀ ਥਾਂ ਜਾਣਾ ਗੈਰ ਕੁਦਰਤੀ ਤੇ ਮਨ ਘੜਤ ਸਾਖੀਆਂ ਹਨ।

# ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ

**ਗੁਰਵਿੰਦਰ ਸਿੰਘ ਖ਼ੁਸ਼ੀਪੁਰ # 99141-61453**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਰਾਗ ਸਾਰੰਗ ਅੰਕ 1245 ਤੇ ਸ਼ੋਸ਼ਭਿਤ ਇਹ ਪੰਕਤੀਆਂ –

**ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ ॥**
**ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ ॥**

ਮਾਨਵਤਾ ਦੇ ਸਰਬ ਸਾਂਝੇ ਰਹਿਬਰ, ਅਕਾਲ ਪੁਰਖ ਪਰਮਾਤਮਾ ਦੇ ਰੂਪ, ਜਗਤ ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਵਲੋਂ ਉਚਾਰਨ ਕੀਤੀਆਂ ਹੋਈਆਂ ਹਨ। ਇਹਨਾਂ ਪੰਕਤੀਆਂ ਨੂੰ ਪੜ੍ਹ ਕੇ ਸੱਚ ਪੁੱਛੋ ਤਾਂ ਮੈਨੂੰ ਇੰਜ ਲੱਗਦਾ ਹੈ ਕਿ ਜਿਵੇਂ ਗੁਰੂ ਨਾਨਕ ਸਾਹਿਬ ਜੀ ਨੇ ਕੁੱਲ ਦੁਨੀਆਂ ਨੂੰ ਉਪਦੇਸ਼ ਦਿੰਦਿਆਂ ਸੁਮੰਦਰ ਨੂੰ ਕੁੱਜੇ ਵਿੱਚ ਬੰਦ ਕਰ ਦਿੱਤਾ ਹੋਵੇ। ਅਕਲ ਸ਼ਬਦ ਨੂੰ ਮਤਿ, ਬੁਧ, ਸਮਝ ਸੂਝ ਦੇ ਰੂਪ ਵਜੋਂ ਵੀ ਲਿਆ ਜਾਂਦਾ ਹੈ। ਮਨੁੱਖ ਦੀ ਜ਼ਿੰਦਗੀ ਦਾ ਕਾਰ ਵਿਹਾਰ, ਬੋਲ-ਚਾਲ, ਦੁਨੀਆਂ ਤੇ ਜੀਵਨ ਨੂੰ ਸਮਝਣ ਦਾ ਪੈਮਾਨਾ ਅਕਲ ਦੇ ਪੱਧਰ 'ਤੇ ਨਿਰਭਰ ਹੈ। ਸੰਸਾਰ ਅੰਦਰ ਪਾਏ ਜਾਣ ਵਾਲੇ (ਜੀਵ, ਜੰਤੂਆਂ, ਪਸੂ ਪੰਛੀਆਂ) ਨਾਲੋਂ ਮਨੁੱਖ ਦਾ ਜਿੱਥੇ ਵਖਰੇਵਾ (ਰੂਪ, ਰੰਗ, ਅਕਾਰ) ਕਰਕੇ ਤਾਂ ਹੈ ਉਥੇ ਸਭ ਤੋਂ ਵੱਡਾ ਫ਼ਰਕ ਮਤਿ, ਬੁੱਧ, ਅਕਲ ਦਾ ਵੀ ਹੈ। ਸੋ ਗੁਰੂ ਨਾਨਕ ਸਾਹਿਬ ਜੀ ਇਸ ਗੱਲ ਤੋਂ ਭਲੀ ਭਾਂਤ ਜਾਣੂ ਸਨ ਕਿ ਇੱਕ ਚੰਗੇ ਸੂਝਵਾਨ ਸਮਝਦਾਰ ਵਿਅਕਤੀ ਦੀ ਬੁੱਧ ਤੋਂ ਪੈਦਾ ਹੋਏ ਵਿਚਾਰ ਚੰਗੇ ਸਮਾਜ ਦੀ ਸਿਰਜਣਾ ਅੰਦਰ "ਮੀਲ ਪੱਥਰ" ਰੂਪ ਵਿੱਚ ਸਥਾਪਿਤ ਹੁੰਦੇ ਹਨ। ਇਸ ਕਰਕੇ ਉਹਨਾਂ ਨੇ ਇਹਨਾਂ ਪੰਕਤੀਆਂ ਦੇ ਅੰਦਰ ਧਰਮ ਦੇ ਖੇਤਰ ਵਿੱਚ ਪ੍ਰਵੇਸ਼ ਹੋਣ ਵਾਲੇ ਵਿਅਕਤੀ ਲਈ ਮੁੱਖ ਪ੍ਰਵੇਸ਼ ਦੁਆਰ (ਅਕਲਮੰਦ) ਹੋਣਾ ਦੱਸਿਆ ਹੈ। ਜਿਵੇਂ ਸੰਸਾਰ ਦੇ ਵੱਖ-ਵੱਖ ਖੇਤਰਾਂ ਵਿੱਚ ਸੂਝਵਾਨ ਵਿਅਕਤੀ ਹੀ ਤੱਰਕੀ ਕਰਦਾ ਹੈ। ਠੀਕ ਉਸੇ ਤਰ੍ਹਾਂ ਧਰਮ ਦੀ ਦੁਨੀਆਂ ਅੰਦਰ ਵੀ ਅਕਲਮੰਦ ਸੂਝਵਾਨ ਵਿਅਕਤੀ ਹੀ ਤਰੱਕੀ ਕਰ ਸਕਦਾ ਹੈ। ਹੁਣ ਇਸ ਗੱਲ ਨੂੰ ਪੜ੍ਹ ਸੁਣ ਕੇ, ਬੰਦੇ ਦੇ ਮਨ 'ਚ ਸੁਭਾਵਕ ਹੀ ਪ੍ਰਸ਼ਨ ਪੈਦਾ ਹੋਵੇਗਾ ਕਿ ਸੰਸਾਰ ਅੰਦਰ ਤਾਂ ਅਕਲ ਦੀ ਵਰਤੋਂ ਕਰਕੇ ਮਨੁੱਖ ਨੇ ਬਹੁਤ ਸਾਰੀਆਂ ਖੋਜਾਂ ਕੀਤੀਆਂ ਹਨ। ਫਿਰ ਉਹ ਕਿਹੜੀ ਅਕਲ ਹੈ ? ਜਿਸ ਦੀ ਗੱਲ ਗੁਰੂ ਸਾਹਿਬ ਵਲੋਂ ਗੁਰਬਾਣੀ ਅੰਦਰ ਕੀਤੀ ਗਈ ਹੈ? ਸੋ ਇਹਨਾਂ ਸਾਰੇ ਸਵਾਲਾਂ ਦੀ ਪ੍ਰੋੜਤਾ ਕਰਦਿਆਂ ਬਾਣੀ ਵਿੱਚ ਗੁਰੂ ਜੀ ਸ਼ਬਦ ਅੰਕਿਤ ਕਰਦੇ ਹਨ–

**ਅਚਰੁ ਚਰੈ ਬਿਬੇਕ ਬੁਧਿ ਪਾਏ ਪੁਰਖੈ ਪੁਰਖੁ ਮਿਲਾਇ ॥ (1276)**

ਭਾਵ ਸ਼ਬਦ ਗੁਰੂ ਨਾਲ ਮਿਲ ਕੇ (ਸ਼ਬਦ ਨੂੰ ਵਿਚਾਰ) ਕੇ ਜਿਸ ਗਿਆਨ ਦੀ ਪ੍ਰਾਪਤੀ ਨਾਲ ਮਨ ਅੰਦਰ ਨਿਰਮਲ ਵਿਚਾਰ ਪੈਦਾ ਹੋਣ ਉਸ ਮਤ ਨੂੰ ਬਿਬੇਕ ਬੁੱਧ ਕਹਿਆ ਜਾਦਾ ਹੈ। ਇਸ ਮੱਤ ਦੀ ਪ੍ਰਾਪਤੀ ਦਾ ਮਨੁੱਖ ਕੋਲ ਇਕੋ ਇੱਕ ਵਸੀਲਾ ਹੈ ਆਪਣੇ ਆਪ ਨੂੰ (ਸ਼ਬਦ ਗੁਰੂ) ਦੇ ਸਾਹਮਣੇ ਸਮਰਪਿਤ ਕਰਦਿਆਂ ਮਨ ਅੰਦਰ ਇਸ ਭਾਵਨਾ ਨੂੰ ਉਜਾਗਰ ਕਰਨਾ।

ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥
**ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ ॥ (641)**

ਗੁਰੂ ਦੁਆਰਾ ਬਿਬੇਕ ਮਤ ਨੂੰ ਧਾਰਨ ਕਰਕੇ ਅਮੋੜ ਮਨ ਨੂੰ ਵੱਸ 'ਚ ਕਰਕੇ ਜੀਵਨ ਸਫ਼ਲਤਾ ਪੂਰਕ ਬਤੀਤ ਕੀਤਾ ਜਾ ਸਕਦਾ ਹੈ। ਗੁਰਮਤਿ ਅੰਦਰ ਸਭ ਤੋ ਸ਼੍ਰੇਸ਼ਟ ਮੱਤ (ਬਿਬੇਕ ਬੁੱਧ) ਨੂੰ ਮੰਨਿਆ ਜਾਂਦਾ ਹੈ। ਗੁਰਬਾਣੀ ਅੰਦਰ ਵੀ ਅਜਿਹੀ ਮੱਤ ਨੂੰ ਲੈ ਕੇ ਬਹੁਤ ਸਾਰੇ ਥਾਵਾਂ ਤੇ ਸ਼ਬਦਾਂ ਦਾ ਉਚਾਰਣ ਕੀਤਾ ਗਿਆ ਹੈ। ਜਿਹਨਾਂ ਅੰਦਰ ਬਿਬੇਕ ਬੁੱਧ ਦੀ ਪ੍ਰਾਪਤੀ ਵਾਸਤੇ ਅਰਜੋਈ ਕੀਤੀ ਗਈ ਹੈ। ਜਿਵੇ:

**ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ ॥**
**ਸਾ ਮਤਿ ਦੀਜੈ ਜਿਤੁ ਤੁਧੁ ਧਿਆਈ ॥ ਸਾਸ**
**ਸਾਸ ਤੇਰੇ ਗੁਣ ਗਾਵਾ ਓਟ ਨਾਨਕ ਗੁਰ ਚਰਣਾ ਜੀਉ ॥ (100)**

ਇਸ ਤੋ ਇਲਾਵਾ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਯਾਦਾ ਅੰਦਰ ਵੀ ਅਰਦਾਸ ਦੇ ਰੂਪ ਵਿੱਚ ਬਿਬੇਕ ਦਾਨ ਦੀ ਮੰਗ ਕੀਤੀ ਗਈ ਹੈ।

ਇਹ ਸੱਚ ਹੈ ਕਿ ਗੁਰਮਤਿ ਦਾ ਧਾਰਨੀ ਵਿਅਕਤੀ ਅਕਲੀ ਸਾਹਿਬੁ ਸੇਵੀਐ ਪੰਕਤੀਆਂ ਦੇ ਸਿਧਾਤਿਕ ਪੱਖ ਨੂੰ ਚੰਗੀ ਤਰ੍ਹਾਂ ਸਮਝਦਾ ਹੋਇਆ ਕਿ (ਸਾਹਿਬ ਮੇਰਾ ਨੀਤ ਨਵਾ ਸਦਾ ਸਦਾ ਦਾਤਾਰ) ਭਾਵ ਸਦੀਵੀ ਤੌਰ ਮੌਜੂਦ ਰਹਿਣ ਵਾਲੇ ਅਕਾਲ ਪੁਰਖ ਪਰਮਾਤਮਾ ਨੂੰ ਯਾਦ ਕਰਦਾ ਹੈ। ਇਸ ਤੋ ਇਲਾਵਾਂ ਉਹ ਹੋਰ ਕਿਸੇ ਵੀ ਦੇਵੀ ਦੇਵਤੇ ਦਾ ਉਪਾਸ਼ਕ ਨਹੀਂ ਬਣਦਾ। ਉਹ ਕਿਰਤਮ ਦੀ ਪੂਜਾ ਦੀ ਥਾਂ ਕਰਤਾਰ ਦੀ ਪੂਜਾ ਨੂੰ ਪਹਿਲ ਦਿੰਦਾ ਹੈ। ਇਹ ਗੱਲ ਵੀ ਕੋਈ ਅਤਿਕਥਨੀ ਨਹੀ ਹੈ ਕਿ ਅਕਲ ਦੇ ਪੱਧਰ ਤੇ (ਬਿਬੇਕ ਮੱਤ) ਦਾ ਧਾਰਨੀ ਵਿਅਕਤੀ ਜਿਥੇ ਪਰਮਾਤਮਾ ਨੂੰ ਧਿਆਨ ਰੂਪ 'ਚ ਯਾਦ ਕਰਦਾ ਹੈ। ਉਸ ਦੇ ਨਾਲ- ਨਾਲ ਰੱਬੀ ਹੁਕਮਾਂ 'ਚ ਰਹਿ ਕੇ ਜੀਵਨ ਬਸਰ ਕਰਨਾ ਜੀਵਨ ਦਾ ਅੰਗ ਸਮਝਦਾ ਹੈ। ਉਹ ਜੀਵਨ ਦੇ ਇਸ ਭੇਦ ਨੂੰ ਚੰਗੀ ਤਰ੍ਹਾਂ ਸਮਝ ਜਾਂਦਾ ਹੈ ਕਿ ਦੁੱਖ ਸੁੱਖ ਸੰਸਾਰ ਯਾਤਰਾ ਅੰਦਰ ਦੋਨੋ ਕੱਪੜੇ ਦੀ ਤਰ੍ਹਾਂ ਹਨ।

**ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥ (149)**

ਅਜਿਹਾ ਸੂਝਵਾਨ ਵਿਅਕਤੀ ਕਦੇ ਵੀ ਪਰਮਾਤਮਾ ਨਾਲ ਗਿਲਾ ਸ਼ਿਕਵਾ ਪ੍ਰਗਟ ਕਰਦਾ ਨਜ਼ਰ ਨਹੀਂ ਆਂਉਦਾ। ਸਗੋਂ ਇਸ ਦੇ ਨਾਲ ਉਹ –

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥ (1349)**

ਤੇ

**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥ (13)**

ਇਹਨਾਂ ਵਿਚਾਰਾਂ ਨੂੰ ਸੱਚਮੁਚ ਗਹਿਰੇ ਤਲ ਤੇ ਸਮਝਣ ਕਦੇ ਵੀ ਜਾਤ ਪਾਤ ਨੂੰ ਲੈ ਕੇ ਸਮਾਜ ਅੰਦਰ ਵਿਤਕਰਾ ਨਹੀਂ ਕਰਦਾ। ਇਸ ਨਾਲ ਉਹ ਸਦਾ ਤੋਂ ਚਲੀ ਆ ਰਹੀ ਧਰਮ ਦੀ ਦੁਨੀਆਂ ਅੰਦਰ ਦਾਨ ਕਰਨ ਦੀ ਪ੍ਰੰਪਰਾ ਨੂੰ ਲੈ ਕੇ ਆਪਣੀ ਕਿਰਤ ਕਮਾਈ ਚੋ ਦਾਨ ਕਰਨ ਸਮੇਂ ਬੜੀ ਸੁਘੜ ਬੁਧੀ ਤੋ ਕੰਮ ਲੈਦਾ ਹੋਇਆ ਆਪਣੇ ਆਸ-ਪਾਸ ਲੋੜਵੰਦ ਕਾਰਜਾਂ ਨੂੰ ਮੁੱਖ ਰੱਖ ਕੇ ਦਾਨ ਕਰਦਾ ਹੈ। ਉਹ ਦਾਨ ਕਿਸੇ ਪ੍ਰਕਾਰ ਦਾ ਹੋ ਸਕਦਾ ਹੈ। ਅਜਿਹਾ ਕੀਤਾ ਹੋਇਆ ਦਾਨ ਪੁੰਨ ਹੀ ਗੁਰਮਤਿ ਅਨੁਸਾਰ ਪਰਵਾਨ ਹੈ। ਸੋ ਨਿਰਸੰਦੇਹ ਇਹ ਗੱਲ ਕਹਿਣ 'ਚ ਮੈਨੂੰ ਕੋਈ ਪਰੇਸ਼ਾਨੀ ਨਹੀਂ ਹੈ ਕਿ ਮਨੁੱਖ ਸੰਸਾਰ ਪੱਧਰ 'ਤੇ ਕਾਰੋਬਾਰ, ਵਪਾਰ, ਖਾਣ-ਪੀਣ, ਪਹਿਰਾਵਾ ਤੇ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਲੋੜਾਂ ਨੂੰ ਲੈ ਕੇ ਬਹੁਤ ਸੋਚ ਵਿਚਾਰ ਕੇ ਫੈਸਲਾ ਕਰਦਾ ਹੈ। ਪਰ ਧਾਰਮਿਕ ਖੇਤਰ 'ਚ ਪ੍ਰਵੇਸ਼ ਸਮੇਂ ਜਦੋ ਬੰਦਾ ਬਿਨਾਂ ਅਕਲ ਦੀ ਵਰਤੋਂ ਕਰਿਆਂ ਅਣਗਹਿਲੀ ਨਾਲ ਬਿਨਾਂ ਸੋਚ ਵਿਚਾਰ ਕੇ ਦੇਖਾ ਦੇਖੀ 'ਭੇਡਾਂ ਵਾਲੀ ਚਾਲ' ਦੀ ਤਰ੍ਹਾਂ ਕਦਮ ਪੁੱਟਦਾ ਹੈ ਤਾਂ ਕਿਤੇ ਨਾ ਕਿਤੇ ਮਨੁੱਖ ਅਗਿਆਨਤਾ ਦਾ ਸ਼ਿਕਾਰ ਹੋ ਕੇ ਵਹਿਮ -ਭਰਮ, ਕਰਮ ਕਾਂਡ, ਸਮਾਜ ਦੀਆਂ ਬੁਰਿਆਈਆਂ ਦੀ ਦਲਦਲ ਵਿੱਚ ਜਾ ਡਿੱਗਦਾ ਹੈ। ਇਸ ਤਰ੍ਹਾਂ ਬਿਨਾਂ ਸੋਚ ਕੇ ਪੁਟਿਆ ਇਕ ਕਦਮ ਮਨੁੱਖ ਦੀਆਂ ਭਾਵਨਾਵਾਂ ਦੇ ਨਾਲ-ਨਾਲ ਆਰਥਿਕ ਤੌਰ ਤੇ ਉਸ ਦੀ ਬਹੁਤ ਵੱਡੀ ਲੁੱਟ ਦਾ ਵੱਡਾ ਕਾਰਨ ਬਣਦਾ ਹੈ। ਇਸੇ ਕਰਕੇ ਗੁਰੂ ਨਾਨਕ ਸਾਹਿਬ ਜੀ ਨੇ ਦੁਨਿਆਵੀ ਖੇਤਰ ਦੇ ਨਾਲ-ਨਾਲ ਧਰਮ ਦੀ ਦੁਨੀਆਂ ਅੰਦਰ ਅਕਲ ਦਾ ਪੱਧਰ ਉੱਚਾ ਕਰਨ ਲਈ ਸ਼ਬਦ ਨੂੰ ਪੜ੍ਹਨ, ਸੁਣਨ ਦੇ ਨਾਲ ਨਾਲ ਵਿਚਾਰਨ ਦੀ ਤਗੀਦ ਕੀਤੀ ਹੈ। ਜਿਹਨਾਂ ਚਿਰ ਇੱਕ ਜਗਿਆਸੂ (ਖੋਜੀ) ਬਿਰਤੀ ਵਾਲੇ ਪੁਰਸ਼ ਦੀ ਤਰ੍ਹਾਂ ਸਵਾਲ (ਖੋਜ) ਜਾਂ ਵਿਚਾਰਾਂ ਦੇ ਪੱਧਰ 'ਤੇ ਗਹਿਰਾ ਨਹੀਂ ਉਤਰਦਾ ਉਹਨਾਂ ਚਿਰ ਗਿਆਨ ਦੀ ਪ੍ਰਾਪਤੀ ਕਦੇ ਵੀ ਨਹੀਂ ਹੋ ਸਕਦੀ। ਗੁਰਬਾਣੀ ਵਿੱਚ ਵੀ ਫ਼ੁਰਮਾਣ ਹੈ –

**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰ ॥ (594)**

# ਬਹੁੜੀਂ ਕਲਗੀ ਵਾਲਿਆ ਵੇ! ਸਾਡਾ ਦੇਸ ਨਾ ਕੋਈ (ਮਹਿਬੂਬ)

-ਗੁਰਤੇਜ ਸਿੰਘ



**ਨਿਰਦੋਸ਼ ਪੁੱਤਾਂ ਨੂੰ ਅਣਪਛਾਤੀਆਂ ਲਾਸ਼ਾਂ ਬਣਾ ਕੇ ਸਾੜਨ ਵਾਲੇ ਅੱਜ ਅਗਲੀ ਮੰਜ਼ਲ ਉੱਤੇ ਪਹੁੰਚ ਗਏ ਹਨ ਤੇ ਹੁਣ ਹਰਦੀਪ ਸਿੰਘ ਨਿੱਜਰ ਦੀ ਲਾਸ਼ ਨੂੰ ਲੁੱਟਣ ਦੀ ਨਵੀਂ ਪਿਰਤ ਪਾਉਣ ਲੱਗੇ ਹਨ। ਓਸ ਦੀ ਜਾਇਦਾਦ ਨੂੰ ਜ਼ਬਤ ਕਰਨ ਦੇ ਐਲਾਨ ਆ ਚੁੱਕੇ ਹਨ। ਕਾਨੂੰਨ ਸਾਹਮਣੇ ਪੇਸ਼ ਹੋਣ ਲਈ ਪਹਿਲਾਂ ਜਾਇਦਾਦ ਜ਼ਬਤ ਕੀਤੀ ਜਾਂਦੀ ਸੀ। ਹੁਣ ਨਿੱਜਰ ਕਿਵੇਂ ਪੇਸ਼ ਹੋ ਕੇ ਆਪਣਾ ਪੱਖ ਰੱਖੇਗਾ? ਕਿਵੇਂ ਆਪਣੇ-ਆਪ ਨੂੰ ਨਿਰਦੋਸ਼ ਸਾਬਤ ਕਰੇਗਾ? ਮੌਤ ਉਪਰੰਤ, ਕਾਨੂੰਨ ਅਨੁਸਾਰ, ਦਸ ਕੁ ਮਰਲੇ ਦਾ ਪਿੰਡ ਦਾ ਘਰ, ਜੋ ਪਹਿਲਾਂ ਉਸ ਦੇ ਬਾਪ-ਦਾਦੇ ਦਾ ਸੀ, ਹੁਣ ਓਸ ਦੇ ਵਾਰਸਾਂ ਦਾ ਹੋ ਚੁੱਕਾ ਹੈ। ਸੰਸਾਰ ਦੇ ਨਿਆਂ-ਸ਼ਾਸਤਰ (jurisprudence) ਅਤੇ ਇੱਕ ਪੈਗੰਬਰ ਦਾ ਖੁਤਬਾ-ਉਲ-ਵਿਦਾਅ ਵੀ ਏਹੀ ਆਖਦੇ ਹਨ ਕਿ ਪਿਤਾ ਦੇ ਕਰਮਾਂ ਦਾ ਬਦਲਾ ਓਸ ਦੀ ਸੰਤਾਨ ਤੋਂ ਨਹੀਂ ਲਿਆ ਜਾ ਸਕਦਾ।**

ਗੱਲ ਜਿੰਨੀ ਮਾਮੂਲੀ ਜਾਪਦੀ ਹੈ ਏਸ ਦਾ ਤੱਥ ਓਨਾਂ ਹੀ ਬੇਹੱਦ ਗੰਭੀਰ, ਖ਼ਤਰਨਾਕ ਅਤੇ ਚੁਣੌਤੀ ਭਰਪੂਰ ਹੈ। ਸਿੱਖ ਆਬਾਦੀ ਹਿੰਦੋਸਤਾਨ ਵਿੱਚ ਤਕਰੀਬਨ 1.7 ਪ੍ਰਤੀ ਸੌ ਹੈ। ਇਹ ਸ਼ਸਤਰਧਾਰੀ ਹਨ। ਇਹਨਾਂ ਦਾ ਸਭ ਤੋਂ ਵੱਡਾ ਸ਼ਸਤਰ ਗੁਰੂ ਗ੍ਰੰਥ ਸਾਹਿਬ ਹੈ ਜੋ ਮਨੁੱਖੀ ਬਰਾਬਰੀ, ਨਿਆਂ, ਧਰਮ, ਭਾਈਚਾਰੇ ਦਾ ਅਲੰਬਰਦਾਰ ਹੈ। ਬ੍ਰਾਹਮਣਵਾਦ ਨੇ ਬੁੱਧ-ਮੱਤ ਤੋਂ ਖੋਹ ਕੇ 'ਸਨਾਤਨ ਧਰਮ' ਦਾ ਬੁਰਕਾ ਸਜਾ ਲਿਆ ਹੈ। ਏਸ ਨਵੇਂ ਅਵਤਾਰ ਵਿੱਚ ਉਹਨਾਂ ਨੇ ਆਪਣੀ ਮੁੱਢ-ਕਦੀਮ ਦੀ ਹੈਂਕੜ ਨੂੰ ਢਾਲ ਲਿਆ ਹੈ। ਅਲਬਰੂਨੀ ਦੀ 930 ਦੇ ਕਰੀਬ ਲਿਖੀ ਪੁਸਤਕ ਵਿੱਚ ਹਿੰਦੂ ਧਰਮ ਦੇ ਜੋ ਲੱਛਣ ਦੱਸੇ ਹਨ, ਓਹੀ ਅੱਜ ਅਸੀਂ ਅਖ਼ਬਾਰੀ ਖ਼ਬਰਾਂ, ਗੋਦੀ ਮੀਡੀਆ ਦੀਆਂ ਟਿੱਪਣੀਆਂ ਦੀ ਪਿੱਠ-ਭੂਮੀ ਵਿੱਚ ਪੜ੍ਹ-ਸੁਣ ਰਹੇ ਹਾਂ। 'ਹਿੰਦੋਸਤਾਨ ਵਿਸ਼ਵ ਗੁਰੂ ਹੈ, ਹਿੰਦੂ ਧਰਮ ਸਭ ਤੋਂ ਸ੍ਰੇਸ਼ਟ ਹੈ, ਹਿੰਦੂ ਸਮਾਜ ਦੁਨੀਆ ਦਾ ਰਾਹ-ਦਸੇਰਾ ਹੈ, ਹਿੰਦੂ ਸੱਭਿਅਤਾ ਸਭ ਤੋਂ ਪੁਰਾਣੀ ਅਤੇ ਸ੍ਰੇਸ਼ਟ ਸੱਭਿਅਤਾ ਹੈ' — ਇਹ ਸਾਰਾ ਕੁਝ ਰਟਦੇ-ਰਟਦੇ ਬ੍ਰਾਹਮਣਵਾਦ ਨੇ ਤਕਰੀਬਨ 1000 ਸਾਲ ਦੀ ਗ਼ੁਲਾਮੀ ਕੱਟੀ। ਹੁਣ ਇਹਨਾਂ ਦੀ ਇੱਛਾ ਕੁੱਲ ਆਲਮ ਉੱਤੇ ਰਾਜ ਕਰਨ ਦੀ ਹੈ। ਏਸ ਰੰਗੀਨ ਸੁਪਨੇ ਦੇ ਪੂਰਾ ਹੋਣ ਵਿੱਚ ਉਹ ਸਿੱਖ ਧਰਮ ਨੂੰ ਵੱਡਾ ਅੜਿੱਕਾ ਅਤੇ ਖ਼ਤਰਨਾਕ ਨਜ਼ੀਰ ਸਮਝਦੇ ਹਨ। ਹਿੰਦੂਤਵੀ ਆਗੂ ਸਮਝਦੇ ਹਨ ਕਿ ਸਿੱਖੀ ਨੂੰ ਮਲੀਆਮੇਟ ਕਰ ਕੇ ਉਹ ਕੁੱਲ ਸੰਸਾਰ ਦੇ ਰਾਜ-ਸਿੰਘਾਸਣ ਉੱਤੇ ਪੈਰ ਰੱਖਣ ਦੇ ਸਮਰੱਥ ਹੋ ਜਾਣਗੇ ਪਰ ਜਾਣਦੇ ਨਹੀਂ ਕਿ:

ਵੱਡੇ ਨੇਮ 'ਚੋਂ ਖਿੜੇਗਾ,  
ਹੁਣ ਇਹ ਤੀਸਰਾ ਪੰਥ।  
ਸਾਮੀ ਆਰੀਆ ਮਜ਼੍ਹਬ ਵੀ,  
ਰਹਿਮ ਪਾਉਣਗੇ ਅੰਤ।  
(ਹਰਿੰਦਰ ਸਿੰਘ ਮਹਿਬੂਬ)

ਸਿੱਖਾਂ ਨੂੰ ਹਤਾਸ਼, ਨਿਰਾਸ਼, ਸੱਤਾਹੀਣ ਅਤੇ ਬਦਨਾਮ ਕਰਨ ਦੀ ਹਿੰਦੂਤਵੀ ਨੀਤੀ ਸਦੀਆਂ ਪੁਰਾਣੀ ਹੈ ਪਰ ਸੱਤਾ ਦਾ ਬਟੇਰਾ ਪਹਿਲੀ ਵਾਰ ਓਸ ਦੇ ਪੈਰ ਹੇਠ ਆਇਆ ਹੈ। 1947 ਤੋਂ ਬਾਅਦ ਹਿੰਦੂਤਵੀ ਮਾਨਸਿਕਤਾ ਨੇ ਸਟੇਟ ਦੀ ਤਾਕਤ ਨਾਲ ਆਪਣਾ ਟੀਚਾ ਪੂਰਾ ਕਰਨ ਦੀ ਠਾਣ ਲਈ ਹੈ। ਪੰਜਾਬੀ ਬੋਲੀ ਨੂੰ ਤਿਲਾਂਜਲੀ, ਪੰਜਾਬੀ ਸੂਬੇ ਨੂੰ ਛੋਟੇ ਤੋਂ ਛੋਟਾ ਅਤੇ ਆਰਥਕ ਪੱਖੋਂ ਨਿਤਾਣਾ ਕਰਨਾ ਅਤੇ ਅਜਿਹੇ ਮਨਸੂਬੇ ਸਿੱਖਾਂ ਦੇ ਸੰਘ ਵਿੱਚ ਪਾਉਣੇ ਕਿ ਕੁੱਲ ਦੁਨੀਆਂ ਸਾਹਮਣੇ ਬੱਦੂ ਹੋ ਕੇ ਉਹ ਕੁਸਕਣ ਜੋਗੇ ਨਾ ਰਹਿਣ, ਇਹ ਹਿੰਦੂਤਵ ਦੇ ਤੌਰ-ਤਰੀਕੇ ਹਨ। ਸਟੇਟ ਦੀ ਸੁਰੱਖਿਆ-ਛਤਰੀ ਹੇਠ ਹਿੰਦੂਤਵ ਇੱਕ ਹੱਥ ਤ੍ਰਿਸ਼ੂਲ, ਦੂਜੇ ਹੱਥ ਬਚਿਤ੍ਰ ਨਾਟਕ ਗ੍ਰੰਥ ਲੈ ਕੇ ਮੈਦਾਨ ਵਿੱਚ ਉੱਤਰਿਆ ਹੈ — ਜਿਵੇਂ ਔਰੰਗਜ਼ੇਬ ਦੇ ਇੱਕ ਹੱਥ ਤਲਵਾਰ ਅਤੇ ਦੂਜੇ ਹੱਥ ਕੁਰਾਨ ਸੀ; ਜਿਵੇਂ ਜੌਨ ਲੌਰੰਸ ਦੇ ਬੁੱਤ ਹੇਠ ਲਿਖਿਆ ਹੁੰਦਾ ਸੀ: 'ਤੁਸੀਂ ਤਲਵਾਰ ਦਾ ਰਾਜ ਚਾਹੁੰਦੇ ਹੋ ਜਾਂ ਕਲਮ ਦਾ?'

ਜਨੂੰਨ ਦੇ ਵੇਗ ਕਾਰਣ ਇਹ ਸਮਝ ਹੀ ਨਹੀਂ ਪਾ ਰਹੇ ਕਿ ਖ਼ਾਲਸੇ ਨੂੰ ਜੜ੍ਹੋਂ ਉਖਾੜਨ ਦੇ ਨਾਪਾਕ ਇਰਾਦੇ ਕਦੇ ਪੂਰੇ ਨਹੀਂ ਹੋਣੇ। ਰੱਬ ਨਾ ਕਰੇ, ਜੇ ਇਹ ਕਾਮਯਾਬ ਹੋ ਵੀ ਗਏ ਤਾਂ ਹਿੰਦੂਤਵ ਦੇ ਸਾਹਮਣੇ ਓਹੀ ਸਥਿਤੀ ਆ ਜਾਵੇਗੀ ਜੋ ਪਰਸ਼ੂਰਾਮ ਵੱਲੋਂ ਕਸ਼ੱਤਰੀਆਂ ਦਾ ਨਾਸ਼ ਕਰਨ ਤੋਂ ਬਾਅਦ ਆਈ ਸੀ। ਹੁਣ ਘਾਹ ਦੇ ਪੁਤਲਿਆਂ ਨੂੰ ਲਿੱਪ ਕੇ ਮਾਊਂਟ ਆਬੂ ਦੀ ਭੱਠੀ ਵਿੱਚ ਪਕਾ ਕੇ ਚਾਰ ਰਾਜਪੂਤ ਕੁਨਬੇ ਨਹੀਂ ਸਿਰਜੇ ਜਾ ਸਕਣਗੇ। ਉਦੋਂ ਵੀ ਉਹਨਾਂ ਕਿਹੜੀ ਮੱਲ ਮਾਰ ਲਈ ਸੀ?

ਹਿੰਦੂਤਵ ਦੀ ਹੈਂਕੜ ਦੀ ਇਹ ਹੱਦ ਹੈ ਕਿ ਇਹ ਹੁਣ ਆਪਣੇ-ਆਪ ਨੂੰ ਗੋਸ੍ਵਾਮੀ ਬਣੇ ਵੇਖ ਰਹੇ ਹਨ ਅਤੇ ਚਾਹੁੰਦੇ ਹਨ ਕਿ ਸਭ ਮੁਲਕ ਇਹਨਾਂ ਦੇ ਸਿੱਖ-ਮਾਰੂ ਮਨਸੂਬਿਆਂ ਵਿੱਚ ਭਾਈਵਾਲ ਬਣਨ ਅਤੇ ਆਪਣੇ ਮੁਲਕ ਵਿੱਚ ਸਿੱਖਾਂ ਦੇ ਨੱਕ ਵਿੱਚ ਦਮ ਕਰ ਦੇਣ। ਏਸ ਸਿੱਧੀ ਨੂੰ ਹਾਸਲ ਕਰਨ ਲਈ ਇਹਨਾਂ ਨੇ ਖ਼ਾਲਿਸਤਾਨ ਦੀ ਗਿੱਦੜਸਿੰਗੀ ਸਹਾਇਕ ਜਾਣ ਕੇ ਈਜਾਦ ਕੀਤੀ ਹੈ ਅਤੇ ਦੇਸ਼-ਵਿਦੇਸ਼ ਵਿੱਚ ਓਸ ਨੂੰ ਆਪ ਪ੍ਰਚੱਲਤ ਕੀਤਾ ਹੈ। ਖ਼ਾਲਿਸਤਾਨ ਦੇ ਆਪੇ ਸਜੇ ਵੱਡੇ ਅਲੰਬਰਦਾਰ ਨੂੰ ਤਾਂ ਇਹ ਬੋਟ ਵਾਂਗ ਪਾਲਦੇ ਹਨ। ਓਸ ਦੇ ਫ਼ੀਸ ਲੈ ਕੇ ਬਾਹਰ ਭੇਜੇ ਖ਼ਾਲਿਸਤਾਨੀ ਸਰਕਾਰ ਦੀ ਮੁਖ਼ਬਰੀ ਕਰਦੇ ਹਨ, ਗੁਰਦੁਆਰਿਆਂ ਉੱਤੇ ਕਬਜ਼ੇ ਕਰ ਕੇ ਸਿੱਖ ਸਮਾਜ ਨੂੰ ਦੋਫਾੜ ਕਰਦੇ ਹਨ ਅਤੇ ਇਹਨਾਂ ਦੀ ਇੱਛਾ ਅਨੁਸਾਰ, ਇਹਨਾਂ ਦੀ ਸਿਆਸੀ ਲੋੜ ਅਨੁਸਾਰ ਸਾਦਾ-ਦਿਲ ਨੌਜਵਾਨਾਂ ਦੀ ਤਾਜ਼ਾ ਪਨੀਰੀ ਇਹਨਾਂ ਦੇ ਵਡਾਂਗੇ ਲਈ ਤਿਆਰ ਕਰ ਕੇ ਰੱਖਦੇ ਹਨ। ਇੱਕ ਹੋਰ ਅਹਿਮ ਰੋਲ ਉਹਨਾਂ ਦਾ ਇਹ ਹੈ ਕਿ ਅੱਜ ਦੇ ਸਭ ਤੋਂ

ਸੋ ਬਿਨਾਂ ਗਿਆਨ ਤੋਂ ਭਾਵ (ਬਿਬੇਕ ਬੁੱਧ) ਤੋਂ ਵਿਅਕਤੀ ਕਦੇ ਵੀ ਵਹਿਮ-ਭਰਮ, ਕਰਮ-ਕਾਂਡ, ਅਖੌਤੀ ਸਾਧਾਂ ਦੀ ਚੁੰਗਲ 'ਚੋ ਬਾਹਰ ਨਹੀਂ ਆ ਸਕਦਾ। ਇਸ ਕਰਕੇ ਅੱਜ ਦੇ ਸਮੇਂ ਅੰਦਰ ਸਭ ਤੋਂ ਵੱਡੀ ਲੋੜ ਹੈ ਕਿ 'ਮੱਖੀ ਤੇ ਮੱਖੀ' ਮਾਰਨ ਦੀ ਥਾਂ ਖੁਦ ਵਿਅਕਤੀ ਸਾਹਿਬਾਨਾਂ ਦਾ ਦੱਸਿਆ ਹੋਇਆ ਰਾਹ ਚੁਣ ਕੇ (ਸ਼ਬਦ) ਭਾਵ ਗੁਰਬਾਣੀ ਨੂੰ ਪੜ੍ਹਨ ਸੁਨਣ ਦੇ ਨਾਲ-ਨਾਲ ਵਿਚਾਰਨ ਦੀ ਬਿਰਤੀ ਨੂੰ ਧਾਰਨ ਕਰੇ ਤਾਂ ਜੋ ਅਕਲ 'ਤੇ ਪਿਆ ਅਗਿਆਨਤਾ ਦਾ ਪਰਦਾ ਚੁੱਕ ਕੇ ਇੱਕ ਸੂਝਵਾਨ ਦਾਰਸ਼ਨਿਕ ਮਨੁੱਖ ਦੀ ਤਰ੍ਹਾਂ ਜੀਵਨ ਸਫ਼ਲ ਕਰ ਸਕੇ। ਅਜਿਹਾ ਸੂਝਵਾਨ ਅਕਲਮੰਦ ਵਿਅਕਤੀ ਹੀ ਮਾਣ ਸਤਿਕਾਰ ਦੇ ਕਾਬਲ ਮੰਨਿਆ ਜਾਂਦਾ ਹੈ।

-0-

ਬਿਹਤਰੀਨ ਸਿਆਸੀ ਸੰਕਲਪ, ਖ਼ਾਲਸਾ ਰਾਜ, ਦੇ ਫ਼ਲਸਫ਼ੇ ਦੀ ਨਾ ਏਥੇ ਨਾ ਬਾਹਰ, ਉਹ ਭਿਣਕ ਵੀ ਨਹੀਂ ਪੈਣ ਦਿੰਦੇ ਕਿਉਂਕਿ ਦੁਨੀਆ ਓਸ ਦੀ ਝੱਟ ਕਾਇਲ ਹੋ ਸਕਦੀ ਹੈ।



ਹੁਣ ਚੋਣਾਂ ਨੇੜੇ ਹਨ। ਹਿੰਦੂਤਵ ਦੀ ਬੇੜੀ, ਏਸ ਦੀਆਂ ਆਪਣੀਆਂ ਕਰਤੂਤਾਂ ਕਾਰਣ, ਡਾਵਾਂਡੋਲ ਹੈ। ਅਜਿਹੇ ਸਮੇਂ ਲਈ ਬਲੀ ਦੇਣ ਨੂੰ ਇਹਨਾਂ ਨੂੰ ਸਭ ਤੋਂ ਵੱਧ ਸਿੱਖ ਮੁਫ਼ੀਦ ਹਨ, ਜਿਨ੍ਹਾਂ ਦੇ ਲਹੂ ਨਾਲ ਚੋਣ-ਦੇਵੀ ਦਾ ਖੱਪਰ ਮਨੁੱਖੀ ਖ਼ੂਨ ਨਾਲ ਭਰਿਆ ਜਾ ਸਕਦਾ ਹੈ ਅਤੇ ਰਾਜੀਵ ਗਾਂਧੀ ਵਾਂਙੂੰ ਵੋਟ-ਲਾਹਾ ਲਿਆ ਜਾ ਸਕਦਾ ਹੈ। ਯੋਗਿਕ ਵਿਧੀ ਨਾਲ ਆਪਣੇ ਆਕਾਰ ਨੂੰ ਹਨੂੰਮਾਨ ਵਾਂਗ ਭੀਮਕਾਯ ਹੋਇਆ ਜਾਣ ਕੇ ਇਹਨਾਂ ਨੇ ਬਰਾਬਰ ਦੇ ਮੁਲਕਾਂ ਵਿੱਚ ਸਿੱਖਾਂ ਦੇ ਨਾਂਅ ਉੱਤੇ ਹਿੰਦੂਆਂ ਕੋਲੋਂ ਆਪਣੇ ਮੰਦਰਾਂ ਦੀ ਬੇਹੁਰਮਤੀ ਕਰਵਾਈ, ਆਪਣੇ ਏਜੰਟਾਂ ਰਾਹੀਂ ਖ਼ਾਲਿਸਤਾਨ ਦੇ ਨਾਅਰੇ ਲਗਵਾਏ ਅਤੇ ਫੇਰ ਔਰੰਗਾਈ ਅੰਦਾਜ਼ ਵਿੱਚ ਔਸਟ੍ਰੇਲੀਆ, ਕੈਨੇਡਾ ਨੂੰ ਬਾਰ-ਬਾਰ 'ਹੁਕਮ' ਕੀਤਾ ਕਿ ਸਿੱਖਾਂ ਨੂੰ ਕੁਚਲ ਦਿਉ। ਚੂਕ ਏਥੇ ਹੋਈ ਕਿ ਅਜੇ ਹਿੰਦੂਤਵ ਦਾ ਸਮਰਾਜ ਕਾਇਮ ਨਹੀਂ ਸੀ ਹੋਇਆ ਅਤੇ ਨਾ ਉਹਨਾਂ ਮਜਬੂਤ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਨੇ ਅਜੇ ਸੂਬੇਦਾਰ ਬਣਨਾ ਪ੍ਰਵਾਨ ਕੀਤਾ ਸੀ। ਏਸ ਲਈ ਜੋ ਕੰਮ ਵਿਦੇਸ਼ੀ ਸਰਕਾਰਾਂ ਕੋਲੋਂ ਕਰਵਾਉਣਾ ਸੀ, ਉਹ ਇਹਨਾਂ ਨੂੰ ਆਪੇ ਕਰਨਾ ਪਿਆ। ਬਾਹਰ ਦੇ ਅਣਭੋਲ, ਲਾਈ-ਲੱਗ, ਫੋਕੇ ਨਾਅਰੇ ਬੁਲੰਦ ਕਰਨ ਨੂੰ ਕੌਮੀ ਸੇਵਾ ਸਮਝਣ ਵਾਲੇ ਸਿੱਖਾਂ ਦੇ ਕਤਲ ਹੋਏ।

ਕੈਨੇਡਾ ਸਮੇਤ ਪੰਜ ਮੁਲਕਾਂ ਦੇ ਸਾਂਝੇ ਤੀਜੇ ਨੇਤਰ ਨੇ ਹਕੀਕਤ ਲੱਭ ਲਈ। ਪਤਾ ਲੱਗਿਆ ਹੈ ਕਿ ਉਹਨਾਂ ਸਭ ਕੁਝ ਨੰਗਾ ਕਰਦੇ ਵਾਰਤਾਲਾਪ ਵੀ ਰਿਕਾਰਡ ਕਰ ਲਏ ਹਨ। ਪੱਕੇ ਪੈਰੀਂ ਹੋ ਕੇ, ਪੰਜਾਂ ਮੁਲਕਾਂ ਦੀ ਸਲਾਹ ਨਾਲ ਮੁਆਮਲਾ, ਸਿਆਣੇ-ਸੁਲਝੇ ਤਰੀਕੇ ਨਾਲ, ਹਿੰਦੋਸਤਾਨ ਦੇ ਜ਼ਿੰਮੇਵਾਰ ਲੋਕਾਂ ਕੋਲ ਉਠਾਇਆ ਗਿਆ। ਏਸ ਉੱਤੇ ਵਿਸ਼ਵ-ਗੁਰੂ ਮੁਲਕ ਭੜਕ ਉੱਠਿਆ: 'ਅਸੀਂ ਤਾਂ 1947 ਤੋਂ ਲੈ ਕੇ ਲੱਖਾਂ ਸਿੱਖਾਂ ਦਾ ਘਾਣ ਕਰ ਚੁੱਕੇ ਹਾਂ। ਸਾਡੀ ਪੁਰਾਤਨ ਸੱਭਿਅਤਾ ਨੂੰ ਨਰ ਬਲੀ ਦੇਣ ਦੇ ਮਹਾਤਮ ਦੀ ਪੂਰੀ ਸੂਝ ਹੈ। ਇਹ ਨਵੇਂ ਜੰਮੇ ਛੋਕਰੇ ਮੁਲਕ ਸਾਨੂੰ ਹੀ ਮਨੁੱਖੀ ਅਧਿਕਾਰਾਂ ਦੇ ਪਾਠ ਪੜ੍ਹਾਉਂਦੇ ਹਨ! ਸਿੱਖ ਤਾਂ ਜੰਮੇ ਹੀ ਬਲੀ ਦਾ ਬੱਕਰਾ ਬਣਨ ਲਈ ਹਨ। ਜੇ ਸਮਝ ਨਹੀਂ ਸੀ ਤਾਂ ਵਿਸ਼ਵ-ਗੁਰੂ ਤੋਂ ਕੁਝ ਮਾੜਾ-ਮੋਟਾ ਸਿੱਖ ਲੈਂਦੇ।' ਇਉਂ ਇਹ ਲੜਾਈ ਲੱਸੀ ਵਾਂਗ ਵਧਾਈ ਗਈ।

ਹਿੰਦੂਤਵੀਆਂ ਦੀ ਚੰਗੀ ਕਿਸਮਤ ਨੂੰ ਸਿੱਖ ਯੋਗ ਸਿਆਸੀ ਆਗੂਆਂ ਤੋਂ ਮਹਿਰੂਮ ਹਨ। ਜੇ ਇੱਕ ਵੀ ਹੁੰਦਾ ਤਾਂ ਅੱਜ 1947 ਤੋਂ ਅੱਜ ਤੱਕ ਚੱਲਦੇ ਕਤਲੇਆਮ ਦੀ ਸਾਰੀ ਕਹਾਣੀ ਸੰਸਾਰ ਨੇ ਪਿਛਲੇ ਦਸ ਕੁ ਦਿਨਾਂ ਵਿੱਚ ਸੁਣ ਲੈਣੀ ਸੀ। ਹਿਟਲਰ, ਜਿਸ ਦੇ ਹਿੰਦੂਤਵੀਏ ਸਭ ਤੋਂ ਵੱਧ ਪ੍ਰਸ਼ੰਸਕ ਅਤੇ ਨਕਲ ਕਰਨ ਵਾਲੇ ਹਨ, ਨੇ ਸਭ ਸੁਣ ਕੇ ਖਾਕ ਵਿੱਚੋਂ ਉੱਠ ਕੇ ਇਹਨਾਂ ਨੂੰ ਜਚਾ ਕੇ ਨਾਜ਼ੀ (ਨਾਟਸੀ) ਸਲੂਟ ਮਾਰਨਾ ਸੀ। ਆਈਨ-ਵਿਰੋਧੀ ਕਾਨੂੰਨ ਬਣਾ ਕੇ, ਸੰਵਿਧਾਨ ਨੂੰ ਛਿੱਕੇ ਟੰਗ ਕੇ, ਚੱਕਰਵਿਊ (ਮੱਕੜਜਾਲ) ਵਿੱਚ ਫਸਾ ਕੇ ਸਫ਼ਾਈ ਨਾਲ ਘਾਣ ਕਰਨਾ ਅਜੇ ਅਡੌਲਫ ਹਿਟਲਰ ਨੂੰ ਵੀ ਪੂਰਾ ਨਹੀਂ ਸੀ ਆਇਆ। ਸਭ ਕੁਝ ਕਰ ਕਰਾ ਕੇ ਪਾਕ-ਸਾਫ਼ ਬਣੇ ਰਹਿਣ ਦੇ ਮੰਤਰ ਤੋਂ ਤਾਂ ਉਹ ਉੱਕਾ ਅਣਜਾਣ ਸੀ। ਓਸ ਨੂੰ ਸਿੱਖਾਂ ਵਰਗੀਆਂ ਸਾਊ ਗਊਆਂ, ਜੋ ਜ਼ਿਬ੍ਹਾ ਹੋਈ ਜਾਣ ਪਰ ਕੁਸਕਣ ਨਾ, ਵੀ ਨਹੀਂ ਸਨ ਮਿਲੀਆਂ।

ਚਲਾਕ ਤੋਂ ਚਲਾਕ ਕੁਕਰਮੀ ਅਤੇ ਅਪਰਾਧੀ ਯਾਦ ਨਹੀਂ ਰੱਖਦਾ ਕਿ ਰੱਬ ਵੀ ਵੇਖਦਾ ਹੈ। ਜਦੋਂ ਕਲਗ਼ੀ ਦਾ ਲਿਸ਼ਕਾਰਾ ਪਿਆ, ਜਦੋਂ ਅਕਾਲ ਪੁਰਖ ਕਲਗੀਧਰ ਦਸਮੇਸ਼ ਦੀ ਸਵੱਲੀ ਨਜ਼ਰ ਆਪਣੇ ਪਿਆਰੇ ਖ਼ਾਲਸੇ ਉੱਤੇ ਪਈ ਤਾਂ ਉਹ ਜ਼ਰੂਰ ਕਮਰਕੱਸਾ ਕਰ ਕੇ ਉੱਠੇਗਾ, ਆਪਣੀ ਰੱਖਿਆ ਦਾ ਢੁਕਵਾਂ ਅਤੇ ਪੁਖਤਾ ਸਿਆਸੀ ਇੰਤਜ਼ਾਮ ਕਰੇਗਾ ਅਤੇ ਸਿੱਖਾਂ ਦੀ ਦਰਦ-ਕਹਾਣੀ ਵੀ ਦੁਨੀਆਂ ਨੂੰ ਦੱਸੇਗਾ।

ਨਿਰਦੋਸ਼ ਪੁੱਤਾਂ ਨੂੰ ਅਣਪਛਾਤੀਆਂ ਲਾਸ਼ਾਂ ਬਣਾ ਕੇ ਸਾੜਨ ਵਾਲੇ ਅੱਜ ਅਗਲੀ ਮੰਜ਼ਲ ਉੱਤੇ ਪਹੁੰਚ ਗਏ ਹਨ ਤੇ ਹੁਣ ਹਰਦੀਪ ਸਿੰਘ ਨਿੱਜਰ ਦੀ ਲਾਸ਼ ਨੂੰ ਲੁੱਟਣ ਦੀ ਨਵੀਂ ਪਿਰਤ ਪਾਉਣ ਲੱਗੇ ਹਨ। ਓਸ ਦੀ ਜਾਇਦਾਦ ਨੂੰ ਜ਼ਬਤ ਕਰਨ ਦੇ ਐਲਾਨ ਆ ਚੁੱਕੇ ਹਨ। ਕਾਨੂੰਨ ਸਾਹਮਣੇ ਪੇਸ਼ ਹੋਣ ਲਈ ਪਹਿਲਾਂ ਜਾਇਦਾਦ ਜ਼ਬਤ ਕੀਤੀ ਜਾਂਦੀ ਸੀ। ਹੁਣ ਨਿੱਜਰ ਕਿਵੇਂ ਪੇਸ਼ ਹੋ ਕੇ ਆਪਣਾ ਪੱਖ ਰੱਖੇਗਾ? ਕਿਵੇਂ ਆਪਣੇ-ਆਪ ਨੂੰ ਨਿਰਦੋਸ਼ ਸਾਬਤ ਕਰੇਗਾ? ਮੌਤ ਉਪਰੰਤ, ਕਾਨੂੰਨ ਅਨੁਸਾਰ, ਦਸ ਕੁ ਮਰਲੇ ਦਾ ਪਿੰਡ ਦਾ ਘਰ, ਜੋ ਪਹਿਲਾਂ ਉਸ ਦੇ ਬਾਪ-ਦਾਦੇ ਦਾ ਸੀ, ਹੁਣ ਓਸ ਦੇ ਵਾਰਸਾਂ ਦਾ ਹੋ ਚੁੱਕਾ ਹੈ। ਸੰਸਾਰ ਦੇ ਨਿਆਂ-ਸ਼ਾਸਤਰ (jurisprudence) ਅਤੇ ਇੱਕ ਪੈਗੰਬਰ ਦਾ ਖੁਤਬਾ-ਉਲ-ਵਿਦਾਅ ਵੀ ਏਹੀ ਆਖਦੇ ਹਨ ਕਿ ਪਿਤਾ ਦੇ ਕਰਮਾਂ ਦਾ ਬਦਲਾ ਓਸ ਦੀ ਸੰਤਾਨ ਤੋਂ ਨਹੀਂ ਲਿਆ ਜਾ ਸਕਦਾ। ਬਹਾਦਰ ਸ਼ਾਹ ਵਰਗੇ ਜ਼ਾਲਮ ਨੂੰ ਵੀ ਇਹ ਬੋਲ ਯਾਦ ਸਨ। ਜਦੋਂ ਦਸਮੇਸ਼ ਦੀ ਜਾਇਦਾਦ ਜ਼ਬਤ ਕਰਨ ਲਈ ਮੁਰਾਸਲਾ ਉਸ ਨੂੰ ਭੇਜਿਆ ਗਿਆ ਤਾਂ ਓਸ ਨੇ ਉੱਤੇ ਲਿਖਿਆ: 'ਦਰਵੇਸ਼ ਦੇ ਧਨ ਨਾਲ ਸ਼ਾਹੀ ਖ਼ਜ਼ਾਨਾ ਭਰਪੂਰ ਨਹੀਂ ਹੋ ਜਾਣਾ'।

ਆਹ ਜੋ ਪਹੁੰਚੀ ਫ਼ਲਕ,
ਸੁਨ ਕਰ ਬੋਲੇ ਮਲਕ,
ਆਫ਼ਰੀਨ ਇਸ ਆਹ ਕੇ,
ਜਿਸ ਨੇ ਸਾਰਾ ਅੰਬਰ ਹਿਲਾ ਦੀਆ।

-0-


# ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M: 79733-70542**
**Email:** gurmatvirsa@gmail.com

ਦੀਵਾਲੀ ਤੇ ਬੰਦੀ ਛੋੜ ਦੀ ਅਸਲੀਅਤ

# ਗੁਰਮੁਖ ਸੁਖਫਲ ਦਾਤ ਸ਼ਬਦ ਸਮ੍ਹਾਲੀਅਨਿ




ਕੈਪਟਨ ਅਵਤਾਰ ਸਿੰਘ
97819-90206


**ਦੇਖਾ ਦੇਖੀ ਕਰਮ ਕਾਂਡ ਕਰਨੇ**

ਗੁਰਬਾਣੀ ਦੀ ਵਿਚਾਰ ਭਾਵ ਸਿਧਾਂਤਕ ਪੱਖ ਨੂੰ ਨਾ ਸਮਝਣ ਕਰਕੇ ਅਸੀਂ ਦੇਖਾ ਦੇਖੀ ਅਨਮਤਾਂ ਵਾਲੇ ਕਰਮ-ਕਾਂਡ ਕਰਨ ਨੂੰ ਤਰਜੀਹ ਦਿੰਦੇ ਹਾਂ। ਹੌਲੀ ਹੌਲੀ ਇਹ ਕਰਮ-ਕਾਂਡ ਧਰਮ ਦੀਆਂ ਪੱਕੀਆਂ ਪ੍ਰੰਪਰਾਵਾਂ ਬਣ ਜਾਂਦੀਆਂ ਹਨ। ਸਾਡੀ ਹਾਲਤ ਏਨੀ ਪਤਲੀ ਹੋ ਗਈ ਹੈ ਕਿ ਜਿਹੜਾ ਵੀ ਕਿਸੇ ਧਰਮ ਦਾ ਕਰਮ ਅਸੀਂ ਦੇਖਦੇ ਹਾਂ, ਅਸੀਂ ਉਹੋ ਹੀ ਕਰਮ ਕਰਨ ਲੱਗ ਜਾਂਦੇ ਹਾਂ। ਦੂਜੇ ਧਰਮ ਕਰਮ ਨੂੰ ਅਸੀਂ ਸਿੱਖ ਸਿਧਾਂਤ ਦੇ ਢਾਂਚੇ ਫਿੱਟ ਕਰਨ ਦਾ ਪੂਰਾ ਪੂਰਾ ਯਤਨ ਕਰਦੇ ਹਾਂ। ਦਰਅਸਲ ਅਸੀਂ ਭੇਡ ਚਾਲ ਦੇ ਸ਼ਿਕਾਰ ਹੋ ਚੁੱਕੇ ਹਾਂ। ਅਸੀਂ ਆਪਣੇ ਨਿਆਰੇਪਨ ਵਲੋਂ ਕਿਨਾਰਾ ਕਰਕੇ ਬਹੁ ਗਿਣਤੀ ਵਾਲੇ ਲੋਕਾਂ ਦੇ ਕਰਮਾਂ ਨੂੰ ਤਰਜੀਹ ਦਿੰਦੇ ਹਾਂ। ਬਾਹਰਲੇ ਮੁਲਕ ਦੇ ਇਕ ਗੁਰਦੁਆਰਾ ਸਾਹਿਬ ਵਿਖੇ ਦੋ ਪੁਸਤਕਾਂ ਦੇ ਸਟਾਲ ਲੱਗੇ ਹੋਏ ਸਨ। ਇਕ ਸਟਾਲ 'ਤੇ ਸਿਧਾਂਤਕ ਪੁਸਤਕਾਂ ਸਨ ਤੇ ਦੂਜੇ ਸਟਾਲ 'ਤੇ ਮਾਲਾ, ਸੰਕਟ ਮੋਚਨ, ਦੁਖਭੰਜਨ ਭਗਤ ਮਾਲਾ, ਪੂਰਨਮਾਸ਼ੀ ਦੀ ਕਥਾ, ਗੁਰੂ ਸਾਹਿਬਾਨ ਦੀਆਂ ਰੰਗ ਬਰੰਗੀਆਂ ਫੋਟੋਆਂ ਤੇ ਪੰਜਾਬ ਦੇ ਮਰ ਚੁੱਕੇ ਸਾਧਾਂ ਦੀਆਂ ਮੂਰਤੀਆਂ ਪਈਆਂ ਹੋਈਆਂ ਸਨ। ਜਿੰਨ੍ਹਾਂ ਪਾਸ ਸਿਧਾਂਤਕ ਪੁਸਤਕਾਂ ਸਨ ਨਾ ਲਾਭ ਤੇ ਨਾ ਹਾਨੀ ਤੇ ਪੁਸਤਕਾਂ ਦੇ ਰਹੇ ਸਨ। ਇੰਝ ਇਹਨਾਂ ਦੀ ਕੁੱਲ ਵਿਕਰੀ ਸਾਰੇ ਦਿਨ ਵਿਚ ਚਾਰ ਸੌ ਡਾਲਰ ਦੀ ਹੋਈ, ਦੂਜੇ ਪਾਸੇ ਗੈਰ ਸਿਧਾਂਤਕ ਵਿਕਰੀ ਕਰਨ ਵਾਲਿਆਂ ਦੀ ਤਿੰਨ ਹਜ਼ਾਰ ਦੀ ਵਿਕਰੀ ਹੋਈ। ਇਸ ਦਾ ਅਰਥ ਹੈ ਕਿ ਸਾਨੂੰ ਗੁਰਬਾਣੀ ਦੇ ਮਹੱਤਵ ਜਾਂ ਗੁਰਬਾਣੀ ਸਿਧਾਂਤ ਸਬੰਧੀ ਕੋਈ ਜਾਣਕਾਰੀ ਨਹੀਂ ਹੈ। ਲਗਦਾ ਹੈ ਅਸੀਂ ਗੁਰਬਾਣੀ ਸਿਧਾਂਤ ਤੋਂ ਬਹੁਤ ਦੂਰ ਚਲੇ ਗਏ ਹਾਂ ਤੇ ਦੇਖਾ-ਦੇਖੀ ਦੇ ਹੀ ਕਰਮਾਂ ਨੂੰ ਧਰਮ ਸਮਝੀ ਬੈਠੇ ਹਾਂ। ਇਹਨਾਂ ਕਰਮਾਂ ਨੂੰ ਹੀ ਅਸੀਂ ਪਰਮ ਧਰਮ ਸਮਝ ਲਿਆ ਹੈ।ਕਹਿੰਦੇ ਨੇ ਇਕ ਅਧਿਆਪਕ ਜਮਾਤ ਵਿਚ ਬੱਚਿਆਂ ਨੂੰ ਪੁੱਛਦਾ ਹੈ, ਕਿ "ਬੱਚਿਓ ਜੇ ਵਾੜੇ ਵਿਚ ਸੌ ਭੇਡ ਰਹਿੰਦੀ ਤਾਂ ਉਹਨਾਂ ਵਿਚੋਂ ਇਕ ਬਾਹਰ ਨਿਕਲ ਜਾਏ ਤਾਂ ਬਾਕੀ ਪਿੱਛੇ ਕਿੰਨੀਆਂ ਰਹਿ ਜਾਂਦੀਆਂ ਹਨ" ਤਾਂ ਸਾਰੀ ਜਮਾਤ ਦੇ ਬੱਚੇ ਕਹਿਣ ਲੱਗੇ, ਕਿ "ਉਸਤਾਦ ਜੀ ਉਸ ਵਾੜੇ ਵਿਚ ਨੜ੍ਹੇਨਵੇਂ ਭੇਡਾਂ ਰਹਿ ਜਾਣਗੀਆਂ"। ਸਾਰੀ ਜਮਾਤ ਵਿਚੋਂ ਇਕ ਬੱਚੇ ਨੇ ਕੋਈ ਜੁਆਬ ਨਾ ਦਿੱਤਾ ਤਾਂ ਅਧਿਆਪਕ ਨੇ ਦੁਬਾਰਾ ਪੁੱਛਿਆ, ਕਿ "ਕਾਕਾ ਤੈਨੂੰ ਸਵਾਲ ਦੀ ਸਮਝ ਨਹੀਂ ਆਈ ਤੂੰ ਇਸ ਗੱਲ ਦਾ ਕੋਈ ਉੱਤਰ ਨਹੀਂ ਦਿੱਤਾ"। ਤਾਂ ਅੱਗੋਂ ਬੱਚਾ ਕਹਿੰਦਾ, "ਉਸਤਾਦ ਜੀ ਇਹ ਮੇਰੇ ਸਾਥੀ ਝੂਠ ਬੋਲਦੇ ਹਨ, ਇਹਨਾਂ ਨੂੰ ਭੇਡਾਂ ਬਾਰੇ ਕੋਈ ਵੀ ਮੁੱਢਲਾ ਗਿਆਨ ਨਹੀਂ ਹੈ ਕਿਉਂਕਿ ਇਹਨਾਂ ਨੇ ਭੇਡਾਂ ਨਹੀਂ ਰੱਖੀਆਂ ਹੋਈਆਂ ਹਨ। ਦਰਅਸਲ ਉਸਤਾਦ ਜੀ ਜਦੋਂ ਵਾੜੇ ਵਿਚੋਂ ਇਕ ਭੇਡ ਬਾਹਰ ਨਿਕਲ ਜਾਂਦੀ ਹੈ ਤਾਂ ਪਿੱਛੇ ਕੋਈ ਭੇਡ ਵੀ ਨਹੀਂ ਰਹਿ ਜਾਂਦੀ ਕਿਉਂਕਿ ਸਾਰੀਆਂ ਭੇਡਾਂ ਉਸ ਭੇਡ ਦੇ ਪਿੱਛੇ ਚਲੀਆਂ ਜਾਂਦੀਆਂ ਹਨ"। ਸ਼ਾਇਦ ਏਥੋਂ ਹੀ ਭੇਡ ਚਾਲ ਮੁਹਾਵਰੇ ਦਾ ਮੁੱਢ ਬੱਝਿਆ ਹੈ। ਇਕ ਭੇਡ ਨੇ ਖੂਹ ਵਿਚ ਛਾਲ ਮਾਰ ਦਿੱਤੀ ਉਸ ਦੇ ਪਿੱਛੇ ਸਾਰੀਆਂ ਭੇਡਾਂ ਛਾਲਾਂ ਮਾਰ ਦਿੰਦੀਆਂ ਹਨ। ਸਿੱਖ ਕੌਮ ਦੀ ਤ੍ਰਾਸਦੀ ਵੀ ਕੁਝ ਏਹੋ ਜਿਹੀ ਹੀ ਹੈ ਕਿ ਆਪਣੇ ਮਹਾਨ ਵਿਰਸੇ ਨੂੰ ਛੱਡ ਕੇ ਪਿਛਲੱਗ ਬਣਨ ਵਿੱਚ ਫ਼ਕਰ ਮਹਿਸੂਸ ਕਰ ਰਹੀ ਹੈ। ਜਦੋਂ ਪਿੰਡ ਵਿਚੋਂ ਕੋਈ ਕਿਸੇ ਡੇਰੇ 'ਤੇ ਜਾਂਦਾ ਹੈ ਬਾਕੀ ਲੋਕ ਵੀ ਸੋਚਣ ਲਈ ਮਜ਼ਬੂਰ ਹੋ ਜਾਂਦੇ ਹਨ ਕਿ ਜਦੋਂ ਦਾ ਇਹ ਡੇਰੇ 'ਤੇ ਜਾਣ ਲੱਗਿਆ ਬੜਾ ਸੌਖਾ ਹੋ ਗਿਆ ਹੋਣਾ ਏਂ? ਕਿਉਂ ਨਾ ਆਪਾਂ ਵੀ ਇਕ ਵਾਰੀ ਜਾ ਆਈਏ ਖੌਰੇ ਕੋਈ ਸਾਡਾ ਵੀ ਕੰਮ ਸੌਰ ਜਾਏਗਾ। ਇੰਝ ਦੇਖਾ-ਦੇਖੀ ਟਰਾਲੀਆਂ ਭਰ ਭਰ ਮੂੰਹ ਚੁੱਕ ਕੇ ਇਕ ਦੂਜੇ ਨਾਲੋਂ ਪਹਿਲਾਂ ਪਹੁੰਚਣ ਵਿਚ ਫ਼ਕਰ ਮਹਿਸੂਸ ਕਰਦੇ ਹਾਂ।



ਦੇਖਾ-ਦੇਖੀ ਭਾਵ ਜੋ ਬਿਨਾਂ ਸੋਚੇ ਸਮਝੇ ਕਰਮ ਕਰਨੇ ਹਨ ਉਸ ਨੂੰ ਭੇਡ ਚਾਲ ਆਖਦੇ ਹਨ। ਗੁਰੂ ਨਾਨਕ ਸਾਹਿਬ ਜੀ ਫੁਰਮਾਉਂਦੇ ਹਨ

**ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥**
**ਜਿਨ ਗੁਰਮੁਖਿ ਹਿਰਦਾ ਸੁਧੁ ਹੈ ਸੇਵ ਪਈ ਤਿਨ ਥਾਇ ॥ (28)**

**ਅੱਖਰੀਂ ਅਰਥ**--ਆਪਣੇ ਮਨ ਦੇ ਪਿਛੇ ਤੁਰਨ ਵਾਲਾ ਮਨੁੱਖ ਸਭ ਕੁਝ ਵਿਖਾਵੇ ਦੀ ਖ਼ਾਤਰ ਕਰਦਾ ਹੈ, ਉਸ ਨੂੰ ਸਹੀ ਜੀਵਨ ਜੀਊਣ ਦੀ ਸਮਝ ਨਹੀਂ ਆਉਂਦੀ। (ਪਰ) ਗੁਰੂ ਦੇ ਸਨਮੁਖ ਹੋ ਕੇ ਜਿਨ੍ਹਾਂ ਮਨੁੱਖਾਂ ਦਾ ਹਿਰਦਾ ਪਵਿੱਤਰ ਹੋ ਜਾਂਦਾ ਹੈ, ਉਹਨਾਂ ਦੀ ਘਾਲ-ਕਮਾਈ (ਪ੍ਰਭੂ ਦੇ ਦਰ ਤੇ) ਕਬੂਲ ਹੋ ਜਾਂਦੀ ਹੈ।

ਬਾਹਰਲੇ ਮੁਲਕਾਂ ਵਿੱਚ ਵਿਆਹ ਦੇਖ ਲਓ ਜਿਸ ਤਰ੍ਹਾਂ ਚਰਚ ਵਿੱਚ ਵਿਆਹ ਕਰਨ ਲਈ ਉਹ ਜਾਂਦੇ ਹਨ ਓਸੇ ਤਰ੍ਹਾਂ ਹੀ ਅਸੀਂ ਗੁਰਦੁਆਰੇ ਵਿਚ ਆਉਂਦੇ ਹਾਂ। ਜਿਸ ਤਰ੍ਹਾਂ ਚਰਚ ਵਿੱਚ ਲਾੜੇ ਦੇ ਕਪੜਿਆਂ ਦਾ ਰੰਗ ਹੁੰਦਾ ਹੈ ਓਸੇ ਤਰ੍ਹਾਂ ਹੀ ਲਾੜੇ ਦੇ ਦੋਸਤਾਂ ਦੇ ਕਪੜੇ ਹੁੰਦੇ ਹਨ। ਇਸੇ ਤਰ੍ਹਾਂ ਹੀ ਵਿਆਹ ਵਾਲੀ ਬੱਚੀ ਜਿਸ ਰੰਗ ਦਾ ਕਪੜਾ ਪਾਇਆ ਹੁੰਦਾ ਹੈ ਓਸੇ ਤਰ੍ਹਾਂ ਦੇ ਹੀ ਬਾਕੀ ਬੱਚੀਆਂ ਨੇ ਕਪੜੇ ਪਹਿਨੇ ਹੁੰਦੇ ਹਨ। ਭਾਵ ਕਿ ਦੇਖਾ-ਦੇਖੀ ਅਸੀਂ ਝੱਟ ਭੀੜ ਵਿਚ ਸ਼ਾਮਿਲ ਹੋ ਗਏ। ਚਰਚ ਵਾਲਾ ਪਹਿਰਾਵਾ ਅਸੀਂ ਬਹੁਤ ਜਲਦੀ ਪਕੜਿਆ ਹੈ। ਭਾਵ ਕਿ ਚਰਚ ਵਾਲੀ ਗੱਲ ਨੂੰ ਅਸੀਂ ਗੁਰਦੁਆਰੇ ਵਿੱਚ ਵੀ ਲੈ ਆਉਂਦਾ ਹੈ। ਇਕ ਵਿਦਵਾਨ ਲਿਖਦਾ ਹੈ ਕਿ ਇਕ ਝੂਠ ਨੂੰ ਸੌ ਵਾਰ ਬੋਲਿਆ ਜਾਏ ਤਾਂ ਉਹ ਸੱਚ ਮਹਿਸੂਸ ਹੋਣ ਲਗਦਾ ਹੈ। ਸਿੱਖੀ ਦਾ ਨਿਆਰਾਪਨ ਹੀ ਇਹ ਹੈ ਕਿ ਇਸ ਦੇ ਆਪਣੇ ਸਿਧਾਂਤ ਹਨ ਜੋ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹਨ। ਗੁਰਬਾਣੀ ਸਿਧਾਂਤ ਵਾਲਾ ਕਦੇ ਦੁਨੀਆਂ ਨਾਲ ਸਮਝੌਤਾ ਨਹੀਂ ਕਰਦਾ। ਉਹ ਸ਼ਹੀਦੀਆਂ ਨੂੰ ਪਹਿਲ ਦੇਵੇਗਾ ਪਰ ਕਿਸੇ ਦੀ ਈਨ ਨਹੀਂ ਮੰਨੇਗਾ। ਉਹ ਸੱਚ 'ਤੇ ਪਹਿਰਾ ਦਿੰਦਾ ਹੈ। ਗੁਰਬਾਣੀ ਦੇ ਇਹਨਾਂ ਵਾਕਾਂ ਨੂੰ ਸਮਝਣ ਦਾ ਯਤਨ ਕਰੀਏ

**ਨਾਨਕ ਦੁਨੀਆ ਕੈਸੀ ਹੋਈ ॥ ਸਾਲਕੁ ਮਿਤੁ ਨ ਰਹਿਓ ਕੋਈ॥**
**ਭਾਈ ਬੰਧੀ ਹੇਤੁ ਚੁਕਾਇਆ ॥**
**ਦੁਨੀਆ ਕਾਰਣਿ ਦੀਨੁ ਗਵਾਇਆ॥ (1410)**

**ਅੱਖਰੀਂ ਅਰਥ** ਹੇ ਨਾਨਕ ! ਦੁਨੀਆਂ (ਦੀ ਲੁਕਾਈ) ਅਜਬ ਨੀਵੇਂ ਪਾਸੇ ਜਾ ਰਹੀ ਹੈ। ਸਹੀ ਜੀਵਨ-ਰਸਤਾ ਦੱਸਣ ਵਾਲਾ ਮਿੱਤਰ ਕਿਤੇ ਕੋਈ ਲੱਭਦਾ ਨਹੀਂ। ਭਰਾਵਾਂ ਸਨਬੰਧੀਆਂ ਦੇ ਮੋਹ ਵਿਚ ਫਸ ਕੇ (ਮਨੁੱਖ ਪਰਮਾਤਮਾ ਦਾ) ਪਿਆਰ (ਆਪਣੇ ਅੰਦਰੋਂ ਮੁਕਾਈ ਬੈਠਾ ਹੈ) ਦੁਨੀਆ (ਦੀ ਮਾਇਆ) ਦੀ

ਖ਼ਾਤਰ ਆਤਮਕ ਜੀਵਨ ਦਾ ਸਰਮਾਇਆ ਗੰਵਾਈ ਜਾ ਰਿਹਾ ਹੈ।

ਉਪਰੋਕਤ ਸਲੋਕ ਵਿਚ ਗੁਰੂ ਨਾਨਕ ਸਾਹਿਬ ਜੀ ਫਰਮਾਉਂਦੇ ਹਨ ਕਿ ਦੁਨੀਆਂ ਨਾਲ ਸਮਝੌਤਾ ਕਰਕੇ ਇਸ ਨੇ ਈਮਾਨ ਗਵਾ ਲਿਆ ਹੈ। ਜਿਹੜੀ ਦੁਨੀਆਂ ਖਾਤਰ ਇਸ ਨੇ ਆਪਣਾ ਇਮਾਨ ਗਵਾਇਆ ਹੈ ਉਸ ਨੇ ਇਸ ਦਾ ਸਾਥ ਨਹੀਂ ਦਿੱਤਾ।

**ਕਬੀਰ ਦੀਨੁ ਗਵਾਇਆ ਦੁਨੀ ਸਿਉ ਦੁਨੀ ਨ ਚਾਲੀ ਸਾਥਿ ॥**
**ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ ॥ (1365)**

**ਅੱਖਰੀ ਅਰਥ** ਹੇ ਕਬੀਰ! ਗ਼ਾਫ਼ਲ ਮਨੁੱਖ ਨੇ 'ਦੁਨੀਆਂ' (ਦੇ ਧਨ-ਪਦਾਰਥ) ਦੀ ਖ਼ਾਤਰ 'ਦੀਨ' ਗਵਾ ਲਿਆ, (ਅਖ਼ੀਰ ਵੇਲੇ ਇਹ) ਦੁਨੀਆ ਭੀ ਮਨੁੱਖ ਦੇ ਨਾਲ ਨਾਹ ਤੁਰੀ। (ਸੋ) ਲਾ-ਪਰਵਾਹ ਬੰਦੇ ਨੇ ਆਪਣੇ ਪੈਰ ਉਤੇ ਆਪਣੇ ਹੀ ਹੱਥ ਨਾਲ ਕੁਹਾੜਾ ਮਾਰ ਲਿਆ (ਭਾਵ, ਆਪਣਾ ਨੁਕਸਾਨ ਆਪ ਹੀ ਕਰ ਲਿਆ)।

ਬ੍ਰਾਹਮਣ ਭਾਵ ਤੇਜ਼ ਤਰਾਰ ਪੁਜਾਰੀ ਦੀ ਨੀਤੀ ਹੈ ਕਿ ਮੈਨੂੰ ਕਰਨਾ ਕੁਝ ਨਾ ਪਏ, ਲੋਕ ਮੇਰੀ ਉਪਜੀਵਕਾ ਲਈ ਕਈ ਸਾਲਾਂ ਦਾ ਆਪੇ ਹੀ ਪ੍ਰਬੰਧ ਕਰ ਦੇਣ। ਬ੍ਰਾਹਮਣ ਨੇ ਤਿਉਹਾਰਾਂ ਦੀ ਬਣਤਰ ਇਸ ਤਰ੍ਹਾਂ ਦੀ ਕੀਤੀ ਹੋਈ ਹੈ ਕਿ ਲੋਕ ਆਪਣੇ ਆਪ ਹੀ ਇਹਨਾਂ ਤਿਉਹਾਰਾਂ ਵਿਚ ਸ਼ਾਮਿਲ ਹੋ ਜਾਂਦੇ ਹਨ। ਤਿਉਹਾਰਾਂ ਪਿੱਛੇ ਮਨਸ਼ਾ ਵੀ ਏਦਾਂ ਦੀ ਰੱਖੀ ਹੋਈ ਹੈ ਕਿ ਲੋਕ ਮਹਿਸੂਸ ਕਰਨ ਕਿ ਇਹ ਤਿਉਹਾਰ ਵੱਡੀ ਪੱਧਰ 'ਤੇ ਮਨਾਉਣ ਨਾਲ ਸਾਡੇ ਘਰ ਵਿੱਚ ਸਭ ਖੁਸ਼ੀਆਂ ਆ ਜਾਣੀਆਂ ਹਨ।

**ਤਿਉਹਾਰ**

ਭਾਰਤ ਵਿਚ ਬਹੁਤ ਸਾਰੇ ਤਿਉਹਾਰਾਂ ਦਾ ਸਬੰਧ ਰੁੱਤਾਂ ਨਾਲ ਹੈ। ਕੁਝ ਤਿਉਹਾਰ ਇਸ ਤਰ੍ਹਾਂ ਦੇ ਵੀ ਹਨ ਜਿੰਨ੍ਹਾਂ ਦਾ ਸਬੰਧ ਵਰਣ ਆਸ਼ਰਮਾਂ ਨਾਲ ਹੈ। ਵੈਸਾਖੀ-ਬ੍ਰਾਹਮਣ, ਦੁਸਹਿਰਾ-ਖਤਰੀਆਂ ਲਈ, ਦੀਵਾਲੀ ਵੈਸ਼ਾਂ ਤੇ ਹੋਲੀ ਨੂੰ ਸ਼ੂਦਰਾਂ ਲਈ ਰਾਖਵਾਂ ਰੱਖਿਆ ਗਿਆ ਹੈ। ਇਹਨਾਂ ਵਿਚੋਂ ਬਹੁਤੇ ਤਿਉਹਾਰ ਮਿਥਿਹਾਸ ਨਾਲ ਸਬੰਧ ਰੱਖਦੇ ਹਨ। ਬ੍ਰਾਹਮਣ ਨੇ ਜਿਹੜੇ ਤਿਉਹਾਰ ਨਿਯਤ ਕੀਤੇ ਹਨ ਉਹਨਾਂ ਦੀ ਖਾਧ-ਖੁਰਾਕ ਵੀ ਵੱਖਰੀ ਵੱਖਰੀ ਹੈ। ਬ੍ਰਾਹਮਣ ਦੇ ਨਿਯਤ ਕੀਤੇ ਤਿਉਹਾਰਾਂ ਵਿਚ ਆਮ ਲੋਕ ਸ਼ਾਮਿਲ ਹੁੰਦੇ ਹਨ। ਇਹ ਤਿਉਹਾਰ ਆਪਣੇ ਆਪ ਵਿੱਚ ਇਕ ਬਹੁਤ ਵੱਡਾ ਪ੍ਰਚਾਰ ਕਰ ਜਾਂਦੇ ਹਨ। ਅਸਲ ਵਿੱਚ ਪੁਜਾਰੀ ਇਹ ਸਮਝਾਉਣ ਵਿੱਚ ਸਫਲ ਰਿਹਾ ਹੈ ਚੰਗੀਆਂ ਤੇ ਭੈੜੀਆਂ ਰੂਹਾਂ ਹੁੰਦੀਆਂ ਹਨ। ਉਹਨਾਂ ਦੀ ਪੂਜਾ ਕਰਨ ਨਾਲ ਸਾਨੂੰ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਪੂਜਾ ਨਾ ਕਰਨ ਕਰਕੇ ਉਹ ਕਰੋਪ ਹੋ ਜਾਂਦੀਆਂ ਹਨ। ਸਾਡੇ ਪਰਿਵਾਰਕ ਦੁੱਖਾਂ ਦਾ ਕਾਰਨ ਵੀ ਇਹੀ ਦਸਦੇ ਹਨ ਕਿ ਸਾਡੇ ਕੋਲੋਂ ਕਿਤੇ ਇਹਨਾਂ ਦੀ ਪੂਜਾ ਨਹੀਂ ਹੋਈ ਇਸ ਲਈ ਇਹ ਭੈੜੀਆਂ ਰੂਹਾਂ ਸਾਡੇ ਨਾਲ ਨਰਾਜ਼ ਚੱਲ ਰਹੀਆਂ ਹਨ। ਇੰਝ ਕੁਦਰਤ ਦੀਆਂ ਦਾਤਾਂ ਦੀ ਮਨੁੱਖ ਪਾਸੋਂ ਪੂਜਾ ਕਰਾਉਣੀ ਸ਼ੁਰੂ ਕਰ ਦਿੱਤੀ। ਡਰ ਜਾਂ ਲਾਭ ਕਰਕੇ ਪੁਜਾਰੀ ਨੇ ਕੁਦਰਤ ਦੀਆਂ ਸ਼ਕਤੀਆਂ ਚੰਦ੍ਰਮਾ, ਸੂਰਜ, ਅੱਗ, ਬੱਦਲਾਂ, ਹਨੇਰੀਆਂ, ਦਰੱਖਤਾਂ ਤੇ ਪਸ਼ੂ-ਪੰਛੀਆਂ ਆਦਿ ਦੀ ਪੂਜਾ 'ਤੇ ਮਨੁੱਖ ਨੂੰ ਲਗਾ ਦਿੱਤਾ ਗਿਆ। ਇੰਝ ਭੈੜੀਆਂ ਰੂਹਾਂ ਤੋਂ ਬਚਣ ਲਈ ਇਨ੍ਹਾਂ ਦੀ ਪੂਜਾ ਅਰੰਭੀ ਗਈ।

ਇਸ ਦੇ ਇਲਾਵਾ ਦਸ ਪੁਰਬ ਤਿਆਰ ਕੀਤੇ ਗਏ ਜਿਹੜੇ ਮਹੀਨਾਵਾਰੀ ਜਾਂ ਸਾਲ ਬਾਅਦ ਆਉਂਦੇ ਹਨ

**ਸੂਰਜ ਚੰਦ੍ਰਮਾ ਨਾਲ ਸੰਬੰਧ ਰੱਖਣ ਵਾਲੇ ਹੇਠ-ਲਿਖੇ ਦਸ ਦਿਨ ਪਵਿੱਤਰ ਸਮਝੇ ਜਾ ਰਹੇ ਹਨ ਸੂਰਜ-ਗ੍ਰਹਿਣ, ਚੰਦ-ਗ੍ਰਹਿਣ, ਮੱਸਿਆ, ਪੁੰਨਿਆ, ਚਾਨਣਾ ਐਤਵਾਰ, ਸੰਗ੍ਰਾਂਦ, ਦੋ ਇਕਾਦਸ਼ੀਆਂ ਤੇ ਦੋ ਅਸ਼ਟਪਦੀਆਂ। ਇਹਨਾਂ ਦਸ ਦਿਨਾਂ ਨੂੰ ਪਵਿੱਤਰ ਦਿਨ ਮੰਨਿਆ ਜਾਂਦਾ ਹੈ। ਸੂਰਜ-ਦੇਵਤੇ ਨਾਲ ਸੰਬੰਧ ਰੱਖਣ ਵਾਲੇ ਇਨ੍ਹਾਂ ਵਿਚੋਂ ਸਿਰਫ਼ ਦੋ ਦਿਨ ਹਨ ਸੂਰਜ-ਗ੍ਰਹਿਣ ਅਤੇ ਸੰਗ੍ਰਾਂਦ। ਬਾਕੀ ਦੇ ਦਿਨ ਚੰਦ੍ਰਮਾ ਦੇ ਹਨ। 'ਚਾਨਣਾ ਐਤਵਾਰ' ਸੂਰਜ ਤੇ ਚੰਦ ਦੋਹਾਂ ਦਾ ਹੈ। ਵਖੋ-ਵਖ ਦੇਵਤਿਆਂ ਦੇ ਥਾਂ ਇਕ ਪਰਮਾਤਮਾ ਦੀ ਭਗਤੀ ਦਾ ਰਿਵਾਜ ਵਧਣ ਤੇ ਭੀ ਇਹਨਾਂ ਦਸ ਪੁਰਬਾਂ ਦੀ ਰਾਹੀਂ ਇਹਨਾਂ ਦੇਵਤਿਆਂ ਦੀ ਪੂਜਾ ਤੇ ਪਿਆਰ ਅਜੇ ਤਕ ਜੋਬਨ ਤੇ ਹੈ।**

**ਇਸ ਪ੍ਰਭਾਵ ਦੀ ਡੂੰਘਾਈ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੀ ਤਾਲੀਮ ਦੀ ਬਰਕਤਿ ਨਾਲ ਜੋ ਲੋਕ 'ਅੰਨ ਪੂਜਾ' ਛੱਡ ਕੇ ਇਕ ਅਕਾਲ ਪੁਰਖ ਨੂੰ ਮੰਨਣ ਵਾਲੇ ਹੋ ਚੁੱਕੇ ਸਨ ਉਹ ਭੀ ਅਜੇ ਸੂਰਜ ਦੀ ਯਾਦ ਮਨਾਣੀ ਨਹੀਂ ਛੱਡ ਸਕੇ।**

**ਤਿਉਹਾਰ ਦੇ ਅੱਖਰੀਂ ਅਰਥ ਹਨ** ਤਿੱਥ, ਵਾਰ ਉਤਸਵ ਮਨਾਉਣ ਦਾ ਦਿਨ, ਪੁਰਬ ਦਾ ਦਿਨ, ਤਿਉਹਾਰ, ਵੈਸਾਖੀ, ਹੋਲੀ, ਈਦ ਅਤੇ ਕ੍ਰਿਸਮਿਸ ਆਦਿ।

ਗੁਰੂ ਅਮਰਦਾਸ ਜੀ ਦਾ ਬੜਾ ਪਿਆਰਾ ਵਾਕ ਹੈ ਕਿ ਹੇ ਮਨੁੱਖ ਜੇ ਤੂੰ ਆਪਣੇ ਜੀਵਨ ਵਿਚ ਪੁੱਤਰਾਂ ਤੋਂ ਸਪੁੱਤਰ ਬਣਨਾ ਚਾਹੁੰਦਾ ਏਂ ਤਾਂ ਆਪਣਿਆਂ ਬਜ਼ੁਰਗਾਂ ਦੀਆਂ ਕਥਾ ਕਹਾਣੀਆਂ ਤਥਾ ਉਹਨਾਂ ਵਲੋਂ ਸਿਰਜੇ ਵਿਰਸੇ ਨੂੰ ਯਾਦ ਕਰ ਲਿਆ ਕਰ

**ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ॥ (951)**

ਸਿੱਖੀ ਵਿਚ ਤਿਉਹਾਰਾਂ ਦੀ ਥਾਂ'ਤੇ ਪੁਰਬ ਸ਼ਬਦ ਵਰਤਿਆ ਗਿਆ ਹੈ। ਪੁਰਬਾਂ ਸਬੰਧੀ ਭਾਈ ਗੁਰਦਾਸ ਸਾਹਿਬ ਜੀ ਫੁਰਮਾਉਂਦੇ ਹਨ ਕਿ ਗੁਰਸਿੱਖ ਭੈ-ਭੈਵਨੀ ਵਿੱਚ ਆ ਕੇ ਆਪਣੇ ਗੁਰੂਆਂ ਦੇ ਪੁਰਬ ਮਨਾਉਂਦੇ ਹਨ ਮੈਂ ਉਹਨਾਂ ਤੋਂ ਸਦਕੇ ਜਾਂਦਾ ਹਾਂ

**ਕੁਰਬਾਣੀ ਤਿਨਾਂ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ॥**
**(ਵਾਰ-12, ਪਉੜੀ-2)**

ਗੁਰੂ ਅਮਰਦਾਸ ਜੀ ਨੇ ਭਾਈ ਪਾਰੋ ਜੀ ਦੀ ਸਲਾਹ'ਤੇ ਵਿਸਾਖੀ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਪੁਰਬ 'ਤੇ ਗੋਇੰਦਵਾਲ ਵਿਖੇ ਸੰਗਤਾਂ ਨੂੰ ਇਕੱਠੇ ਹੋਣ ਲਈ ਕਿਹਾ ਜੋ ਇਤਿਹਾਸ ਦੇ ਪੰਨਿਆਂ'ਤੇ ਅੰਕਿਤ ਹੈ। ਇਸ ਇਕੱਠ ਵਿਚ ਭਵਿੱਖਤ ਦੀਆਂ ਨੀਤੀਆਂ ਤਿਆਰ ਕੀਤੀਆਂ ਗਈਆਂ।

**ਦੀਵਾਲੀ**

ਮਹਾਨ ਕੋਸ਼ ਵਿਚ ਦੀਵਾਲੀ ਦੇ ਅੱਖਰੀਂ ਅਰਥ ਇਸ ਪ੍ਰਕਾਰ ਲਿਖੇ ਹੋਏ ਹਨਸੰਗਯਾਦੀਵਾਰ ਕੰਧ ਜਾਂ ਚਾਰ ਦੀਵਾਰੀ ਬੈਠੇ ਜਾਇ ਸਮੀਪ ਦੀਵਾਲੀ (ਨ ਪ੍ਰ) 2 ਦੀਪਮਾਲਿਕਾ, ਦੀਪਵਲਿ, ਕਤਕ ਬਦੀ ਦਾ 30 ਦਾ ਤਿਉਹਾਰ ਹਿੰਦੂਮਤ ਵਿਚ ਇਹ ਲੱਛਮੀ ਪੂਜਨ ਦਾ ਪੁਰਵ ਹੈ। ਹਿੰਦੀ ਡਿਕਸ਼ਨਰੀ ਵਿੱਚ ਲਿਖਿਆ ਹੈਕਾਰਤਿਕ ਕੀ ਅਮਾਵਸ ਕੋ ਪੜ੍ਹਨੇ ਵਾਲਾ ਹਿੰਦੂਓ ਕਾ ਏਕ ਤਿਉਹਾਰ ਜਿਸ ਮੇਂ ਲਕਛਮੀ ਪੂਜਨ ਹੋਤਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਤੋ ਹਿੰਦੂ ਇਹ ਤਿਉਹਾਰ ਮਨਾਉਂਦੇ ਆਏ ਹਨ। ਦੇਖਾ-ਦੇਖੀ ਸਿੱਖ ਆਪ ਵੀ ਇਸ ਵਿੱਚ ਸ਼ਾਮਿਲ ਹੋ ਗਏ ਹਨ।

ਦੀਵਾਲੀ ਨਾਲ ਬਹੁਤ ਸਾਰੀਆਂ ਮਿਥਿਹਾਸਿਕ ਕਹਾਣੀਆਂ ਜੁੜੀਆਂ ਹੋਈਆਂ ਹਨ। ਜਿਸ ਤਰ੍ਹਾਂ ਕ੍ਰਿਸ਼ਨ ਵਲੋਂ ਕੰਸ ਨੂੰ ਕੇਸਾਂ ਤੋਂ ਫੜ ਕੇ ਮਾਰਨਾ ਦੂਜਾ ਬਿਕਰਮਾ ਦਿੱਤ ਦਾ ਤਖਤ 'ਤੇ ਬੈਠਣਾ ਤੀਜਾ ਰਾਮ ਚੰਦ੍ਰ ਦਾ ਬਨਵਾਸ ਕੱਟ ਕੇ ਵਾਪਸ ਅਯੁੱਧਿਆ ਆਉਣ ਦੀ ਖੁਸ਼ੀ ਵਿੱਚ ਲੋਕਾਂ ਨੇ ਆਪਣਿਆਂ ਘਰਾਂ ਵਿੱਚ ਦੀਪਮਾਲਾ ਕੀਤੀ। ਉਂਝ ਜਦੋਂ ਵੀ ਘਰ ਵਿੱਚ ਕੋਈ ਖੁਸ਼ੀ ਹੁੰਦੀ ਹੈ ਤਾਂ ਲੋਕ ਦੀਵੇ ਜਗਾ ਕੇ ਆਪਣੀ ਖੁਸ਼ੀ ਜ਼ਾਹਿਰ ਕਰਦੇ ਹਨ। ਪੁਜਾਰੀ ਨੇ ਸਿੱਖਾਂ ਨੂੰ ਸ਼ਾਮਿਲ ਕਰਨ ਲਈ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾ ਹੋਣ ਵਾਲੀ ਸਾਖੀ ਜੋੜ ਦਿੱਤੀ ਹੈ। ਜਦ ਕਿ ਇਤਿਹਾਸਕ ਤੱਥਾਂ 'ਤੇ ਇਹ ਸਾਖੀ ਪੂਰੀ ਨਹੀਂ ਉਤਰਦੀ ਹੈ। ਦੀਵਾਲੀ ਦਾ ਤਿਉਹਾਰ ਸਦੀਆਂ ਤੋਂ ਮਨਾਇਆ ਜਾ ਰਿਹਾ ਹੈ ਤੇ ਸਿੱਖ ਇਸ ਵਿਚ ਧੱਕੇ ਨਾਲ ਹੀ ਸ਼ਾਮਿਲ ਹੋ ਗਏ ਹਨ ਜਾਂ ਕਰਾ ਦਿੱਤੇ ਗਏ।

**ਦੀਵਾਲੀ ਤਥਾ ਲਛਮੀ ਦੀ ਪੂਜਾ**

ਜਿਸ ਤਰ੍ਹਾਂ ਅੱਜ ਕਲ੍ਹ ਸਾਲ ਵਿੱਚ ਦੋ ਵਾਰੀ ਆਪਣੀ ਆਮਦਨੀ ਦਾ ਚਿੱਠਾ ਸਰਕਾਰ ਨੂੰ ਦਿਖਾਉਣਾ ਪੈਂਦਾ ਹੈ ਕੁਝ ਏਸੇ ਤਰ੍ਹਾਂ ਹੀ ਆਰੀਆ ਲੋਕਾਂ ਦੇ ਆਉਣ ਤੋਂ ਪਹਿਲਾਂ ਆਮ ਜਨਤਾ ਨੂੰ ਦੀਵਾਲੀ 'ਤੇ ਆਪਣਾ ਸਾਰਾ ਹਿਸਾਬ ਕਿਤਾਬ ਰੱਖਣਾ ਪੈਂਦਾ ਸੀ ਇਹ ਵੀ ਦੇਖਿਆ ਜਾਂਦਾ ਸੀ ਇਸ ਵਪਾਰੀ ਨੇ ਸਰਕਾਰੀ ਖ਼ਜ਼ਾਨੇ ਵਿੱਚ ਕਿੰਨਾ ਕੁਝ ਜਮ੍ਹਾਂ ਕਰਾਇਆ। ਵਪਾਰੀ ਲੋਕ ਇਸੇ ਦਿਨ ਆਪਣੇ

ਵਹੀ ਖਾਤੇ ਦੀਆਂ ਨਵੀਆਂ ਵਹੀਆਂ ਸ਼ੁਰੂ ਕਰਦੇ ਸਨ। ਮੱਧ ਪ੍ਰਦੇਸ, ਗੁਜਰਾਤ ਤੇ ਮਹਾਂਰਾਸ਼ਟਰਾ ਦੇ ਵਪਾਰੀ ਤੇ ਆਮ ਲੋਕ ਆਪਣੇ ਨਵੇਂ ਵਹੀ ਖਾਤੇ ਲਗਾਉਂਦੇ ਸਨ। ਆਰੀਆ ਲੋਕਾਂ ਨੇ ਇਸ ਨੂੰ ਲਛਮੀ ਪੂਜਾ ਵਜੋਂ ਮਨਾਉਣਾ ਸ਼ੁਰੂ ਕਰ ਦਿੱਤਾ। ਇਹ ਕਹਿਣਾ ਸ਼ੁਰੂ ਦਿੱਤਾ ਕਿ ਦੀਵਾਲੀ ਵਾਲੇ ਦਿਨ ਆਪਣੇ ਘਰ ਵਿਚ ਦੀਵੇ ਬਾਲ ਕੇ ਰੱਖੇ ਜਾਣ ਤਾਂ ਕਿ ਲਛਮੀ ਲੋਅ ਅਤੇ ਖੁਲ੍ਹਾ ਘਰ ਦੇਖ ਆਪਣੇ ਆਪ ਹੀ ਘਰ ਵਿਚ ਪ੍ਰਵੇਸ਼ ਕਰ ਜਾਂਦੀ ਹੈ ਫਿਰ ਬੰਦੇ ਨੂੰ ਸਾਰੀ ਜ਼ਿੰਦਗੀ ਕੰਮ ਕਰਨ ਦੀ ਲੋੜ ਨਹੀਂ ਰਹਿ ਜਾਂਦੀ। ਵਰਤਮਾਨ ਸਮੇਂ ਅੰਦਰ ਵੀ ਦੀਵਾਲੀ ਨੂੰ ਲੱਛਮੀ ਪੂਜਾ ਕਰਕੇ ਪੂਜਿਆ ਜਾਂਦਾ ਹੈ। ਇਹ ਸਾਰੀਆਂ ਮਨੌਤਾਂ ਹੀ ਹਨ ਇੰਝ ਕਦੇ ਵੀ ਕਿਸੇ ਘਰ ਵਿਚ ਲੱਛਮੀ ਨਹੀਂ ਆ ਸਕਦੀ ਪਰ ਦੀਵਾਲੀ 'ਤੇ ਨਾ ਚਾਹੁੰਦਿਆਂ ਹੋਇਆਂ ਵੀ ਬੇ-ਲੋੜਾ ਖਰਚਾ ਕੋਲ ਕਰ ਲੈਂਦੇ ਹਨ।

**ਕੀ ਗੁਰਮਤਿ ਲਛਮੀ ਦੀ ਪੂਜਾ ਕਰਨ ਦੀ ਆਗਿਆ ਦਿੰਦੀ ਹੈ?**

ਜਦੋਂ ਸਿੱਖ ਅਰਦਾਸ ਕਰਦਾ ਹੈ ਤਾਂ ਦੇਗ ਤੇਗ ਫਤਹਿ ਵਾਲੇ ਸ਼ਬਦਾਂ ਨੂੰ ਦੋ ਵਾਰ ਪੜ੍ਹਦਾ ਹੈ। ਦੇਗ ਦਾ ਅਰਥ ਹੈ ਕਿਰਤ ਕਰਕੇ ਨਿਰਬਾਹ ਕਰਨਾ ਤੇ ਆਪਣੀ ਕਿਰਤ ਵਿਚੋਂ ਲੋੜਵੰਦਾਂ ਦੀ ਸਹਾਇਤਾ ਕਰਨਾ। ਤੇਗ ਦੇ ਅਰਥ ਵਿਚੋਂ ਹਰੇਕ ਮਨੁੱਖ ਨੂੰ ਪੂਰਨ ਅਜ਼ਾਦੀ, ਤਥਾ ਖੁਦਮੁਖਤਿਆਰੀ ਦਾ ਸੁਨੇਹਾ ਮਿਲਦਾ ਹੈ। ਦੌਲਤ ਗੁਜ਼ਰਾਨ ਹੈ ਦੱਬ ਕੇ ਕਿਰਤ ਕਰਨੀ ਚਾਹੀਦੀ ਹੈ ਪਰ ਇਹ ਨਹੀਂ ਕਿ ਸਿੱਖ ਇਕ ਅਕਾਲ ਪੁਰਖ ਦਾ ਪੁਜਾਰੀ ਹੋਣ ਦੀ ਥਾਂ 'ਤੇ ਲੱਛਮੀ ਦੀ ਪੂਜਾ ਕਰਨ ਲੱਗ ਜਾਏ।

ਲਛਮੀ ਸਬੰਧੀ ਗੁਰਬਾਣੀ ਫੁਰਮਾਣਾਂ ਨੂੰ ਸਮਝਣ ਦਾ ਯਤਨ ਕੀਤਾ ਜਾਏਗਾ।

ਜਿਹੜੇ ਸਿੱਖ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਬਾਣੀ ਹੁਕਮਾਂ ਨੂੰ ਭੁਲਾ ਕੇ ਆਪਣੀ ਆਗਿਆਨਤਾ ਕਾਰਣ ਦੀਵਾਲੀ ਮਨਾਉਂਦੇ ਹਨ ਉਹਨਾਂ ਪ੍ਰਤੀ ਗੁਰਬਾਣੀ ਦਾ ਬੜਾ ਪਿਆਰਾ ਵਾਕ ਹੈ

**ਜਿਨੀ ਗੁਰਮੁਖਿ ਹਰਿ ਨਾਮ ਧਨੁ ਨ ਖਟਿਓ**
**ਸੇ ਦੇਵਾਲੀਏ ਜੁਗ ਮਾਹਿ॥**
**ਓਇ ਮੰਗਦੇ ਫਿਰਹਿ ਸਭ ਜਗਤ ਮਹਿ**
**ਕੋਈ ਮੁਹਿ ਥੁਕ ਨ ਤਿਨ ਕਉ ਪਾਹਿ ॥ (852)**

**ਅੱਖਰੀਂ ਅਰਥ** ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਸਰਨ ਪੈ ਕੇ ਪਰਮਾਤਮਾ ਦਾ ਨਾਮ-ਧਨ ਨਹੀਂ ਕਮਾਇਆ, ਉਹ ਜਗਤ ਵਿਚ ਮਨੁੱਖਾ ਜੀਵਨ ਦੀ ਬਾਜ਼ੀ ਹਾਰ ਚੁਕੇ ਸਮਝੋ (ਜਿਵੇਂ ਜੁਆਰੀਆ ਜੂਏ ਵਿਚ ਹਾਰ ਕੇ ਕੰਗਾਲ ਹੋ ਜਾਂਦਾ ਹੈ)। ਇਹੋ ਜਿਹੇ ਮਨੁੱਖ (ਉਹਨਾਂ ਮੰਗਤਿਆਂ ਵਰਗੇ ਹਨ ਜੋ) ਸਾਰੇ ਸੰਸਾਰ ਵਿਚ ਮੰਗਦੇ ਫਿਰਦੇ ਹਨ, ਪਰ ਉਹਨਾਂ ਦੇ ਮੂੰਹ ਉਤੇ ਕੋਈ ਥੁੱਕਦਾ ਭੀ ਨਹੀਂ।

ਜਿਹੜਾ ਮਨੁੱਖ ਗੁਰੂ ਸਾਹਿਬ ਜੀ ਦੀ ਮਤ 'ਤੇ ਤੁਰਦਾ ਹੈ ਉਹ ਗੁਣਾਂ ਰੂਪੀ ਨਾਮ ਧਨ ਇਕੱਠਾ ਕਰ ਲੈਂਦਾ ਹੈ। ਇਕ ਗੱਲ ਹੋਰ ਸਮਝਣੀ ਚਾਹੀਦੀ ਹੈ ਕਿ ਗੁਰਬਾਣੀ ਸਿਧਾਂਤ ਧਨ ਕਮਾਉਣ ਤੋਂ ਮਨ੍ਹਾ ਨਹੀਂ ਕਰਦੀ ਪਰ ਇਹ ਵੀ ਨਸੀਹਤ ਦਿੰਦੀ ਹੈ ਭਲੇ ਦੂਜੇ ਦਾ ਹੱਕ ਨਾ ਮਾਰ ਅਜਿਹਾ ਕਰਨ ਨਾਲ ਤੈਨੂੰ ਅੰਤਰ-ਆਤਮੇ'ਤੇ ਜ਼ਲੀਲ ਹੋਣਾ ਪਏਗਾ---

**ਕਾਚਾ ਧਨੁ ਸੰਚਹਿ ਮੂਰਖ ਗਾਵਾਰ॥ ਮਨਮੁਖ ਭੂਲੇ ਅੰਧ ਗਾਵਾਰ ॥ ਬਿਖਿਆ ਕੈ ਧਨਿ ਸਦਾ ਦੁਖੁ ਹੋਇ ॥ ਨਾ ਸਾਥਿ ਜਾਇ ਨ ਪਰਾਪਤਿ ਹੋਇ॥ ਸਾਚਾ ਧਨੁ ਗੁਰਮਤੀ ਪਾਏ ॥ ਕਾਚਾ ਧਨੁ ਫੁਨਿ ਆਵੈ ਜਾਏ ॥ (665)**

**ਅੱਖਰੀਂ ਅਰਥ** -ਜਿਹੜਾ ਮਨੁੱਖ ਗੁਰੂ ਦੀ ਮਤਿ ਉਤੇ ਤੁਰਦਾ ਹੈ, ਉਹ ਸਦਾ ਕਾਇਮ ਰਹਿਣ ਵਾਲਾ ਹਰਿ-ਨਾਮ-ਧਨ ਹਾਸਲ ਕਰ ਲੈਂਦਾ ਹੈ। (ਪਰ ਦੁਨੀਆਂ ਵਾਲਾ) ਨਾਸਵੰਤ ਧਨ ਕਦੇ ਮਨੁੱਖ ਨੂੰ ਮਿਲ ਜਾਂਦਾ ਹੈ ਕਦੇ ਹੱਥੋਂ ਨਿਕਲ ਜਾਂਦਾ ਹੈ। ਰਹਾਉ। ਹੇ ਭਾਈ ! ਮੂਰਖ ਅੰਞਾਣ ਲੋਕ (ਸਿਰਫ਼ ਦੁਨੀਆ ਵਾਲਾ) ਨਾਸਵੰਤ ਧਨ (ਹੀ) ਜੋੜਦੇ ਰਹਿੰਦੇ ਹਨ। ਆਪਣੇ ਮਨ ਦੇ ਪਿੱਛੇ ਤੁਰਨ ਵਾਲੇ, ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਹੋਏ ਮਨੁੱਖ ਕੁਰਾਹੇ ਪਏ ਰਹਿੰਦੇ ਹਨ। ਹੇ ਭਾਈ! ਮਾਇਆ ਦੇ ਧਨ ਨਾਲ ਸਦਾ ਦੁੱਖ (ਹੀ) ਮਿਲਦਾ ਹੈ। ਇਹ ਧਨ ਨਾਹ ਹੀ ਮਨੁੱਖ ਦੇ ਨਾਲ ਜਾਂਦਾ ਹੈ, ਅਤੇ, ਨਾਹ ਹੀ (ਇਸ ਨੂੰ ਜੋੜ ਜੋੜ ਕੇ) ਸੰਤੋਖ ਪ੍ਰਾਪਤ ਹੁੰਦਾ ਹੈ।

ਗੁਰਬਾਣੀ ਸਿਧਾਂਤ ਸਾਨੂੰ ਇਕ ਅਕਾਲ ਨਾਲ ਜੋੜਦੀ ਹੈ। ਧਨ ਕਮਾਉਣਾ ਕੋਈ ਮਾੜੀ ਗੱਲ ਨਹੀਂ ਪਰ ਧਨ ਦੀ ਪੂਜਾ ਕਰਨਾ ਸਿੱਖ ਸਿਧਾਂਤ ਨਹੀਂ ਹੈ। ਗੁਰੂ ਸਿਧਾਂਤ ਨੇ ਸਿੱਖ ਨੂੰ ਕਿਰਤੀ ਬਣਾਇਆ ਹੈ।

**ਦੀਵਾਲੀ ਦਾ ਵਪਾਰੀਕਰਨ**

ਜਿਸ ਤਰ੍ਹਾਂ ਸਾਲ ਵਿਚ ਸਰਕਾਰ ਇਹ ਦੇਖ ਲੈਂਦੀ ਸੀ ਲੋਕਾਂ ਪਾਸ ਕਿੰਨੀ ਧੰਨ ਦੌਲਤ ਹੈ ਸਰਕਾਰੀ ਖਜ਼ਾਨੇ ਵਿਚ ਕਿੰਨੀ ਜਮ੍ਹਾਂ ਹੋਈ ਹੈ। ਦੂਸਰਾ ਇਸ ਤਿਉਹਾਰ ਨੂੰ ਵਪਾਰੀ ਲੋਕਾਂ ਨੇ ਆਪਣੇ ਫਾਇਦੇ ਲਈ ਵਰਤਿਆ ਹੈ। ਦੀਵਾਲੀ ਦੇ ਦਸ ਦਿਨ ਪਹਿਲਾਂ ਹੀ ਦੁਕਾਨਦਾਰ ਆਪਣੀਆਂ ਦੁਕਾਨਾਂ ਸਜਾਉਣੀਆਂ ਸ਼ੁਰੂ ਕਰ ਦਿੰਦੇ ਹਨ। **ਕਿਹਾ ਜਾਂਦਾ ਹੈ ਕਿ ਦੀਵਾਲੀ ਵਾਲੇ ਦਿਨ ਲਛਮੀ ਲੋਕਾਂ ਦਿਆਂ ਘਰਾਂ ਵਿਚ ਪਰਵੇਸ਼ ਕਰਦੀ ਹੈ ਪਰ ਇਹ ਕਿੱਡਾ ਵੱਡਾ ਧੋਖਾ ਹੈ ਇਸ ਦਿਨ ਤਾਂ ਲਛਮੀ ਆਮ ਘਰਾਂ ਵਿਚੋਂ ਨਿਕਲ ਕੇ ਦੁਕਾਨਦਾਰਾਂ ਅਤੇ ਵਪਾਰੀਆਂ ਦੀਆਂ ਦੁਕਾਨਾਂ ਵਿਚ ਵੜ ਜਾਂਦੀ ਹੈ।** ਦੁਕਾਨਦਾਰ ਲੋਕਾਂ ਵਿਚ ਐਨਾ ਉਤਸ਼ਾਹ ਭਰ ਦਿੰਦੇ ਹਨ ਕਿ ਹਰੇਕ ਮਨੁੱਖ ਦੀਵਾਲੀ ਨੂੰ ਕੁਝ ਨਾ ਕੁਝ ਖਰੀਦਦਾ ਹੀ ਹੈ। ਇੰਝ ਦੀਵਾਲੀ ਨੂੰ ਵਪਾਰੀ ਲੋਕ ਸਸਤੀ ਵਸਤੂ ਵੀ ਮਹਿੰਗੇ ਭਾਅ ਵੇਚ ਕੇ ਆਪਣਾ ਹੀ ਘਰ ਭਰਦੇ ਹਨ। ਘਟੀਆ ਤੋਂ ਘਟੀਆ ਕਿਸਮ ਦੀ ਮਠਿਆਈ ਲੋਕ ਆਪਣਿਆਂ ਘਰਾਂ ਵਿਚ ਲੈ ਜਾਂਦੇ ਹਨ।

ਹੈਰਾਨਗੀ ਦੀ ਗੱਲ ਦੇਖੋ, ਦੇਸ਼-ਵਿਦੇਸ਼ ਦੇ ਤਮਾਮ ਗੁਰਦੁਆਰਿਆਂ ਵਿਚ ਬੇ-ਲੋੜੀ ਤੇ ਬੇ-ਓੜਕੀ ਮਠਿਆਈ ਚੜ੍ਹਦੀ ਹੈ। ਗੁਰਦੁਆਰੇ ਵਿਚ ਤਾਂ ਦਸ ਪੰਦਰ੍ਹਾਂ ਹੀ ਸੇਵਾ ਕਰਨ ਵਾਲੇ ਹੋਣਗੇ, ਤਿੰਨ ਕੁ ਡੱਬਿਆਂ ਨਾਲ ਹੀ ਸਰ ਸਕਦਾ ਹੈ। ਪਰ ਲੋਕ ਗੁਰਦੁਆਰਿਆਂ ਵਿਚ ਮਠਿਆਈ ਦੇ ਅੰਬਾਰ ਲਗਾ ਦਿੰਦੇ ਹਨ। ਜਦੋਂ ਸਿਹਤ ਵਿਭਾਗ ਵਾਲੇ ਮਠਿਆਈ ਦੇ ਨਮੂਨੇ ਭਰਦੇ ਹਨ ਬਹੁਤੇ ਨਮੂਨੇ ਫੇਲ੍ਹ ਹੀ ਹੁੰਦੇ ਹਨ। ਦੀਵਾਲੀ'ਤੇ ਵਪਾਰੀਆਂ ਤੇ ਪੁਜਾਰੀਆਂ ਨੇ ਲੋਕਾਂ ਨੂੰ ਪੂਰਾ ਪੂਰਾ ਲੁੱਟਣ ਦਾ ਪ੍ਰਬੰਧ ਕੀਤਾ ਹੋਇਆ ਹੈ। ਕਿਹਾ ਜਾ ਸਕਦਾ ਹੈ ਇਸ ਤਿਉਹਾਰ ਦਾ ਵਪਾਰੀਆਂ ਨੇ ਪੂਰਾ ਵਪਾਰੀ-ਕਰਨ ਕਰ ਦਿੱਤਾ ਹੈ। -0-

**ਭਾਗ ਦੂਜਾ**

**ਦੀਵਾਲੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਜੋੜਨਾ**

ਸਿੱਖਾਂ ਦਾ ਲਛਮੀ ਪੂਜਾ ਨਾਲ ਕੋਈ ਸਬੰਧ ਨਹੀਂ ਹੈ। ਦੂਜਾ ਦੀਵੇ ਬਾਲਣ ਭਾਵ ਜਗਾਉਣ ਨਾਲ ਵੀ ਕੋਈ ਸਬੰਧ ਨਹੀਂ ਹੈ। ਪਰ ਕੁਝ ਘਟਨਾਵਾਂ ਨੂੰ ਸਿੱਖਾਂ ਨਾਲ ਜੋੜ ਕੇ ਸਿੱਖਾਂ ਨੂੰ ਹਿੰਦੂ ਸਾਬਤ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਅਸੀਂ ਇਤਿਹਾਸ ਦੀ ਜਾਂ ਸਿਧਾਂਤ ਦੀ ਕੋਈ ਜਾਂਚ ਪੜਤਾਲ ਕੀਤੇ ਬਿਨਾਂ ਹੀ ਭੀੜ ਦਾ ਹਿੱਸਾ ਬਣ ਜਾਂਦੇ ਹਾਂ। ਦੀਵਾਲੀ ਸਿੱਖਾਂ ਦਾ ਤਿਉਹਾਰ ਸਾਬਤ ਕਰਨ ਲਈ ਪਿੱਛਲੇ ਲੰਬੇ ਸਮੇਂ ਤੋਂ ਦੋ ਹਵਾਲਿਆਂ ਨੂੰ ਵਰਤਿਆ ਜਾ ਰਿਹਾ ਹੈ। ਪਹਿਲਾ ਹਵਾਲਾ ਗੁਰੂ ਹਰਿ ਗੋਬਿੰਦ ਸਾਹਿਬ ਜੀ 52 ਰਾਜਸੀ ਕੈਦੀਆਂ ਨਾਲ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾ ਹੋ ਕੇ ਅੰਮ੍ਰਿਤਸਰ ਪਹੁੰਚਣ 'ਤੇ ਬਾਬਾ ਬੁੱਢਾ ਜੀ ਵਲੋਂ ਘਿਓ ਦੇ ਦੀਵੇ ਬਾਲ ਕੇ ਖੁਸ਼ੀ ਪ੍ਰਗਟ ਕੀਤੀ ਗਈ। ਦੂਜਾ ਹਵਾਲਾ ਭਾਈ ਗੁਰਦਾਸ ਸਾਹਿਬ ਦੀ ਇਕ ਰਚਨਾ ਦਾ ਦਿੱਤਾ ਜਾਂਦਾ ਹੈ ਜਿਸ ਵਿਚ ਦੀਵਾਲੀ ਦੀ ਰਾਤ ਨੂੰ ਦੀਵੇ ਬਾਲਣ ਦਾ ਜ਼ਿਕਰ ਆਉਂਦਾ ਹੈ। ਅਸੀਂ ਸਮਝ ਲਿਆ ਕਿ ਸ਼ਾਇਦ ਭਾਈ ਗੁਰਦਾਸ ਸਾਹਿਬ ਜੀ ਦੀਵੇ ਬਾਲਣ ਲਈ ਕਹਿ ਰਹੇ ਹਨ। ਜਦ ਕੇ ਉਹਨਾਂ ਬੁਝੈ ਦੀਵਿਆਂ 'ਤੇ ਵਿਅੰਗ ਕੀਤਾ ਹੈ। ਇਹ ਦੋਵੇਂ ਹਵਾਲੇ ਗੁਰਮਤਿ ਤੇ ਇਤਿਹਾਸ ਦੀ ਕਸਵੱਟੀ 'ਤੇ ਪੂਰੇ ਨਹੀਂ ਉਤਰਦੇ।

ਸਾਡੇ ਗੁਰਦੇਵ ਪੁਸਤਕ ਵਿਚ ਪ੍ਰੋ. ਪਿਆਰਾ ਸਿੰਘ ਜੀ ਲਿਖਤ ਦਾ ਇਕ ਪਹਿਰਾ ਲਿਆ ਹੈ ਜਿਹੜਾ ਵਿਸ਼ੇ ਨੂੰ ਹੋਰ ਵੀ ਸੁੰਦਰ ਢੰਗ ਨਾਲ ਸਪੱਸ਼ਟਤਾ ਦਿੰਦਾ ਹੈਸੋ ਇਹ ਜਨਮ ਸੰਮਤ ਅਸੀਂ ਮਨ-ਮਰਜ਼ੀ ਅਨੁਸਾਰ ਬਦਲਣ ਦੇ ਹਾਮੀ ਨਹੀਂ ਹਾਂ, ਪ੍ਰੰਤੂ ਇਤਿਹਾਸਕ ਖੋਜ ਦੇ ਮੁੱਢਲੇ ਅਸੂਲ ਅਨੁਸਾਰ ਜ਼ਰੂਰੀ ਹੈ ਕਿ ਉਨੀਵੀਂ ਸਦੀ ਦੇ ਮੁਕਾਬਲੇ 17ਵੀਂ ਅਤੇ 18ਵੀਂ ਸਦੀ ਦੀਆਂ ਸਮਕਾਲੀ ਲਿਖਤਾਂ ਨੂੰ ਵਧੇਰੇ ਪ੍ਰਮਾਣੀਕ ਮੰਨਿਆ ਜਾਏ। ਉਪਰੋਕਤ ਗਲਤ ਜਨਮ-ਸੰਮਤ ਉਨ੍ਹੀਵੀਂ ਸਦੀ ਦੀਆਂ ਲਿਖਤਾਂ ਵਿਚੋਂ ਹੀ ਆਏ ਹਨ। ਭਾਈ ਸੰਤੋਖ ਸਿੰਘ ਤੇ ਗਿਆਨੀ ਗਿਆਨ ਸਿੰਘ ਦੀਆਂ ਦੱਸੀਆਂ ਤਰੀਕਾਂ ਨੂੰ ਮਿਸਟਰ ਮੈਕਾਲਫ਼ ਨੇ ਅਪਣਾ ਕੇ

ਅੰਗਰੇਜ਼ੀ ਲਿਖਤ ਵਿਚ ਲਿਆਂਦਾ, ਜਿਸ ਕਰਕੇ ਛਾਪੇ ਕਾਰਨ ਇਹਨਾਂ ਦਾ ਵਧੇਰੇ ਪ੍ਰਚਾਰ ਹੋ ਗਿਆ। ਸੋ ਸਾਨੂੰ ਸਹੀ ਗੱਲ ਨਿਤਾਰਨ ਲਈ ਇਹ ਦੇਖਣ ਦੀ ਲੋੜ ਨਹੀਂ ਇਹ ਸੰਮਤ ਕਿੰਨੇ ਲੋਕਾਂ ਨੇ ਲਿਖੇ ਹਨ, ਠਰੰਮ੍ਹੇ ਤੇ ਗਹਿਰਾਈ ਨਾਲ ਇਹ ਵਿਚਾਰਨ ਦੀ ਲੋੜ ਹੈ ਕਿ ਸਭ ਤੋਂ ਪੁਰਾਤਨ ਲਿਖਤਾਂ ਵਿਚ ਕਿਹੜਾ ਸੰਮਤ ਹੈ ਤੇ ਉਸ ਨਾਲ ਸਾਡੀਆਂ ਆਪ ਪਾਈਆਂ ਗੁੰਝਲਾਂ ਖੁੱਲ੍ਹਦੀਆਂ ਦਿਖਾਈ ਦਿੰਦੀਆਂ ਹਨ।

ਪੁਸਤਕ ਦੀ ਭੂਮਿਕਾ ਵਿਚ ਪ੍ਰੋ. ਪਿਆਰਾ ਸਿੰਘ ਜੀ ਪਦਮ ਅੱਗੇ ਲਿਖਦੇ ਹਨਸ੍ ਕਰਮ ਸਿੰਘ ਹਿਸਟੋਰੀਅਨ ਪਹਿਲੇ ਖੋਜੀ ਵਿਦਵਾਨ ਸਨ ਜਿੰਨਾਂ ਇਹਨਾਂ ਜਨਮ ਮਰਨ ਦੇ ਸੰਮਤਾਂ ਬਾਰੇ ਗੁਰਪੁਰਬ ਨਿਰਣੈ ਵਿਚ ਕੁਝ ਵਿਚਾਰ ਕੀਤਾ ਸੀ, ਲੇਕਿਨ ਉਹਨਾਂ ਦੇ ਜ਼ਮਾਨੇ ਭੱਟ ਵਹੀਆਂ, ਗੁਰੂ ਕੀਆਂ ਸਾਖੀਆਂ, ਬਸੰਵਲੀ ਨਾਮੇ ਤੇ ਸ: ਜੱਸਾ ਸਿੰਘ ਬਿਨੋਦ ਆਦਿ ਪੁਰਾਤਨ ਲਿਖਤਾਂ ਪ੍ਰਕਾਸ਼ ਵਿਚ ਨਹੀਂ ਸੀ ਆਈਆਂ। ਹੁਣ ਇਹਨਾਂ ਲਿਖਤਾਂ ਨੇ ਕਈ ਭੁਲੇਖੇ ਦੂਰ ਕੀਤੇ ਹਨ, ਸੋ ਇਹਨਾਂ ਨੂੰ ਅਪਨਾਉਣਾ ਯੋਗ ਹੈ। **ਜੇ ਰਵਾਇਤ ਗਲਤ ਪ੍ਰਚੱਲਤ ਹੋ ਗਈ ਹੋਵੇ ਤਾਂ ਜ਼ਰੂਰੀ ਨਹੀਂ ਕਿ ਅਸੀਂ ਵੀ ਲਕੀਰ ਦੇ ਫਕੀਰ ਹੀ ਬਣੇ ਰਹੀਏ। ਲੋੜ ਹੈ ਪ੍ਰਾਪਤ ਸਮੱਗਰੀ ਦੇ ਅਧਾਰ 'ਤੇ ਖੋਜ ਪੜਤਾਲ ਬਾਅਦ ਸਹੀ ਸਿੱਟੇ ਕੱਢੀਏ ਤੇ ਉਹਨਾਂ ਨੂੰ ਅਪਨਾਈਏ।**

ਭੱਟ ਵਹੀ ਤਲਾਉਂਡਾ ਪਰਗਣਾ ਜੀਂਦ ਵਿਚ ਇਸ ਪ੍ਰਕਾਰ ਲਿਖਿਆ ਹੈ

ਗੁਰੂ ਹਰਿ ਗੋਬਿੰਦ ਜੀ ਮਹਲ ਛਟਾ ਬੇਟਾ ਗੁਰੂ ਅਰਜਨ ਜੀ ਕਾ ਸੰਮਤ ਸੋਲਾਂ ਸੋਲਹਾਂ ਸੈ ਸਤੱਤਰਾ ਮਾਘ ਪ੍ਰਵਿਸ਼ਟੇ ਪਹਿਲੀ ਕੇ ਦਿਹੁੰ ਹੇਹਰ ਮਗਰੀ ਸੇ ਚਲ ਕਰ ਗ੍ਰਾਮ ਗੁਰੂ ਕੇ ਚੱਕ ਪਰਗਣਾ ਨਿਝਰਆਲਾ ਆਏ। ਗੈਲੋਂ ਅਰਜਾਨੀ ਬੇਟਾ ਮੋਹਰੀ ਜੀ ਕਾ, ਮਿਹਰਬਾਨ ਬੇਟਾ ਪ੍ਰਿਥੀ ਚੰਦ ਜੀ ਕਾ ਬਾਬਾ ਬੁੱਢਾ ਰਾਮਦਾਸ ਬੇਟਾ ਸੁਘੇ ਰੰਧਾਵੇ ਕਾ, ਗੁਰਦਾਸ ਬੇਟਾ ਈਸ਼ਰਦਾਸ ਬੱਲੇ ਕਾ, ਬਲੂ ਰਾਏ ਬੇਟਾ ਮੂਲਚੰਦ ਜਲ੍ਹਨੇ ਕਾ, ਕੌਲ ਜੀ ਬੇਟਾ ਅੰਬੀਏ ਹਜਾਵਤ ਕਾ, ਹੋਰ ਸਿੱਖ ਫਕੀਰ ਆਏ।

ਇਤਿਹਾਸ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਕਿਲ੍ਹੇ ਤੋਂ ਰਿਹਾ ਹੋ ਕੇ ਗੋਵਿੰਦਵਾਲ ਆਏ ਹਨ ਤੇ ਫਿਰ ਅੰਮ੍ਰਿਤਸਰ ਪਹੁੰਚੇ ਹਨ ਭਾਵ ਕਿ ਇਹ ਕਹਿਣ ਵਿਚ ਕੋਈ ਸੰਕੋਚ ਨਹੀਂ ਕਿ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਅੰਮ੍ਰਿਤਸਰ ਆਏ ਸਨ ਓਦੋਂ ਕਤਕ ਦੀ ਦੀਵਾਲੀ ਨਹੀਂ ਸੀ। ਇੰਜ ਦੀਵਾਲੀ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਜੋੜਨਾ ਇਤਿਹਾਸ ਨਾਲ ਅਨਿਆਏ ਹੈ।

**ਅਖੇ ਸਿੱਖ ਦੀਵਾਲੀ ਨਹੀਂ ਬੰਦੀ ਛੋੜ ਦਿਵਸ ਮਨਾਉਂਦੇ ਹਨ**

ਜਦੋਂ ਬੰਦਾ ਗਲਤ ਹੋਵੇ ਤਾਂ ਉਹ ਆਪਣੇ ਆਪ ਨੂੰ ਸਹੀ ਸਾਬਤ ਕਰਨ ਲਈ ਕਈ ਪ੍ਰਕਾਰ ਦੀਆਂ ਦਲੀਲਾਂ ਘੜ ਕੇ ਰੱਖਦਾ ਹੈ। ਜਦੋਂ ਆਮ ਲੋਕਾਂ ਦੀ ਇਹ ਧਾਰਨਾ ਬਣ ਗਈ ਹੋਵੇ ਕਿ ਇਸ ਦਿਨ ਲਛਮੀ ਦੀ ਪੂਜਾ ਕਰਨ ਨਾਲ ਧਨ ਵਿਚ ਪ੍ਰਾਪਤੀ ਹੁੰਦੀ ਤਾਂ ਜਨ ਸਧਾਰਨ ਬੰਦਾ ਵੀ ਪੂਜਾ ਵਾਲੇ ਪਾਸੇ ਤੁਰ ਪੈਂਦਾ ਹੈ। ਹਿੰਦੂ ਇਹ ਮੰਨਦੇ ਹਨ ਦੀਵਾਲੀ ਵਾਲੇ ਦਿਨ ਭਗਵਾਨ ਰਾਮ ਚੰਦਰ ਨੇ ਚੌਦ੍ਹਾਂ ਸਾਲ ਦਾ ਬਨਵਾਸ ਕੱਟ ਕੇ ਸੀਤਾ ਨੂੰ ਰਾਵਣ ਦੀ ਕੈਦ ਵਿਚੋਂ ਛਡਾ ਕੇ ਵਾਪਸ ਅਯੁੱਧਿਆ ਆਏ ਤਾਂ ਲੋਕਾਂ ਨੇ ਘਿਓ ਦੇ ਦੀਵੇ ਬਾਲ ਕੇ ਆਪਣੀ ਖੁਸ਼ੀ ਪ੍ਰਗਟ ਕੀਤੀ। ਸਿੱਖਾਂ ਵਲੋਂ ਵੀ ਦੀਵਾਲੀ ਵਾਲੇ ਤਿਉਹਾਰ ਵਿਚ ਰਲਣ ਲਈ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਈ ਨਾਲ ਜੋੜ ਦਿੱਤਾ ਗਿਆ ਹੈ। ਭੱਟ ਵਹੀਆਂ ਅਨੁਸਾਰ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ 28 ਫਰਵਰੀ 1620 ਨੂੰ ਅੰਮ੍ਰਿਤਸਰ ਆਉਣਾ ਮੰਨਿਆ ਗਿਆ ਹੈ ਜੋ ਕਿ ਦੀਵਾਲੀ ਵਾਲਾ ਦਿਨ ਨਹੀਂ ਬਣਦਾ। ਦੀਵਾਲੀ ਅਕਤੂਬਰ ਜਾਂ ਨਵੰਬਰ ਵਿਚ ਅਕਸਰ ਆਉਂਦੀ ਹੈ। ਹੁਣ ਪਤਾ ਨਹੀਂ ਸਿੱਖਾਂ ਨੂੰ ਕੀ ਮਜ਼ਬੂਰੀ ਬਣ ਗਈ ਹੈ ਦੀਵਾਲੀ ਨਹੀਂ ਜੀ ਅਸੀਂ ਤਾਂ ਬੰਦੀ ਛੋੜ ਦਿਵਸ ਮਨਾਉਂਦੇ ਹਾਂ। ਭਾਵ ਗਲਤ ਪ੍ਰੰਪਰਾਵਾਂ ਨੂੰ ਸਹੀ ਠਹਿਰਾਉਣ ਲਈ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਰਾਮ ਚੰਦ੍ਰ ਦੇ ਨਾਲ ਜੋੜ ਦਿੱਤਾ ਤੇ ਸਿੱਖ ਬੜੇ ਅਰਾਮ ਨਾਲ ਇਸ ਮਨੌਤ ਨੂੰ ਮੰਨ ਗਏ ਹਨ। ਕੇਵਲ 52 ਰਾਜੇ ਮੁਕਤ ਨਹੀਂ ਕਰਾਏ ਉਸ ਕਿਲ੍ਹੇ ਵਿਚ 101 ਰਾਜੇ ਸਨ ਜਿੰਨਾਂ ਵਿਚੋਂ 51 ਨੂੰ ਪਹਿਲਾਂ ਰਿਹਾ ਕਰਾ ਦਿੱਤਾ ਗਿਆ ਸੀ। ਗੁਰੂ ਸਾਹਿਬ ਜੀ ਨੇ ਗਵਾਲੀਅਰ ਦੇ ਬਦਨਾਮ ਕਿਲ੍ਹੇ ਵਿਚੋਂ 101 ਰਾਜਿਆਂ ਨੂੰ ਰਿਹਾ ਕਰਵਾਇਆ ਸੀ ਇਸ ਲਈ ਗੁਰਦੇਵ ਪਿਤਾ ਜੀ ਨੂੰ 'ਬੰਦੀ ਛੋੜ ਦਾਤਾ' ਕਿਹਾ ਜਾਂਦਾ ਹੈ।

ਸਿੱਖ ਇਤਿਹਾਸ ਵਿਚ ਹੋਰ ਵੀ ਬੰਦੀ ਛੋੜ ਦਿਹਾੜੇ ਹਨ ਜਿੰਨ੍ਹਾਂ ਵਲ ਅਸੀਂ ਕਦੇ ਧਿਆਨ ਨਹੀਂ ਦਿੱਤਾ।

1. ਗੁਰੂ ਨਾਨਕ ਸਾਹਿਬ ਜੀ ਸੰਨ 1521 ਨੂੰ ਬਾਬਰ ਦੀ ਕੈਦ ਵਿਚੋਂ



ਗਵਾਲੀਅਰ ਦਾ ਕਿਲਾ

ਐਮਨਾਬਾਦ ਤੇ ਆਮ ਲੋਕਾਂ ਸਮੇਤ ਰਿਹਾਅ ਹੋਏ ਸੀ। ਕੀ ਗੁਰੂ ਨਾਨਕ ਸਾਹਿਬ ਜੀ ਨੂੰ ਬੰਦੀ ਛੋੜ ਨਹੀਂ ਕਹਿਣਾ ਚਾਹੀਦਾ? ਗੁਰੂ ਨਾਨਕ ਸਾਹਿਬ ਜੀ ਨੇ ਅਣਗਿਣਤ ਗਰੀਬ ਲਾਚਾਰ ਲੋਕਾਂ ਨੂੰ ਰਿਹਾਅ ਕਰਾਇਆ ਸੀ। ਕੀ ਸਾਨੂੰ ਇਸ ਦਿਨ ਘਿਓ ਦੇ ਦੀਵੇ ਨਹੀਂ ਜਗਾਉਣੇ ਚਾਹੀਦੇ?

2. ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਜੀਵਨ ਗਾਥਾ ਵਿਚ ਭਾਈ ਮਹਿੰਦਰ ਸਿੰਘ ਜੋਸ਼ ਜੀ ਲਿਖਦੇ ਹਨ- 13 ਦਸੰਬਰ 1665 ਔਰੰਗਜ਼ੇਬ ਨੇ ਇਕ ਮਹੀਨੇ ਦੀ ਕੈਦ ਉਪਰੰਤ ਰਿਹਾਅ ਕੀਤਾ ਸੀ। 1670 ਨੂੰ ਦੂਜੀ ਗ੍ਰਿਫਤਾਰੀ ਭਾਵ ਕਿ ਦੋ ਮਹੀਨੇ ਤੇ 13 ਦਿਨ ਪਿੱਛੋਂ ਗੁਰਦੇਵ ਪਿਤਾ ਜੀ ਨੂੰ ਰਿਹਾ ਕੀਤਾ ਗਿਆ ਸੀ ਤੇ ਤੀਜੀ ਗਿਫਤਾਰੀ 1675 ਦੀ ਹੈ ਜਿਸ ਵਿਚ ਗੁਰਦੇਵ ਪਿਤਾ ਜੀ ਨੂੰ ਸ਼ਹੀਦ ਕੀਤਾ ਗਿਆ ਸੀ। ਕੀ ਗੁਰੂ ਤੇਗ ਬਹਾਦਰ ਸਾਹਿਬ ਜੀ ਬੰਦੀ ਛੋੜ ਨਹੀਂ ਸਨ? ਕੀ ਸਾਨੂੰ ਇਥੇ 'ਬੰਦੀ ਛੋੜ' ਦਿਵਸ ਨਹੀਂ ਮਨਾਉਣਾ ਚਾਹੀਦਾ?

3. ਮਹਾਨ ਕੋਸ਼ ਦੇ ਕਰਤਾ ਭਾਈ ਕਾਹਨ ਸਿੰਘ ਜੀ ਨਾਭਾ ਲਿਖਦੇ ਹਨ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ ਨੂੰ ਵੀ 'ਬੰਦੀ ਛੋੜ' ਕਿਹਾ ਜਾਂਦਾ ਹੈ। ਜਦੋਂ ਅਹਿਮਦਸ਼ਾਹ ਦੁਰਾਨੀ 2200 ਹਿੰਦੂ ਬੱਚੀਆਂ ਤੇ ਬੱਚਿਆਂ ਨੂੰ ਗਜ਼ਨਵੀ ਦੇ ਬਜ਼ਾਰਾਂ ਵਿਚ ਵੇਚਣ ਲਈ ਆਪਣੇ ਨਾਲ ਲਿਜਾ ਰਿਹਾ ਸੀ ਤਾਂ ਸਰਦਾਰ ਜੱਸਾ ਸਿੰਘ ਆਹਲੂਵਾਲੀਆਂ ਦੀ ਕਮਾਨ ਹੇਠ ਉਹਨਾਂ ਬੱਚੀਆਂ ਨੂੰ ਅਹਿਮਦਸ਼ਾਹ ਦੇ ਕਬਜ਼ੇ ਵਿਚੋਂ ਛਡਵਾਇਆ ਇੰਝ ਆਹਲੂਵਾਲੀਆ ਜੀ ਨੂੰ 'ਬੰਦੀ ਛੋੜ' ਦੀ ਪਦਵੀ ਹਾਸਲ ਕੀਤੀ। ਲੋਕਾਂ ਨੇ ਤਾਂ ਗੀਤ ਹੀ ਏਦਾਂ ਦੇ ਬਣਾ ਲਏ ਸਨ ਵੇ ਮੋੜੀਂ ਭਾਈ ਕੱਛ ਵਾਲਿਆ ਸਰਦਾਰਾ। ਧੀ ਸਾਡੀ ਗਈ, ਬਸਰੇ ਨੂੰ।

**ਏਨ੍ਹਾਂ ਦੀਆਂ ਗੁੱਡੀਆਂ ਭੁਆਈਂ ਸਿੰਘਾ ਛਈ।**
**ਵੇ ਮੋੜੀ ਭਾਈ ਕੱਛ ਵਾਲਿਆ ਸਰਦਾਰਾ।**

**ਭੁਲੇਖਾ-ਦਰ-ਭੁਲੇਖਾ**

ਸਾਡੀ ਮਾਨਸਿਕਤਾ ਵਿਚ ਇੱਥੋਂ ਤਕ ਗਿਰਾਵਟ ਆ ਗਈ ਹੈ ਕਿ ਹੁਣ ਕਈ ਵਾਰੀਂ ਕਈ ਗੁਰਦੁਆਰਿਆਂ ਵਿਚੋਂ ਰਾਮਨੌਮੀ ਤੇ ਜਨਮ ਅਸ਼ਟਮੀਆਂ ਦੇ ਸਮੇਂ ਗੁਰਬਾਣੀ ਦੇ ਉਹਨਾਂ ਸ਼ਬਦਾਂ ਦਾ ਕੀਰਤਨ ਕੀਤਾ ਜਾਂਦਾ ਹੈ ਜਿੰਨ੍ਹਾਂ ਵਿਚ ਰਾਮ ਤੇ ਕ੍ਰਿਸ਼ਨ ਦਾ ਜ਼ਿਕਰ ਆਉਂਦਾ ਹੈ। ਇਹਨਾਂ ਸ਼ਬਦਾਂ ਦਾ ਕੀਰਤਨ ਕਰਕੇ ਬਹੁ ਗਿਣਤੀ ਹਿੰਦੂਆਂ ਨੂੰ ਖੁਸ਼ ਕੀਤਾ ਜਾਂਦਾ ਹੈ ਕਿ ਦੇਖੋ ਜੀ ਗੁਰਬਾਣੀ ਵਿਚ ਵੀ ਇਹ ਨਾਂ ਆਏ ਹਨ। ਅਸਲ ਵਿਚ ਅਸੀਂ ਬਹੁ ਗਿਣਤੀ ਦੇ ਪਿਛਲੱਗ ਬਣ ਕੇ ਉਹਨਾਂ ਨੂੰ ਹਰ ਹਾਲ ਵਿਚ ਖੁਸ਼ ਕਰਨ ਦਾ ਯਤਨ ਕਰ ਰਹੇ ਹਾਂ। ਅਜੇਹੀ ਪ੍ਰਕਿਰਿਆ ਵਿਚ ਅਸੀਂ ਸਿੱਖ ਸਿਧਾਂਤ ਦੀਆਂ ਚੂਲਾਂ ਹਿਲਾ ਰਹੇ ਹੁੰਦੇ ਹਾਂ। ਗੁਰਬਾਣੀ ਸਿਧਾਂਤ ਨੂੰ ਨਾ ਸਮਝਣ ਕਰਕੇ ਸੰਗਤਾਂ ਨੂੰ ਗੁਰਬਾਣੀ ਦੁਆਰਾ ਹੀ ਭੁਲੇਖਾ ਖੜਾ ਕਰ ਰਹੇ ਹਾਂ। ਪਹਿਲਾਂ ਕਿਸੇ ਨੂੰ ਪਤਾ ਸੀ ਜਾਂ ਨਹੀਂ ਪਤਾ ਸੀ ਪਰ ਹੁਣ ਟੀਵੀ ਮਾਧਿਅਮ ਰਾਹੀਂ **ਦੀਵਾਲੀ ਕੀ ਰਾਤ ਦੀਵੇ ਬਾਲੀਅਨਿ** ਆਦਿ ਤੁਕਾਂ ਨੂੰ ਅਧਾਰ ਬਣਾ ਕੇ ਏਦਾਂ ਗਾਇਨ ਕੀਤਾ ਗਿਆ ਹੈ ਕਿ ਸੁਣਨ ਵਾਲੇ ਨੂੰ ਇਹ ਹੀ ਮਹਿਸੂਸ ਹੁੰਦਾ ਹੈ ਕਿ ਭਾਈ ਗੁਰਦਾਸ ਜੀ ਦੀਵਾਲੀ ਦੀ ਰਾਤ ਨੂੰ ਦੀਵੇ ਜਗਾਉਣ ਲਈ ਜਾਂ ਦੀਵਾਲੀ ਮਨਾਉਣ ਲਈ ਕਹਿ ਰਹੇ ਹਨ। ਭਾਈ ਗੁਰਦਾਸ ਜੀ ਦੀ ਰਚਿਤ ਵਾਰਾਂ ਠੇਠ ਪੰਜਾਬੀ ਭਾਸ਼ਾ ਵਿਚ ਹਨ। ਭਾਈ ਗੁਰਦਾਸ ਜੀ ਜਦੋਂ ਕੋਈ ਗੁਰਮਤਿ ਦਾ ਨੁਕਤਾ ਸਮਝਾਉਂਦੇ ਹਨ ਕਈ ਕਈ ਦਲੀਲਾਂ ਦੇ ਕੇ ਫਿਰ ਗੁਰਮਤਿ ਦਾ ਨੁਕਤਾ ਦਸਦੇ ਹਨ ਤਾਂ ਕਿਸੇ ਨੂੰ ਕੋਈ ਭੁਲੇਖਾ ਨਾ ਲੱਗ ਜਾਏ। ਦੀਵਾਲੀ ਵਾਲੇ ਦਿਨ ਰਾਗੀ ਸਿੰਘ ਪਉੜੀ ਦੀ ਪਹਿਲੀ ਤੁਕ ਦਾ ਅਧਾਰ ਬਣਾ ਕੇ ਕੀਰਤਨ ਕਰਦੇ, ਜਿਸ ਨਾਲ ਸੰਗਤ ਇਹ ਮਹਿਸੂਸ ਕਰਦੀ ਹੈ ਕਿ ਸ਼ਾਇਦ ਭਾਈ ਗੁਰਦਾਸ ਜੀ ਦੀਵਾਲੀ ਵਾਲੀ ਰਾਤ ਨੂੰ ਦੀਵੇ ਜਗਾਉਣ ਲਈ ਕਹਿ ਰਹੇ ਹਨ ਜਦ ਕਿ ਪਉੜੀ ਦੀ ਅਖੀਰਲੀ ਤੁਕ ਦਾ ਅਧਾਰ ਬਣਾ ਕੇ ਕੀਰਤਨ ਕੀਤਾ ਜਾਏ ਤਾਂ ਗੁਰਮਤਿ ਸਿਧਾਂਤ ਆਪਣੇ ਆਪ ਹੀ ਸਮਝ ਵਿਚ ਆ ਸਕਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ

**ਦੀਵਾਲੀ ਦੀ ਰਾਤ ਦੀਵੇ ਬਾਲੀਅਨਿ॥**

ਕਿ ਜਿਸ ਤਰ੍ਹਾਂ ਦੀਵਾਲੀ ਦੀ ਰਾਤ ਨੂੰ ਦੀਵੇ ਬਾਲੇ ਜਾਂਦੇ ਹਨ ਪਰ ਥੋੜ੍ਹੇ ਹੀ ਚਿਰ ਵਿਚ ਉਹਨਾਂ ਵਿਚੋਂ ਤੇਲ ਖਤਮ ਹੋ ਜਾਣ ਕਾਰਣ ਉਹ ਬੁਝ ਜਾਂਦੇ ਹਨ।

**ਤਾਰੇ ਜਾਤ ਸਨਾਤ ਅੰਬਰ ਭਾਲੀਅਨਿ॥**

ਜਿਵੇਂ ਰਾਤ ਨੂੰ ਸੂਰਜ ਛੁਪਣ ਪਿਛੋਂ ਅਸਮਾਨ ਵਿਚ ਛੋਟੇ ਵੱਡੇ ਤਾਰੇ ਦਿਸਦੇ ਹਨ ਪਰ ਸਵੇਰੇ ਸੂਰਜ ਚੜ੍ਹਨ ਸਮੇਂ ਉਹ ਸਾਰੇ ਦਿਸਣੋਂ ਬੰਦ ਹੋ ਜਾਂਦੇ ਹਨ।

**ਫੁਲਾਂ ਦੀ ਬਾਗਾਤ ਚੁਣ ਚੁਣ ਚਾਲੀਅਨਿ॥**

ਜਿਵੇਂ ਫੁੱਲਾਂ ਦੀ ਬਗੀਚੀ ਵਿਚੋਂ ਚੁਣ ਚੁਣ ਕੇ ਖਿੜੇ ਫੁੱਲ ਤੋੜ ਕੇ ਉਹਨਾਂ ਦਾ ਹਾਰ ਬਣਾਇਆ ਜਾਂਦਾ ਹੈ ਅਤੇ ਉਨ੍ਹਾਂ ਵਿਚੋਂ ਸੁਗੰਧੀ ਲਈ ਜਾਂਦੀ ਹੈ ਪਰ ਥੋੜ੍ਹੇ ਹੀ ਸਮੇਂ ਉਹ ਫੁੱਲ ਮੁਰਝਾ ਜਾਂਦੇ ਹਨ ਤੇ ਉਨ੍ਹਾਂ ਵਿਚੋਂ ਸੁਗੰਧੀ ਦੀ ਥਾਂ ਬਦਬੂ ਆਉਣੀ ਸ਼ੁਰੂ ਹੋ ਜਾਂਦੀ ਹੈ।

**ਤੀਰਥਿ ਜਾਤੀ ਜਾਤ ਨੈਣ ਨਿਹਾਲੀਅਨਿ॥**

ਜਿਵੇਂ ਮੇਲਿਆਂ ਸਮੇਂ ਯਾਤਰੀ ਤੀਰਥਾਂ 'ਤੇ ਵੱਡੀ ਗਿਣਤੀ ਵਿੱਚ ਜਾਂਦੇ ਹਨ ਜਿਨ੍ਹਾਂ ਸਦਕਾ ਮੇਲੇ ਵਿੱਚ ਅੱਖਾਂ ਲਈ ਬਹੁਤ ਰੌਣਕ ਵੇਖਣ ਨੂੰ ਮਿਲਦੀ ਹੈ। ਪਰ ਮੇਲਾ ਵਿਛੜਨ'ਤੇ ਸਾਰੇ ਹੀ ਆਪਣੇ ਘਰਾਂ ਨੂੰ ਵਾਪਸ ਮੁੜ ਜਾਂਦੇ ਹਨ। ਜਿਸ ਕਾਰਣ ਰੌਣਕ ਖਤਮ ਹੋ ਜਾਂਦੀ ਹੈ ਤੇ ਉਨ੍ਹਾਂ ਵਲੋਂ ਖਿਲਾਰਿਆ ਗੰਦ ਉੱਥੇ ਹੀ ਰਹਿ ਜਾਂਦਾ ਹੈ।

**ਹਰਿ ਚੰਦੁਰੀ ਝਾਤ ਵਸਾਇ ਉਚਾਲੀਅਨਿ॥**

ਹਰੀ ਚੰਦ ਦੀ ਖਿਆਲੀ ਨਗਰੀ ਚਿਤਵੀ ਜਾਂਦੀ ਹੈ ਪਰ ਅਸਲੀਅਤ ਵਿੱਚ ਅਜਿਹੀ ਕੋਈ ਨਗਰੀ ਨਹੀਂ ਹੁੰਦੀ।

**ਗੁਰਮੁਖ ਸੁਖਫਲ ਦਾਤ ਸ਼ਬਦ ਸਮ੍ਹਾਲੀਅਨਿ ॥**

**(ਵਾਰ-19, ਪਉੜੀ-6)**

ਪਰ ਗੁਰੂ ਦੀ ਦੀ ਸ਼ਰਨ ਵਿੱਚ ਪੈ ਕੇ ਸ਼ਬਦ ਗੁਰੂ ਦੀ ਸਿੱਖਿਆ ਆਪਣੇ ਹਿਰਦੇ ਵਿੱਚ ਸਾਂਭ ਕੇ ਰੱਖਣ ਨਾਲ ਗੁਰੂ ਪਾਸੋਂ ਸੁੱਖਾਂ ਦੀ ਦਾਤਿ ਮਿਲਦੀ ਜਿਹੜੀ ਹਮੇਸ਼ਾਂ ਵਾਸਤੇ ਆਨੰਦ ਵਿੱਚ ਰੱਖਦੀ ਹੈ।

ਇਸ ਪਉੜੀ ਤੋਂ ਇਕ ਗੱਲ ਸਪੱਸ਼ਟ ਹੁੰਦੀ ਹੈ ਕਿ ਲੋਕ ਦੀਵਾਲੀ ਸਦੀਆਂ ਤੋਂ ਮਨਾਉਂਦੇ ਆ ਰਹੇ ਸਨ। ਸਨਾਤਨੀ ਮਤ ਵਾਲੇ ਪੁਜਾਰੀ ਜਦੋਂ ਦਰਬਾਰ ਸਾਹਿਬ'ਤੇ ਕਾਬਜ਼ ਸਨ ਤਾਂ ਉਹਨਾਂ ਨੇ ਦੀਵਾਲੀ ਨੂੰ ਗੁਰੂ ਹਰਿ ਗੋਬਿੰਦ ਸਾਹਿਬ ਜੀ ਨਾਲ ਜੋੜ ਕੇ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਵਿਚ ਕੋਈ ਦੇਰ ਨਹੀਂ ਕੀਤੀ। ਇੰਜ ਇਹ ਦੀਵਾਲੀ ਸਿੱਖਾਂ ਨੂੰ ਵੀ ਮਨਾਉਣ 'ਤੇ ਲਗਾ ਦਿੱਤਾ। ਦੂਜਾ ਅਜੇਹੀਆਂ ਮਨਮਤਾਂ ਸਾਡੇ ਅਵੇਸਲਾ-ਪਨ ਕਰਕੇ ਹੀ ਸ਼ੁਰੂ ਹੋਈਆਂ ਹਨ। **ਇਕ ਦੀਵਾਲੀ ਨਹੀਂ ਸਗੋਂ ਹੋਰ ਵੀ ਬਹੁਤ ਸਾਰੀਆਂ ਮਨਮਤਾਂ ਸਿੱਖ ਕੌਮ ਵਿਚ ਸ਼ੁਰੂ ਹੋਈਆਂ ਹਨ।**

ਭਾਈ ਗੁਰਦਾਸ ਜੀ ਤਾਂ ਕਹਿ ਰਹੇ ਕਿ ਜਿਸ ਤਰ੍ਹਾਂ ਲੋਕ ਦੀਵਾਲੀ ਨੂੰ ਬੇਫਜ਼ੂਲ ਖਰਚ ਕਰਕੇ ਦੀਵੇ ਜਗਾਉਂਦੇ ਹਨ। ਤੇਲ ਮੁੱਕਣ 'ਤੇ ਬੱਤੀ ਸੜ ਜਾਂਦੀ ਹੈ ਪਿੱਛੇ ਕੇਵਲ ਕਾਂਵਾਂ ਦੇ ਠੂੰਗਿਆ ਜੋਗੇ ਰਹਿ ਜਾਂਦੇ ਹਨ ਖਾਲੀ ਦੀਵੇ। ਰਾਤ ਨੂੰ ਤਾਰੇ ਬਹੁਤ ਖੂਬਸੂਰਤ ਲੱਗਦੇ ਹਨ ਪਰ ਸਵੇਰ ਹੁੰਦਿਆਂ ਹੀ ਉਹ ਸੂਰਜ ਦੀ ਰੌਸ਼ਨੀ ਕਰਕੇ ਅਲੋਪ ਹੋ ਜਾਂਦੇ ਹਨ। ਫੁੱਲ ਖਿੜੇ ਹੋਏ ਸੋਹਣੇ ਲੱਗਦੇ ਹਨ ਟੁੱਟਣ 'ਤੇ ਉਹੀ ਫੁੱਲ ਬਦਬੂ ਮਾਰਨ ਲੱਗ ਜਾਂਦੇ ਹਨ। ਤੀਰਥ ਲੋਕਾਂ ਦੀ ਭੀੜ ਨਾਲ ਹੀ ਚੰਗੇ ਲਗਦੇ ਹਨ ਪਰ ਜਦੋਂ ਭੀੜ ਚਲੇ ਜਾਂਦੀ ਹੈ ਤਾਂ ਪਿੱਛੇ ਰਹਿ ਜਾਂਦਾ ਹੈ ਤੀਰਥ ਯਾਤਰੀਆਂ ਵਲੋਂ ਪਾਇਆ ਹੋਇਆ ਗੰਦ। ਭਾਈ ਸਾਹਿਬ ਜੀ ਗੁਰਮਤਿ ਦਾ ਨੁਕਤਾ ਸਮਝਾਉਂਦਿਆ ਹੋਇਆਂ ਫੁਰਮਾਇਆ ਹੈ ਕਿ ਅਸਲ ਸੁੱਖ ਦੀਵਾਲੀ 'ਤੇ ਦੀਵੇ ਜਗਾਉਣ ਨਾਲ ਜਾਂ ਤੀਰਥਾਂ 'ਤੇ ਯਾਤਰਾ ਕਰਨ ਨਾਲ ਨਹੀਂ ਆ ਸਕਦਾ ਇਹ ਤਾਂ ਗੁਰੂ ਦੇ ਸ਼ਬਦ ਦੀ ਵਿਚਾਰ ਕਰਕੇ ਹੀ ਆ ਸਕਦਾ ਹੈ। ਗੁਰਮਤਿ ਦੇ ਸਿਧਾਂਤ ਨੂੰ ਸਮਝ ਕੇ ਜੀਵਨ ਵਿਚ ਅਪਨਾਉਣ ਨਾਲ ਹੀ ਆ ਸਕਦਾ ਹੈ। ਪਰ ਰਾਗੀਆਂ ਨੇ ਸਿੱਖ ਸਿਧਾਂਤ ਨਾਲ ਧਰੋਹ ਕਮਾਉਂਦਿਆਂ ਤੇ ਜੱਗੋਂ ਤੇਰ੍ਹਵੀਂ ਕਰਦਿਆਂ ਦੀਵਾਲੀ ਕੀ ਰਾਤ ਦੀਵੇ ਬਾਲੀਅਨਿ ਦਾ ਗਾਇਨ ਕਰਕੇ ਸਿਧਾਂਤ ਨੂੰ ਪੁੱਠਾ ਗੇੜਾ ਦਿੱਤਾ ਹੈ। ਚਾਹੀਦਾ ਤਾਂ ਇਹ ਸੀ ਇਸ ਪਉੜੀ ਦੀ ਮਗਰਲੀ ਤੁਕ **"ਗੁਰਮੁਖ ਸੁਖਫਲ ਦਾਤ ਸ਼ਬਦ ਸਮ੍ਹਾਲੀਅਨਿ"** ਨੂੰ ਟੇਕ ਬਣਾ ਕੇ ਕੀਰਤਨ ਕਰਦੇ ਤਾਂ ਕਦੇ ਵੀ ਭੁਲੇਖਾ ਨਹੀਂ ਸੀ ਲਗਣਾ। ਜਦੋਂ ਕੀਰਤਨ ਦੀ **ਦੀਵਾਲੀ ਦੀ ਰਾਤ ਦੀਵੇ ਬਾਲੀਅਨਿ॥** ਦੀ ਟੇਕ ਰੱਖੀ ਜਾਵੇ ਤਾਂ ਕੁਦਰਤੀ ਲੋਕਾਂ ਦੀਵੇ ਬਾਲਣੇ ਹੀ ਹਨ।

-0-

# ਸੀਸ ਤਲੀ 'ਤੇ ਧਰ ਕੇ ਜੂਝਣ ਵਾਲਾ ਸ਼ਹੀਦ ਬਾਬਾ ਦੀਪ ਸਿੰਘ ਜੀ

-ਰਮੇਸ਼ ਬੱਗਾ ਚੋਹਲਾ
# 094631-32719

ਸ਼ਹੀਦ ਉਸ ਕੌਮ ਦਾ ਸਰਮਾਇਆ ਅਤੇ ਉਸ ਮਿੱਟੀ ਦਾ ਮਾਣ ਹੁੰਦੇ ਹਨ, ਜਿਸ ਵਿੱਚ ਉਨ੍ਹਾਂ ਦਾ ਜਨਮ ਹੁੰਦਾ ਹੈ। ਉਹ ਕੌਮਾਂ ਵੀ ਧੰਨਤਾ ਦੇ ਯੋਗ ਹੁੰਦੀਆਂ ਹਨ, ਜਿਹੜੀਆਂ ਆਪਣੇ ਪੁਰਖਿਆਂ ਦੀਆਂ ਘਾਲਣਾਵਾਂ ਨੂੰ ਅਕਸਰ ਚਿੱਤਵਦੀਆਂ ਰਹਿੰਦੀਆਂ ਹਨ। ਕਿਸੇ ਸ਼ਾਇਰ ਦਾ ਕਥਨ ਹੈ:-

ਉਸ ਕੌਮ ਨੂੰ ਸਮਾਂ ਨਹੀਂ ਮੁਆਫ ਕਰਦਾ,
ਜਿਹੜੀ ਮੁੱਲ ਨਾ ਤਾਰੇ ਕੁਰਬਾਨੀਆਂ ਦਾ।

ਸ਼ਹੀਦ ਅਤੇ ਸ਼ਹਾਦਤ ਅਰਬੀ ਜ਼ਬਾਨ ਦੇ ਸ਼ਬਦ ਹਨ। ਸ਼ਹਾਦਤ ਦਾ ਸ਼ਬਦੀ ਅਰਥ ਗਵਾਹੀ ਦੇਣੀ ਜਾਂ ਸਾਖੀ ਭਰਨੀ ਹੁੰਦਾ ਹੈ। ਇਸ ਤਰ੍ਹਾਂ ਸ਼ਹੀਦ ਕਿਸੇ ਕੌਮ ਵੱਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਦੇ ਸਦੀਵੀ ਅਤੇ ਸੱਚੇ ਗਵਾਹ ਹੁੰਦੇ ਹਨ।

ਦੀਨ ਦੁਖੀਆਂ ਦੀ ਰਖਵਾਲੀ, ਸਤਿ ਧਰਮ ਤੇ ਮਨੁੱਖਤਾ ਦੀ ਖਾਤਰ ਸਮੇਂ-ਸਮੇਂ ਦੇਸ਼ ਕੌਮ ਅਤੇ ਸਮਾਜ ਉਪਰ ਆਏ ਸੰਕਟਾਂ ਦਾ ਖਿੜੇ ਮੱਥੇ ਸਵਾਗਤ ਕਰਨਾ,ਇਨ੍ਹਾਂ ਸੰਕਟਾਂ ਦਾ ਡੱਟ ਕੇ ਮੁਕਾਬਲਾ ਕਰਨਾ, ਇਸ ਮੁਕਾਬਲੇ ਨੂੰ ਕਿਸੇ ਨਿਰਣਾਇਕ ਮੋੜ ਤੇ ਲੈ ਜਾਣ ਤੱਕ ਆਪਣੇ ਕਦਮ ਪਿਛਾਂਹ ਨਾ ਪੁੱਟਣੇ ਅਤੇ ਆਪਣੇ ਮਨੋਰਥ ਦੀ ਸਿੱਧੀ ਲਈ ਆਪਾ ਤੱਕ ਵਾਰ ਦੇਣਾ ਹੀ ਸ਼ਹੀਦਾਂ ਦੀ ਪਹਿਚਾਣ ਹੁੰਦੀ ਹੈ। ਇਹ ਪਹਿਚਾਣ ਮੌਤ ਦੀਆਂ ਵਾਦੀਆਂ ਵਿੱਚੋ ਲੰਘ ਕੇ ਹੀ ਕਰਵਾਈ ਜਾ ਸਕਦੀ ਹੈ। ਕਿਉਂਕਿ :-

**ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥**

**ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥ (1105)**

ਇਸ ਤਰ੍ਹਾਂ ਸ਼ਹੀਦ ਦੀ ਆਤਮਾ ਨਿਰਮਲ ਅਤੇ ਉਦੇਸ਼ ਸ਼ਪਸ਼ੱਟ ਹੁੰਦਾ ਹੈ, ਜਿਸ ਨੂੰ ਭਾਈ ਗੁਰਦਾਸ ਜੀ ਇਸ ਤਰ੍ਹਾਂ ਤਸਦੀਕ ਕਰਦੇ ਹਨ:-

ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ।।

ਸ਼ਹੀਦ ਫੌਲਾਦੀ ਇਰਾਦੇ ਦਾ ਮਾਲਕ ਹੁੰਦਾ ਹੈ, ਜਿਸ ਦੇ ਵਿਚਾਰਾਂ ਨੂੰ ਬਦਲਿਆ ਨਹੀਂ ਜਾ ਸਕਦਾ। ਇਸ ਤਰ੍ਹਾਂ ਦੇ ਇਰਾਦੇ ਅਤੇ ਵਿਚਾਰਾਂ ਦੀ ਮਲਕੀਅਤ ਰੱਖਣ ਵਾਲੇ ਸਨ ਬਾਬਾ ਦੀਪ ਸਿੰਘ ਜੀ ਸ਼ਹੀਦ।

ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ 1682 ਈ. ਨੂੰ ਅੰਮ੍ਰਿਤਸਰ ਜ਼ਿਲ੍ਹੇ (ਹੁਣ ਤਰਨ ਤਾਰਨ) ਦੀ ਤਹਿਸੀਲ ਪੱਟੀ ਦੇ ਪਿੰਡ ਪਹੂਵਿੰਡ ਵਿਖੇ ਰਹਿਣ ਵਾਲੇ ਇਕ ਸਧਾਰਨ ਪਰਿਵਾਰ ਭਾਈ ਭਗਤੂ ਅਤੇ ਮਾਤਾ ਜਿਊਣੀ ਦੇ ਘਰ ਹੋਇਆ। ਆਮ ਬਾਲਕਾਂ ਵਾਂਗ ਬਾਬਾ ਜੀ ਦੇ ਬਚਪਨ ਦਾ ਨਾਮ ਵੀ ਦੀਪਾ ਰੱਖਿਆ ਗਿਆ। ਜਦੋਂ ਦੀਪੇ ਦੀ ਉਮਰ 18 ਸਾਲ ਦੀ ਹੋਈ ਤਾਂ ਉਹ ਆਪਣੇ ਮਾਤਾ-ਪਿਤਾ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਗਿਆ। ਕੁੱਝ ਦਿਨ ਰਹਿ ਕੇ ਦੀਪੇ ਦੇ ਮਾਤਾ-ਪਿਤਾ ਤਾਂ ਵਾਪਸ ਪਿੰਡ ਪਹੂਵਿੰਡ ਆ ਗਏ ਪਰ ਦੀਪਾ ਇੱਥੇ ਹੀ ਰਹਿ ਪਿਆ। ਕਲਗੀਧਰ ਪਾਤਸ਼ਾਹ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਦੀਪੇ ਦੇ ਜੀਵਨ ਵਿੱਚ ਇੱਕ ਮਹੱਤਵਪੂਰਨ ਮੋੜ ਆ ਗਿਆ ਅਤੇ ਉਹ ਦੀਪੇ ਤੋ ਦੀਪ ਸਿੰਘ ਬਣ ਗਿਆ।

ਸ੍ਰੀ ਅਨੰਦਪੁਰ ਸਾਹਿਬ ਰਹਿ ਕੇ ਦੀਪ ਸਿੰਘ ਨੇ ਸ਼ਸਤਰ ਤੇ ਸ਼ਾਸਤਰ ਵਿਦਿਆ ਵਿਚ ਬਰਾਬਰੀ ਨਾਲ ਮੁਹਾਰਤ ਹਾਸਲ ਕਰ ਲਈ।20-22 ਸਾਲ ਦੀ ਉਮਰ ਤੱਕ ਦੀਪ ਸਿੰਘ ਨੇ ਜਿੱਥੇ ਭਾਈ ਮਨੀ ਸਿੰਘ ਵਰਗੇ ਉਸਤਾਦ ਕੋਲੋਂ ਗੁਰਬਾਣੀ ਦਾ ਚੋਖਾ ਗਿਆਨ ਹਾਸਲ ਕਰ ਲਿਆ ਉੱਥੇ ਉਹ ਇੱਕ ਨਿਪੁੰਨ ਸਿਪਾਹੀ ਵੀ ਬਣ ਗਿਆ।ਕੁੱਝ ਸਮੇਂ ਬਾਅਦ ਦੀਪ ਸਿੰਘ ਆਪਣੇ ਪਿੰਡ ਪਹੂਵਿੰਡ ਆ ਗਿਆ।ਪਿੰਡ ਆ ਕੇ ਉਸ ਨੇ ਆਸ-ਪਾਸ ਦੇ ਇਲਾਕੇ ਵਿਚ ਧਰਮ ਪ੍ਰਚਾਰ ਦੇ ਕਾਰਜ ਨੂੰ ਬੜੀ ਹੀ ਲਗਨ ਅਤੇ ਸ਼ਰਧਾ-ਭਾਵਨਾ ਨਾਲ ਕਰਨਾ ਆਰੰਭ ਕਰ ਦਿੱਤਾ,ਜਿਸ ਦਾ ਨੌਜਵਾਨ ਤਬਕੇ 'ਤੇ ਬਹੁਤ ਹੀ ਸਾਰਥਿਕ ਤੇ ਸੁਚੱਜਾ ਪ੍ਰਭਾਵ ਪੈਣ ਲੱਗਾ।

ਜਦੋਂ ਦਸਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਦੀ ਵਿਉਂਤਬੰਦੀ ਕੀਤੀ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਦੇ ਨਾਲ-ਨਾਲ ਬਾਬਾ ਦੀਪ ਸਿੰਘ ਦਾ ਵੀ ਭਰਪੂਰ ਸਹਿਯੋਗ ਲਿਆ। ਬਾਬਾ ਜੀ ਤੋਂ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਵਾਉਣ ਦੀ ਸੇਵਾ ਲਈ ਗਈ।

**ਜਹਾਨ ਖਾਂ ਨੂੰ ਕਿਸੇ ਨੇ ਦੱਸਿਆ ਕਿ ਜਦ ਤੱਕ ਅੰਮ੍ਰਿਤਸਰ ਵਿੱਚ ਪਵਿੱਤਰ ਸਰੋਵਰ ਅਤੇ ਸ੍ਰੀ ਦਰਬਾਰ ਸਾਹਿਬ ਦੀ ਹੋਂਦ ਕਾਇਮ ਹੈ, ਸਿੱਖਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਨ੍ਹਾਂ ਦੋਹਾਂ ਸੋਮਿਆਂ ਤੋਂ ਉਨ੍ਹਾਂ ਨੂੰ ਨਵਾਂ ਜੀਵਨ ਅਤੇ ਉਤਸ਼ਾਹ ਮਿਲਦਾ ਹੈ। 1760 ਈ. ਵਿੱਚ ਜਹਾਨ ਖਾਂ ਨੇ ਅੰਮ੍ਰਿਤਸਰ ਨੂੰ ਸਦਰ ਮੁਕਾਮ ਬਣਾ ਲਿਆ। ਇਸ ਮੁਕਾਮ ਦੌਰਾਨ ਉਸ ਨੇ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹ ਕੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ।**



ਬਾਬਾ ਦੀਪ ਸਿੰਘ ਨੇ ਸ੍ਰੀ ਗ੍ਰੰਥ ਸਾਹਿਬ ਦੇ ਚਾਰ ਉਤਾਰੇ ਕਰਕੇ ਚਾਰੇ ਤਖਤਾਂ ਨੂੰ ਭੇਜੇ। ਦੱਖਣ ਵੱਲ ਰਵਾਨਾ ਹੋਣ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਜੀ ਨੇ ਸ੍ਰੀ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਪੂਰਨ ਰੂਪ ਵਿੱਚ ਬਾਬਾ ਜੀ ਨੂੰ ਸੌਂਪ ਦਿੱਤੀ। ਇਸ ਜ਼ਿੰਮੇਵਾਰੀ ਨੂੰ ਬਾਬਾ ਦੀਪ ਸਿੰਘ ਨੇ ਬੜੀ ਹੀ ਤਨਦੇਹੀ ਅਤੇ

**ਬਾਕੀ ਸਫਾ 33 'ਤੇ**

**ਨਵੰਬਰ 1984 ਨੂੰ ਯਾਦ ਕਰਦਿਆਂ**

# ਬੱਬਰ ਸ਼ੇਰਨੀ ਗੁਰਦੀਪ ਕੌਰ



-ਡਾ. ਹਰਸ਼ਿੰਦਰ ਕੌਰ
ਐਮ.ਡੀ.
0175-2216783

ਮੈਂ ਇਕ ਆਮ ਔਰਤ ਹਾਂ। ਮੇਰੇ ਬਾਰੇ ਕਿਸੇ ਨੂੰ ਕੁੱਝ ਵੀ ਪਤਾ ਨਹੀਂ ਹੋਣਾ। ਮੈਂ ਸ਼ਾਇਦ ਕਦੇ ਇਤਿਹਾਸ ਦਾ ਹਿੱਸਾ ਵੀ ਨਹੀਂ ਬਣਨਾ। ਪਰ, ਮੈਨੂੰ ਏਨਾ ਪਤਾ ਹੈ ਕਿ ਮੇਰੀ ਜਿੰਨੀ ਵੀ ਉਮਰ ਹੈ ਉਸ ਵਿਚ ਆਪਣੇ ਗੁਰੂ ਦੀ ਸ਼ੇਰਨੀ ਧੀ ਬਣ ਕੇ ਜੀਣਾ ਹੈ। ਮੈਨੂੰ ਬਚਪਨ ਤੋਂ ਹੀ ਅਨੇਕ ਬਹਾਦਰ ਸਿੱਖ ਬੀਬੀਆਂ ਦੀਆਂ ਜੀਵਨੀਆਂ ਸੁਣਾਈਆਂ ਗਈਆਂ ਹਨ। ਮੈਨੂੰ ਨਹੀਂ ਸੀ ਪਤਾ ਕਿ ਮੈਨੂੰ ਕਦੇ ਜ਼ਿੰਦਗੀ ਵਿਚ ਤਲਵਾਰ ਚੁੱਕਣ ਦੀ ਲੋੜ ਪਏਗੀ! ਮੈਂ ਤਾਂ ਪੂਰੀ ਦਲੇਰੀ ਨਾਲ ਆਪਣੇ ਬਚਪਨ ਨੂੰ ਪੂਰ ਚੜ੍ਹਾਇਆ। ਮੈਂ ਵਿਆਹ ਵੀ ਫੌਜੀ ਸ੍ਰ. ਪਿਆਰਾ ਸਿੰਘ ਜੀ ਨਾਲ ਕੀਤਾ ਤਾਂ ਜੋ ਅਸੀਂ ਦੋਵੇਂ ਦਲੇਰਾਨਾ ਢੰਗ ਨਾਲ ਜੀਵਨ ਬਤੀਤ ਕਰੀਏ। ਡਰ ਭੈਅ ਤੋਂ ਮੁਕਤ ਦੋਵਾਂ ਨੇ ਯੂ.ਪੀ. ਦੇ ਲਖੀਮਪੁਰ ਖੀਰੀ ਜ਼ਿਲੇ ਦੇ ਪਿੰਡ ਰਹਿੰਦੇ ਆਪਣੀ ਧੀ ਨੂੰ ਵੀ ਸ਼ੇਰਨੀ ਵਾਂਗ ਲੜਨ ਦੀ ਸਿੱਖਿਆ ਦਿੱਤੀ।

ਗੱਲ 1984 ਦੀ ਹੈ। ਕੱਟੜਵਾਦੀ ਸਿਰਫਿਰਿਆਂ ਨੇ ਚੁਣ-ਚੁਣ ਕੇ ਸਿੱਖਾਂ ਦੀਆਂ ਲਾਸ਼ਾਂ ਦੇ ਢੇਰ ਲਾ ਛੱਡੇ ਸਨ। ਸਾਡੇ ਚੁਫ਼ੇਰੇ ਸਾਰੇ ਜਣੇ ਘਰਬਾਰ ਛੱਡ ਕੇ ਜੰਗਲਾਂ ਵੱਲ ਦੌੜ ਗਏ ਸਨ। ਮੇਰੇ ਪਤੀ ਡਿਊਟੀ ਉੱਤੇ ਸਨ। ਘਰ ਵਿਚ ਮੇਰੀ ਧੀ ਤੇ ਮੈਂ ਸਾਂ। ਮੇਰੇ ਸਹੁਰਾ ਸਾਹਿਬ ਕਿਸੇ ਕੰਮ ਘਰੋਂ ਬਾਹਰ ਗਏ ਸਨ।

ਮੈਂ ਘਰੋਂ ਬਾਹਰ ਟਿਊਬਵੈੱਲ ਉੱਤੇ ਕਪੜੇ ਧੋ ਰਹੀ ਸੀ ਜਦੋਂ ਹੋ-ਹੱਲੇ ਦੀ ਆਵਾਜ਼ ਸੁਣੀ। ਆ ਕੇ ਵੇਖਿਆ ਤਾਂ ਸਿੱਖਾਂ ਦੇ ਖਾਲੀ ਛੱਡੇ ਘਰਾਂ ਵਿੱਚੋਂ ਸਮਾਨ ਲੁੱਟਿਆ ਜਾ ਰਿਹਾ ਸੀ। ਘਰਾਂ ਨੂੰ ਸਾੜਨ ਤੇ ਸਮਾਨ ਗੱਡਿਆਂ ਵਿਚ ਲੱਦਣ ਬਾਅਦ ਸਾਰਿਆਂ ਨੇ ਮੇਰੇ ਘਰ ਵੱਲ ਮੂੰਹ ਕਰ ਲਿਆ ਸੀ। ਤੇਲ ਦੀਆਂ ਕੈਨੀਆਂ, ਰਾਡਾਂ, ਡੰਡੇ, ਚੈਨਾਂ ਫੜੀ ਭੀੜ ਲਲਕਾਰੇ ਮਾਰਦੀ ਮੇਰੇ ਘਰ ਵੱਲ ਨੂੰ ਤੁਰੀ ਆ ਰਹੀ ਸੀ।

ਮੈਂ ਝਟਪਟ ਹੱਥ ਪੂੰਝੇ ਤੇ ਚੁੰਨੀ ਕਮਰ ਦੁਆਲੇ ਬੰਨ੍ਹ ਕੇ ਤਿਆਰ ਹੋ ਗਈ। ਇਕੱਲੀ ਵੀ ਤਾਂ ਮੈਂ ਸਵਾ ਲੱਖ ਦੇ ਬਰਾਬਰ ਸੀ। ਮੇਰਾ ਪਤੀ ਮੁਲਕ ਦੀ ਰਾਖੀ ਲਈ ਛਾਤੀ ਤਾਣ ਕੇ ਸਰਹੱਦ ਉੱਤੇ ਖਲੋਤਾ ਸੀ। ਕੀ ਮੈਂ ਆਪਣੀ ਤੇ ਆਪਣੀ ਬੇਟੀ ਦੀ ਰਾਖੀ ਵੀ ਨਹੀਂ ਕਰ ਸਕਦੀ? ਜ਼ਰੂਰ ਕਰ ਸਕਦੀ ਸੀ। ਇਸੇ ਲਈ ਮੈਂ ਉੱਕਾ ਨਹੀਂ ਡਰੀ। ਭੱਜ ਕੇ ਬਾਹਰੋਂ ਗੇਟ ਬੰਦ ਕੀਤਾ ਤੇ ਅੰਦਰ ਆ ਕੇ ਅਲਮਾਰੀ ਵਿੱਚੋਂ ਰਾਈਫਲ ਕੱਢਣ ਲਈ ਚਾਬੀ ਲੱਭੀ।

ਭੀੜ ਨੇ ਮੈਨੂੰ ਇਕੱਲੀ ਨੂੰ ਵੇਖ ਲਿਆ ਸੀ। ਮੇਰੀ ਪੱਤ ਲੁੱਟਣ ਲਈ ਚੰਘਾੜੇ ਮਾਰਦੇ ਤੇ ਅਤਿ ਦੀਆਂ ਗੰਦੀਆਂ ਗਾਲ੍ਹਾਂ ਕੱਢਦੇ ਉਹ ਮੇਰੇ ਘਰ ਦੇ ਦਰਵਾਜ਼ੇ ਭੰਨਣ ਲੱਗ ਪਏ। ਮੈਨੂੰ ਦਿਸ ਰਿਹਾ ਸੀ ਕਿ ਕਿਸੇ ਵੀ ਪਲ ਧਾੜਵੀਆਂ ਦੀ ਪੂਰੀ ਟੀਮ ਅੰਦਰ ਆ ਵੜੇਗੀ। ਕਾਹਲ 'ਚ ਅਲਮਾਰੀ ਦੀ ਚਾਬੀ ਨਹੀਂ ਮਿਲੀ। ਮੈਂ ਝਟਪਟ ਆਪਣੀ ਧੀ ਰਾਣੀ ਨੂੰ ਆਵਾਜ਼ ਲਾਈ-'ਉੱਠ ਬੱਚੀਏ ਸ਼ੇਰਨੀਏ। ਤੇਰੇ ਨਾਂ ਨਾਲ '**ਕੌਰ**' ਲੱਗਿਐ। ਇਸਨੂੰ ਸਾਬਤ ਕਰਨ ਦਾ ਸਮਾਂ ਆ ਗਿਐ। ਮਨ 'ਚ ਗੁਰੂ ਸਾਹਿਬ ਨੂੰ ਧਿਆ ਤੇ ਆਹ ਚੁੱਕ ਤਲਵਾਰ।' ਉਸਨੂੰ ਤਲਵਾਰ ਫੜਾ ਤੇ ਆਪ ਬਰਛਾ ਚੁੱਕ ਕੇ ਅਸੀਂ ਗੱਜ ਕੇ ਜੈਕਾਰਾ ਬੁਲਾਇਆ ਤੇ ਟੁੱਟਣ ਦੇ ਨੇੜੇ ਆਇਆ ਦਰਵਾਜ਼ਾ ਖੋਲ੍ਹ ਦਿੱਤਾ।

ਸਾਨੂੰ ਹਥਿਆਰ ਚੁੱਕੇ ਵੇਖ ਸਾਨ੍ਹਾਂ ਵਾਂਗ ਅੰਦਰ ਨੂੰ ਭੱਜੀ ਆਉਂਦੀ ਭੀੜ ਠਠੰਬਰ ਗਈ। ਸਾਡੇ ਲਲਕਾਰੇ ਨੇ ਸਾਰੇ ਮੁਸ਼ਟੰਡਿਆਂ ਨੂੰ ਪਿਛਾਂਹ ਭੱਜਣ ਉੱਤੇ ਮਜਬੂਰ ਕਰ ਦਿੱਤਾ। ਅਸੀਂ ਦੁਹਾਂ ਨੇ ਅੱਧਾ ਕਿੱਲੋਮੀਟਰ ਤਕ ਭੀੜ ਦਾ ਪਿੱਛਾ ਕੀਤਾ। ਸਾਨੂੰ ਪਤਾ ਸੀ ਕਿ ਇਹ ਭੀੜ ਪੂਰੀ ਤਿਆਰੀ ਨਾਲ ਵਾਪਸ ਆਉਣ ਵਾਲੀ ਹੈ। ਇਸੇ ਲਈ ਵਾਪਸ ਆ ਕੇ ਟਰੰਕ 'ਚੋਂ ਚਾਬੀ ਕੱਢ ਕੇ ਰਾਈਫਲ ਬਾਹਰ ਕੱਢ ਲਈ।

ਮਸਾਂ ਅੱਧਾ ਕੁ ਘੰਟਾ ਹੀ ਲੰਘਿਆ ਹੋਣੈ ਕਿ ਭੀੜ ਦੁਬਾਰਾ ਹਰਲ ਹਰਲ ਕਰਦੀ ਪਹੁੰਚ ਗਈ। ਇਸ ਵਾਰ ਉਹ ਹੋਰ ਤਿਆਰੀ ਨਾਲ ਆਏ ਸੀ। ਮੈਂ ਆਪਣੀ ਧੀ ਨਾਲ ਛੱਤ ਉੱਤੇ ਚੜ੍ਹ ਗਈ ਤੇ ਬੰਦੂਕ ਨਾਲ ਫਾਇਰ ਕੀਤਾ। ਭੀੜ ਇਕਦਮ ਸਕਤੇ 'ਚ ਆ ਗਈ ਤੇ ਕੁੱਝ ਕੁ ਪਿਛਾਂਹ ਹੋ ਗਈ। ਮੈਂ ਵੀ ਉੱਚੀ ਸਾਰੀ ਚੀਕੀ-'ਹੈ ਕਿਸੇ 'ਚ ਦਮ ਤਾਂ ਮੇਰੀ ਬੰਦੂਕ ਦਾ ਸਾਹਮਣਾ ਕਰੇ।' ਜਦੋਂ ਸੱਤ ਅੱਠ ਜਣੇ ਅਗਾਂਹ ਹੋਣ ਲੱਗੇ ਤਾਂ ਮੈਂ ਫੇਰ ਫਾਇਰ ਕੀਤਾ। ਦੋ ਜਣੇ ਫੱਟੜ ਹੋ ਗਏ ਤੇ ਸਾਰੇ ਪਿਛਾਂਹ ਭੱਜ ਲਏ। ਫੇਰ ਪਿਛਲੇ ਪਾਸੇ ਜਾ ਕੇ ਪਸ਼ੂਆਂ ਦੇ ਵਾੜੇ ਨੂੰ ਉਨ੍ਹਾਂ ਨੇ ਅੱਗ ਲਾ ਦਿੱਤੀ। ਮੈਂ ਆਪਣੀ ਧੀ ਨੂੰ ਤਲਵਾਰ ਦੇ ਕੇ ਵਾੜੇ ਵੱਲ ਭੇਜਿਆ ਤਾਂ ਜੋ ਬੇਜ਼ੁਬਾਨ ਪਸ਼ੂਆਂ ਦੇ ਰੱਸੇ ਵੱਢ ਦੇਵੇ ਤੇ ਉਨ੍ਹਾਂ ਦੀ ਜਾਨ ਬਚ ਜਾਵੇ। ਮੈਂ ਆਪ ਛੱਤ ਉੱਤੇ ਮੋਰਚਾ ਸੰਭਾਲੀ ਰੱਖਿਆ।

ਜਦੋਂ ਕੋਈ ਵਾਹ ਨਾ ਚੱਲੀ ਤਾਂ ਗੁੰਡਿਆਂ ਨੂੰ ਅਖ਼ੀਰ ਵਾਪਸ ਮੁੜਨਾ ਪਿਆ। ਵਾਪਸ ਮੁੜਦਿਆਂ ਨੂੰ ਵੀ ਬੰਦੂਕ ਦੀ ਗੋਲੀ ਨਾਲ ਮੈਂ ਭਜਾ ਦਿੱਤਾ ਤੇ ਗੱਡਿਆਂ ਉੱਤੇ ਧਰੇ ਲੁੱਟ ਦੇ ਸਮਾਨ ਨੂੰ ਵੀ ਨਾਲ ਨਾ ਲਜਾਣ ਦਿੱਤਾ। ਇੰਜ ਮੈਂ ਗਵਾਂਢੀਆਂ ਦੇ ਘਰਾਂ ਨੂੰ ਸਾੜੇ ਜਾਣ ਤੋਂ ਵੀ ਬਚਾ ਲਿਆ ਤੇ ਉਨ੍ਹਾਂ ਦਾ ਸਮਾਨ ਵੀ ਬਚਾ ਲਿਆ। ਉਨ੍ਹਾਂ ਧਾੜਵੀਆਂ 'ਚੋਂ ਕਿਸੇ 'ਚ ਏਨੀ ਹਿੰਮਤ ਨਹੀਂ ਸੀ ਕਿ ਮੇਰੀ ਬੰਦੂਕ ਦੇ ਸਾਹਮਣੇ ਹੋ ਕੇ ਗੱਡਾ ਹਿੱਕ ਕੇ ਲਿਜਾ ਸਕਦੇ।

ਇਸੇ ਕਾਰਨ ਸਦਕਾ ਪੂਰੇ ਇਲਾਕੇ 'ਚ ਹੁਣ ਤੱਕ ਮੇਰੇ ਨਾਂ ਦੀ ਦਹਿਸ਼ਤ ਹੈ ਤੇ ਮੇਰੇ ਵਾਕਫ਼ ਹਿੰਦੂ ਟੱਬਰ ਤਾਂ ਮੈਨੂੰ ਨਾਂ ਨਾਲ ਬੁਲਾਉਣ ਦੀ ਥਾਂ ਬੱਬਰ ਸ਼ੇਰਨੀ ਕਹਿ ਕੇ ਬੁਲਾਉਂਦੇ ਹਨ। ਇਨ੍ਹਾਂ ਨੂੰ ਕੀ ਸਮਝਾਵਾਂ ਕਿ ਮੈਂ ਇਕੱਲੀ ਨਹੀਂ ਹਾਂ। ਜਿਸ ਵੀ ਕਿਸੇ ਔਰਤ ਦੇ ਨਾਂ ਪਿੱਛੇ '**ਕੌਰ**' ਲਗ ਜਾਂਦਾ ਹੈ, ਉਸ ਅੰਦਰ ਏਨੀ ਹੀ ਹਿੰਮਤ ਭਰ ਜਾਂਦੀ ਹੈ। ਅਜਿਹੀਆਂ ਬੱਬਰ ਸ਼ੇਰਨੀਆਂ ਨੂੰ ਨਾ ਸਿਰਫ਼ ਆਪਣੀ ਰਾਖੀ ਆਪ ਕਰਨੀ ਆਉਂਦੀ ਹੈ, ਸਗੋਂ ਉਹ ਹੋਰਾਂ ਦੀ ਵੀ ਰਾਖੀ ਕਰਨ ਯੋਗ ਹੁੰਦੀਆਂ ਹਨ।

ਇਸ ਬੱਬਰ ਸ਼ੇਰਨੀ ਗੁਰਦੀਪ ਕੌਰ ਨੇ ਸਾਬਤ ਕਰ ਦਿੱਤਾ ਕਿ ਸਿੰਘਣੀਆਂ ਭਾਵੇਂ ਕਿਸੇ ਵੀ ਯੁੱਗ ਵਿਚ ਜੰਮਣ, ਉਹ ਵਾਕਈ ਗਜ਼ਬ ਦੀ ਹਿੰਮਤ ਰੱਖਦੀਆਂ ਹਨ ਤੇ ਛਾਤੀ ਉੱਤੇ ਵਾਰ ਖਾ ਕੇ ਮਰਨ ਨੂੰ ਤਰਜੀਹ ਦਿੰਦੀਆਂ ਹਨ। ਉਹ ਨਾ ਪਿੱਠ ਮੋੜ ਕੇ ਭੱਜ ਕੇ ਅਤੇ ਨਾ ਹੀ ਦੱਬੂ ਬਣ ਕੇ ਰਹਿਣ ਨੂੰ ਜੀਣਾ ਸਮਝਦੀਆਂ ਹਨ। ਉਹ ਮਰਨ ਤੋਂ ਪਹਿਲਾਂ ਦੁਸ਼ਮਨਾਂ ਨੂੰ ਮਾਰ ਕੇ ਹੀ ਮਰਨਾ ਸਫ਼ਲ ਮੰਨਦੀਆਂ ਹਨ।

ਅੱਜ ਦੇ ਦਿਨ ਵੀ ਹਰ '**ਕੌਰ**' ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਣਖ ਨਾਲ ਜੀਣਾ ਮਰਨਾ ਕਿਸ ਨੂੰ ਕਹਿੰਦੇ ਹਨ। ਜੇ ਅਜੇ ਵੀ ਕਿਸੇ ਦੇ ਮਨ ਅੰਦਰ ਡਰ ਦਾ ਰਤਾ ਮਾਸਾ ਵੀ ਕਿਣਕਾ ਬਚਿਆ ਹੋਇਆ ਹੈ ਤਾਂ ਉਸ ਨੂੰ ਆਪਣੇ ਨਾਂ ਅੱਗੋਂ '**ਕੌਰ**' ਲਾਹ ਦੇਣਾ ਚਾਹੀਦਾ ਹੈ। ਆਪਣੇ ਅੰਦਰਲੀ ਹਿੰਮਤ ਪਛਾਣ ਕੇ ਜੇ ਅੱਜ ਵੀ ਸ਼ਰਾਰਤੀ ਅਨਸਰਾਂ ਦੀ ਢਾਣੀ ਨੂੰ '**ਕੌਰ**' ਲਲਕਾਰ ਮਾਰ ਦੇਵੇ ਤਾਂ ਕੀ ਮਜਾਲ ਉਹ ਕਿਸੇ ਅਜਿਹੀ ਸ਼ੇਰਨੀ ਅੱਗੇ ਪਲ ਭਰ ਵੀ ਟਿਕ ਸਕਣਗੇ। ਲੋੜ ਹੈ ਹਰ ਬੱਚੀ ਅੰਦਰਲੀ ਇਸ ਤਾਕਤ ਨੂੰ ਉਜਾਗਰ ਕਰਨ ਦੀ, ਤਾਂ ਜੋ ਔਰਤ ਜ਼ਾਤ ਪ੍ਰਤੀ ਹੁੰਦੇ ਜੁਰਮਾਂ ਨੂੰ ਠੱਲ ਪਾਈ ਜਾ ਸਕੇ।

ਸਲਾਮ ਹੈ ਇਸ ਬੱਬਰ ਸ਼ੇਰਨੀ ਨੂੰ ਜਿਸਨੇ '**ਕੌਰ**' ਸ਼ਬਦ ਦਾ ਹੱਕ ਅਦਾ ਕਰ ਦਿੱਤਾ। ਭਾਵੇਂ 23 ਫਰਵਰੀ ਨੂੰ ਲਾਇਲਾਜ ਬੀਮਾਰੀ ਦੀ ਤਾਬ ਨਾ ਝੱਲਦਿਆਂ ਬੀਬੀ ਗੁਰਦੀਪ ਕੌਰ ਇਸ ਦੁਨੀਆਂ ਨੂੰ ਸਦੀਵੀ ਵਿਛੋੜਾ ਦੇ ਗਈ ਹੋਵੇ, ਪਰ ਇਤਿਹਾਸ ਖੁੱਲੀਆਂ ਬਾਹਵਾਂ ਨਾਲ ਇਸ ਬੀਬੀ ਦਾ ਸਵਾਗਤ ਕਰੇਗਾ ਤੇ ਆਉਣ ਵਾਲੀਆਂ ਪੀੜ੍ਹੀਆਂ ਇਸ ਬੀਬੀ ਦੀ ਦਲੇਰੀ ਉੱਤੇ ਮਾਣ ਕਰਦੀਆਂ ਰਹਿਣਗੀਆਂ ਤੇ ਇਸ ਦੀ ਯਾਦ ਕਦੇ ਮਨਾਂ ਵਿੱਚੋਂ ਮਿਟਣ ਨਹੀਂ ਦੇਣਗੀਆਂ।

-0-

# ਦੇਸ਼ੋਂ ਮੂੰਹ ਮੋੜ ਕੇ ਵਿਦੇਸ਼ਾਂ ਵਿਚ ਪੱਕੇ ਜਾ ਵੱਸਣ ਲਈ ਕਾਹਲੇ ਭਾਰਤੀ

**-ਕੁਲਵੰਤ ਕੌਰ (ਡਾ) 98156-20515**

ਆਪਣੇ ਪਹਿਲੇ ਆਰਟੀਕਲਾਂ ਵਿਚ, ਮੈਂ ਅਕਸਰ ਹੀ ਜ਼ਿਕਰ ਕਰਦੀ ਰਹੀ ਹਾਂ ਕਿ ਪੰਜਾਬ ਦੇ ਸੈਂਕੜੇ ਹੀ 'ਵਿਦਿਆਰਥੀ', ਪੜ੍ਹਾਈ ਲਿਖਾਈ ਦੇ ਨਾਂ 'ਤੇ ਹਰ ਰੋਜ਼ ਵਿਦੇਸ਼ਾਂ ਵਲ ਕੂਚ ਕਰ ਰਹੇ ਹਨ। ਕੀ ਪੇਂਡੂ, ਕੀ ਸ਼ਹਿਰੀ, ਕੀ ਪੜ੍ਹਿਆ ਤੇ ਕੀ ਅਨਪੜ੍ਹ, ਕੀ ਸਰਦਾ ਪੁੱਜਦਾ ਤੇ ਕੀ ਮਸਾਂ ਗੁਜ਼ਾਰਾ ਕਰਦਾ ਵਿਅਕਤੀ, ਸਭ ਦੇ ਸਭ ਇਕੋ ਜਨੂੰਨ ਪਾਲੀ ਬੈਠੇ ਹਨ ਕਿ ਬੱਚਾ ਕਿਸੇ ਨਾ ਕਿਸੇ ਤਰ੍ਹਾਂ ਬਾਹਰ ਨਿਕਲ ਜਾਵੇ - ਇਵਜ਼ ਵਿਚ ਘਰ, ਪਲਾਟ, ਜ਼ਮੀਨ, ਜਾਇਦਾਦ, ਬੱਚਤ ਅਤੇ ਹੋਰ ਸਰਮਾਇਆ ਲੁੱਟਦਾ ਹੈ ਤਾਂ ਲੁੱਟ ਜਾਵੇ ਪਰੰਤੂ ਔਲਾਦ 'ਜਹਾਜ਼' ਦੇ ਝੂਟੇ ਜ਼ਰੂਰ ਲੈ ਲਵੇ। 'ਜਹਾਜ਼' ਤੋਂ ਯਾਦ ਆਇਆ ਹੈ ਕਿ ਪਿੱਛੇ ਜਿਹੇ ਸਾਡੇ ਮੁੱਖ ਜਥੇਦਾਰ ਜੀ ਨੇ ਵੀ ਇਕ ਐਲਾਨ ਕੀਤਾ ਸੀ ਕਿ ਗੁਰਦਵਾਰਿਆਂ ਵਿਚ ਸੋਨੇ, ਚਾਂਦੀ ਤੇ ਪਿੱਤਲ ਦੇ ਖਿਡੌਣੇ-ਜਹਾਜ਼ ਚੜ੍ਹਾ ਕੇ, ਇਨ੍ਹਾਂ ਧਾਰਮਿਕ ਸਥਾਨਾਂ ਨੂੰ ਪਲੀਤ ਨਾ ਕੀਤਾ ਜਾਵੇ ਕਿਉਂਕਿ ਵਿਦੇਸ਼ੀ ਵੀਜ਼ਾ ਲੱਗ ਜਾਣ ਤੇ ਸੰਤਾਨ ਦੇ ਉਡਾਰੀ ਮਾਰ ਜਾਣ ਪਿੱਛੋਂ ਅਕਸਰ ਹੀ ਮਾਪੇ, ਆਪਣੀ ਸੁੱਖਣਾ ਉਤਾਰਨ ਲਈ, ਖਿਡੌਣੇ - ਨੁਮਾ ਜਹਾਜ਼ ਲੈ ਕੇ ਗੁਰੂ ਘਰਾਂ ਵਿਚ ਪੁੱਜਦੇ ਹਨ। ਇਹ ਚੱਲਣ ਇਸ ਕਦਰ ਪ੍ਰਚੰਡ ਹੋ ਗਿਆ ਹੈ ਕਿ ਗੁਰਦਵਾਰਿਆਂ ਦੇ ਸਟੋਰ ਛੋਟੇ ਪੈ ਰਹੇ ਹਨ ਤੇ ਇਨ੍ਹਾਂ ਤੇ ਫਜ਼ੂਲ ਬੇਮਾਨੀਆਂ ਚੀਜ਼ਾਂ ਦੀ ਸਾਂਭ-ਸੰਭਾਲ 'ਤੇ ਵਾਧੂ ਸ਼ਕਤੀ ਤੇ ਸ੍ਰੋਤ ਵਰਤਣੇ ਪੈ ਰਹੇ ਹਨ।




ਪੰਜਾਬ ਹੀ ਨਹੀਂ, ਪੂਰੇ ਦੇਸ਼ ਦਾ ਭਾਵੇਂ ਇਹੋ ਹੀ ਆਲਮ ਹੈ ਇਸ ਵੇਲੇ ਪਰ ਮੇਰੇ ਪੰਜਾਬ ਵਿਚ ਤਾਂ ਹਨ੍ਹੇਰੀ ਹੀ ਆਈ ਪਈ ਹੈ। ਸਾਡੀ ਸਮਾਜ ਸੇਵੀ ਸੰਸਥਾ ਦੀ ਗੱਡੀ ਦੇ ਡਰਾਈਵਰ ਦਾ ਇਕਲੌਤਾ ਪੁੱਤਰ ਜਦੋਂ ਕੈਨੇਡਾ ਜਾਣ ਤੋਂ ਪਹਿਲਾਂ, ਆਪਣੇ ਬਾਪ ਨਾਲ, ਸਾਨੂੰ ਮਿਲਣ ਅਤੇ ਆਸ਼ੀਰਵਾਦ ਲੈਣ ਘਰ ਆਇਆ ਤਾਂ ਮੈਨੂੰ ਬੇਹਿਸਾਬੀ ਹੈਰਾਨੀ ਹੋਈ। ਚੰਗਾ ਮਿਹਨਤੀ ਤੇ ਜ਼ਹੀਨ-ਮਹੀਨ ਬੁੱਧੀ ਵਾਲਾ ਇਹ ਬੱਚਾ, ਆਟੋ ਮੋਬਾਇਲ ਦੇ ਕਿਸੇ ਇਕ ਸਾਲਾ ਕੋਰਸ ਉਪਰੰਤ ਜਦੋਂ ਟਰਾਂਟੋ ਟਰਾਲਾ ਚਲਾਉਣ ਜਾ ਲੱਗਾ ਤਾਂ ਹੋਰ ਵੀ ਜ਼ਿਆਦਾ ਪਰੇਸ਼ਾਨੀ ਹੋਈ ਕਿ ਵਿਦੇਸ਼ ਜਾਣ ਦੀ ਲਲਕ, ਆਖ਼ਰ ਡਾਲਰਾਂ ਤੱਕ ਹੀ ਕਿਉਂ ਸੀਮਤ ਹੋ ਗਈ ਹੈ। ਖ਼ੈਰ, ਚੰਗੇ ਕੋਰਸਾਂ ਦੀ ਚਾਹਤ ਲੈ ਕੇ ਉੱਧਰ ਜਾ ਵੱਸਣ ਦੀ ਸ਼ਿੱਦਤ ਭਰੀ ਇੱਛਾ ਵੀ ਕੋਈ ਘੱਟ ਨਹੀਂ ਪਰ ਲੈ ਦੇ ਕੇ ਭਾਰਤ ਤੋਂ ਖ਼ਲਾਸੀ, ਹਰੇਕ ਬਾਹਰ ਨਿਕਲਣ ਦੇ ਚਾਹਵਾਨ ਦਾ ਪਹਿਲਾ ਤੇ ਆਖਰੀ ਟੀਚਾ ਹੁੰਦੈ। ਕਾਰਨ ਇਕ ਨਹੀਂ, ਅਨੇਕ ਹਨ - ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ, ਭਾਈ ਭਤੀਜਾਵਾਦ, ਲੁੱਟਾਂ-ਖੋਹਾਂ, ਗੈਂਗਸਟਰਵਾਦ, ਫਿਰੌਤੀਆਂ, ਪੁਲਿਸ ਵਧੀਕੀਆਂ, ਫ਼ਿਰਕਾਪ੍ਰਸਤੀ, ਕਾਨੂੰਨੀ ਤੇ ਹੋਰ ਵੀ ਅਨੇਕ ਪ੍ਰੱਤਖ ਤੇ ਪਰੋਖ ਕਾਰਨ, ਪਰਿਸਥਿਤੀਆਂ ਤੇ ਹਾਲਾਤ ਜੋ ਸਾਨੂੰ ਇਸ ਭਾਰਤ-ਭੂਮੀ 'ਤੇ, ਦੂਜੇ ਦਰਜੇ ਦੇ ਸ਼ਹਿਰੀ ਹੋਣ ਦਾ ਆਭਾਸ ਤੇ ਅਹਿਸਾਸ ਕਰਵਾਉਂਦੇ ਹਨ। ਗਲੀ-ਗਲੀ, ਕੂਚੇ-ਕੂਚੇ, ਪਿੰਡਾਂ-ਕਸਬਿਆਂ, ਨਗਰਾਂ ਤੇ ਮਹਾਂ ਨਗਰਾਂ ਵਿੱਚ ਖੁੱਲ੍ਹੇ ਆਈਲੈਟ ਕੇਂਦਰ, ਕੋਚਿੰਗ ਜਮਾਤਾਂ, ਏਜੰਟਾਂ ਦੀ ਇਸ਼ਤਿਹਾਰਬਾਜ਼ੀ, ਟੀ.ਵੀ.ਚੈਨਲਾਂ ਤੇ ਉਕਸਾਉਂਦੇ-ਭੜਕਾਉਂਦੇ ਬਿਆਨ ਅਤੇ ਕੂੜ ਪ੍ਰਚਾਰ ਸਾਡੀ ਨੌਜਵਾਨੀ ਨੂੰ ਪ੍ਰਵਾਸ ਲਈ ਪਾਗਲ ਕਰਦੇ ਜਾ ਰਹੇ ਹਨ। ਵਿਆਹਾਂ ਦੇ ਵੀ ਇਸ ਪ੍ਰਥਾਇ ਸੌਦੇ ਹੋਣ ਲੱਗੇ ਹਨ। ਵਿਆਹਾਂ ਦੇ ਇਸ਼ਤਿਹਾਰਾਂ ਵਿਚ ਹੁਣ ਆਈਲੈਟ ਪਾਸ ਲੜਕੇ ਜਾਂ ਲੜਕੀ ਦੀ ਦੱਸ ਪਾ ਕੇ, ਦੂਜੀ ਧਿਰ ਵਲੋਂ ਸਾਰਾ ਖ਼ਰਚਾ ਚੁੱਕਣ ਦੀਆਂ ਨਵੀਆਂ ਰਿਵਾਇਤਾਂ ਹੁਣ ਆਮ ਵਰਤਾਰਾ ਹਨ। ਮੇਰੀ ਇਕ ਸਹਿਯੋਗੀ ਦਾ ਲੰਡਰ ਪੋਤਾ, ਕਿਸੇ ਆਈਲੈਟ ਪਾਸ ਮੁਟਿਆਰ ਦੇ ਘਨੇੜੇ ਚੜ੍ਹ ਕੇ ਵਿਦੇਸ਼ ਜਾ ਰਿਹਾ ਹੈ ਭਾਵੇਂ ਇਸ ਸੌਦੇ 'ਤੇ ਉਸ ਨੂੰ ਵੀਹ ਪੱਚੀ ਲੱਖ ਵੀ ਪੱਲਿਓਂ ਖਰਚਣੇ ਪੈ ਰਹੇ ਹਨ। ਬਾਹਰ ਸੈਟਲਡ ਪੰਜਾਬਣਾਂ ਵੱਲੋਂ ਧੋਖੇ ਧੜੀ ਨਾਲ ਕਈ ਕਈ ਵਿਆਹ ਰਚਾ ਕੇ, ਪੰਜਾਬੀ ਨੌਜਵਾਨਾਂ ਨੂੰ ਬਰਬਾਦ ਕਰਕੇ, ਮੁੜ ਰਫੂ ਚੱਕਰ ਹੋ ਜਾਣ ਦੇ ਕਿੱਸੇ ਵੀ ਘੱਟ ਨਹੀਂ ਹਨ, ਹੁਣ। ਗੱਲ ਫੇਰ, ਉੱਥੇ ਹੀ ਆ ਕੇ ਮੁੱਕਦੀ ਹੈ ਕਿ ਅਸੀਂ ਹੁਣ ਇਸ ਪ੍ਰਦੂਸ਼ਿਤ ਹੋ ਚੁੱਕੀ ਧਰਤੀ 'ਤੇ ਕਤਈ ਵੀ ਟਿਕਣਾ ਨਹੀਂ ਚਾਹੁੰਦੇ। ਜੁਗਾੜ, ਯਤਨ ਤੇ ਕੋਈ ਤਰੀਕਾ ਭਾਵੇਂ ਕੋਈ ਵੀ ਵਰਤਣਾ ਪਵੇ। ਉਂਞ, ਪ੍ਰਵਾਸ ਕੋਈ ਅੱਜ ਅਜੋਕੜਾ ਵਰਤਾਰਾ ਨਹੀਂ ਹੈ।

1897 ਵਿਚ, ਜਦੋਂ ਮਹਾਰਾਣੀ ਵਿਕਟੋਰੀਆ ਦੀ ਡਾਇਮੰਡ ਜੁਬਲੀ ਮਨਾਉਣ ਲਈ, ਭਾਰਤੀ ਸਿਪਾਹੀ (ਬਰਤਾਨਵੀ ਰਾਜ ਵੇਲੇ) ਕੈਨੈਡਾ ਦੇ ਰਾਜ ਬ੍ਰਿਟਿਸ਼ ਕੋਲੰਬੀਆ ਤੋਂ ਲੰਘ ਰਹੇ ਸਨ, ਤਾਂ ਇੱਥੋਂ ਦੀ ਆਜ਼ਾਦ ਫਿਜ਼ਾ, ਖ਼ੂਬਸੂਰਤੀ, ਵੰਨ ਸੁਵੰਨਤਾ, ਵਿਸ਼ਾਲਤਾ, ਵਿਵਿਧਤਾ, ਬਹੁਲਤਾ ਅਤੇ ਰੌਣਕ ਨੇ ਉਨ੍ਹਾਂ 'ਤੇ ਜਾਦੂਈ ਅਸਰ ਕਰ ਦਿੱਤਾ। ਫਲਸਰੂਪ, ਦੇਸ਼ ਵਾਪਸੀ ਉਪਰੰਤ, ਸੁਪਨਿਆਂ ਵਿਚ ਵੀ ਉਨ੍ਹਾਂ ਨੂੰ ਉਹੀ ਸਰਸਬਜ਼ਿਆਂ ਤੇ ਬਰਕਤਾਂ ਦੇ ਦੀਦਾਰ ਹੋਣ ਲੱਗੇ - 1900 ਤੋਂ ਹੀ ਕੈਨੇਡਾ ਵੰਨੀਂ ਪੰਜਾਬੀਆਂ ਦੀਆਂ ਉਡਾਰੀਆਂ ਸ਼ੁਰੂ ਹੋ ਗਈਆਂ ਸਨ। 1900 ਈਸਵੀ ਦੇ ਆਰੰਭਿਕ ਦਹਾਕੇ ਵਿਚ ਅਣਗਿਣਤ




ਪੰਜਾਬੀ ਕੈਨੇਡਾ ਪਹੁੰਚ ਗਏ ਸਨ ਬਿਨਾਂ ਸ਼ੱਕ, ਕੈਨੇਡਾ ਜਾ ਕੇ ਪੱਕੇ ਵੱਸ ਜਾਣ ਵਾਲੇ ਪਹਿਲੇ, ਦੱਖਣ ਏਸ਼ਿਆਈ ਮੂਲ ਵਾਲੇ ਪੰਜਾਬੀ ਹੀ ਸਨ ਤੇ ਅੱਜ ਵੀ ਬਰਤਾਨੀਆਂ ਤੋਂ ਬਾਅਦ, ਪੂਰੀ ਦੁਨੀਆਂ ਵਿੱਚੋਂ ਵੱਧ ਪੰਜਾਬੀਆਂ ਦਾ ਪੱਕਾ ਟਿਕਾਣਾ ਕੈਨੇਡਾ ਹੀ ਹੈ ਜਿਥੋਂ ਗ਼ੁਲਾਮ ਭਾਰਤ ਲਈ ਆਜ਼ਾਦੀ ਹਾਸਿਲ ਕਰਨ ਦੀ ਜੱਦੋਜਹਿਦ ਵੀ ਵੀਹਵੀਂ ਸਦੀ ਦੇ ਆਰੰਭਿਕ ਦਹਾਕਿਆਂ ਤੋਂ ਸ਼ੁਰੂ ਹੋ ਗਈ ਸੀ ਹਾਲਾਂਕਿ ਕੈਨੇਡਾ ਵਿਚ ਇਹ ਬਹੁਤ ਹੀ ਸਖਤ ਇਮਤਿਹਾਨਾਂ ਵਿੱਚੋਂ ਲੰਘੇ ਤੇ ਜੰਗਲਾਤ ਮਹਿਕਮੇ ਵਿਚ ਬੇਹੱਦ ਔਖੇ ਕੰਮ ਕਰਕੇ ਪੈਸੇ ਕਮਾਏ। ਪਰੰਤੂ ਇਨ੍ਹਾਂ ਅੰਦਰਲਾ ਜਨੂੰਨ, ਸਿਰੜ ਤੇ ਮਿਹਨਤ, ਸਾਰੀਆਂ ਰੁਕਾਵਟਾਂ, ਮੁਸ਼ਕਲਾਂ ਤੇ ਵਿਤਕਰਿਆਂ 'ਤੇ ਹਾਵੀ ਹੁੰਦੀਆਂ ਗਈਆਂ। ਕੈਨੇਡਾ ਵਿਚ ਬਣੀ ਸਭ ਤੋਂ ਪਹਿਲੀ ਸਿੱਖ ਸੰਸਥਾ ਸੀ 'ਖਾਲਸਾ ਦੀਵਾਨ ਸੁਸਾਇਟੀ' ਜਿਸ ਦੀ ਸਥਾਪਨਾ 1906 ਵਿਚ ਹੋ ਗਈ ਸੀ ਜਦੋਂ ਕਿ ਉੱਤਰੀ ਅਮਰੀਕਾ ਦਾ ਪਹਿਲਾ ਗੁਰਦਵਾਰਾ 19 ਜਨਵਰੀ 1908 ਨੂੰ ਬਣਾ ਦਿੱਤਾ ਗਿਆ ਸੀ ਅਤੇ ਗ਼ਦਰੀ ਬਾਬਿਆਂ ਦੀ ਪੱਕੀ ਠਾਹਰ, ਸਟਾਕਟਨ ਵਿਖੇ 1912 ਵਿਚ ਸੁੰਦਰ ਗੁਰਦਵਾਰਾ ਪੰਜਾਬੋਂ ਗਏ ਸਭ ਲੋਕਾਂ ਦਾ ਟਿਕਾਣਾ ਬਣ ਗਿਆ ਸੀ। ਪਿੱਪਲਾਂਵਾਲੇ ਦੇ ਪੁੱਤਰ, ਸਾਧੂ ਸਿੰਘ ਧਾਮੀ ਨੇ ਸਭ ਤੋਂ ਪਹਿਲਾ 1920 ਵਿਚ ਇੱਥੇ 12ਵੀਂ ਪਾਸ ਕਰਕੇ ਪੰਜਾਬੀਆਂ ਦੇ ਸਿਰੋਂ ਅਨਪੜ੍ਹਤਾ ਦਾ ਬੈਨਰ ਲਾਹ ਦਿੱਤਾ ਸੀ ਕਿਉਂਕਿ ਟਰਾਂਟੋ ਯੂਨੀਵਰਸਿਟੀ ਤੋਂ 1937 ਵਿਚ ਉਸ ਨੇ ਡਾਕਟਰੇਟ ਦੀ ਡਿਗਰੀ ਹਾਸਲ ਕਰ ਲਈ ਸੀ ਭਾਵੇਂ ਦੇਸੀਆਂ ਤੇ ਵਿਦੇਸ਼ੀਆਂ ਵਿਚਲਾ ਵਿਤਕਰਾ, ਪਾੜਾ ਤੇ ਸਾੜਾ ਓਸ ਵੇਲੇ ਵੀ ਸਿਖ਼ਰਾਂ 'ਤੇ ਸੀ।

ਪਿੱਛੇ ਜਿਹੇ, ਭਾਰਤ ਦੀ ਪਾਰਲੀਮੈਂਟ ਵਿਚ, ਇੱਥੋਂ ਦੀ ਨਾਗਰਿਕਤਾ ਛੱਡ ਕੇ 135 ਮੁਲਕਾਂ ਵਿਚ ਜਾ ਵੱਸਣ ਵਾਲੇ ਦੇਸ਼ ਵਾਸੀਆਂ ਦੇ ਅੰਕੜੇ ਜਨਤਕ ਕੀਤੇ ਗਏ ਹਨ ਜਿਸ ਅਨੁਸਾਰ, ਇਸ ਸਾਲ ਦੇ ਜੂਨ ਮਹੀਨੇ ਤੱਕ ਹੀ ਕੋਈ ਸਤਾਸੀ ਹਜ਼ਾਰ ਭਾਰਤੀ ਵਿਭਿੰਨ ਮੁਲਕਾਂ ਵਿਚ ਸਥਾਈ ਤੌਰ 'ਤੇ ਜਾ ਵੱਸੇ ਹਨ। 2011 ਤੋਂ 2023 ਤੱਕ ਲਗਪਗ 17 ਲੱਖ ਭਾਰਤੀ ਅਮਰੀਕਾ, ਕੈਨੇਡਾ, ਜਰਮਨੀ, ਇਟਲੀ, ਆਸਟਰੇਲੀਆ, ਯੂ.ਕੇ. ਆਦਿ ਦੇਸ਼ਾਂ ਵਿਚ ਜਾ ਸੈਟਲ ਹੋਏ ਹਨ। ਇਨ੍ਹਾਂ 135 ਦੇਸ਼ਾਂ ਵਿਚ ਤਾਂ ਪਾਕਿਸਤਾਨ ਵੀ ਸ਼ਾਮਲ ਹੈ ਜਿਸ ਦਾ ਜੀਵਨ ਪੱਧਰ ਸਾਡੇ ਨਾਲੋਂ ਬਹੁਤ ਹੀ ਊਣਾ ਹੈ ਪਰ ਮਾਨਸਿਕ ਤੇ ਜਿਹਨੀ ਗ਼ੁਲਾਮੀ ਅਤੇ ਘੱਟ ਗਿਣਤੀਆਂ ਨਾਲ ਪੈਰ-ਪੈਰ 'ਤੇ ਵਿਤਕਰਿਆਂ ਕਾਰਨ, ਸਾਡੇ ਲੋਕ ਇੱਥੋਂ ਕਿਨਾਰਾ ਕਰਕੇ ਉੱਧਰ ਨਿਕਲ ਜਾਣ ਲਈ ਵੀ ਬੇਤਾਬ ਹਨ। ਉਂਞ ਵੀ ਬਹੁਗਿਣਤੀ ਫਿਰਕੇ ਵਾਲੇ ਕਈ ਅਧਿਆਪਕ (ਲੋਕ) ਅਕਸਰ ਸਕੂਲੀ ਬੱਚਿਆਂ ਨੂੰ ਕਹਿੰਦੇ ਸੁਣੀਂਦੇ ਹਨ ਕਿ 'ਜੇਕਰ ਨਹੀਂ ਤੌਬਾ ਕਰਨੀ ਤਾਂ ਪਾਕਿਸਤਾਨ ਚਲੇ ਜਾਓ'।

ਹੈਰਾਨੀਜਨਤਕ ਤੱਥ ਇਹ ਵੀ ਸਾਹਮਣੇ ਆਏ ਹਨ ਕਿ ਦੇਸ ਛੱਡ ਕੇ, ਪਰਿਵਾਰਾਂ ਸਮੇਤ, ਉੱਧਰ ਜਾ ਵੱਸਣ ਵਾਲੇ ਲੋਕ ਖਾਂਦੇ ਪੀਂਦੇ, ਸਮਰਿੱਧ ਤੇ ਖੁਸ਼ਹਾਲ ਪਰਿਵਾਰਾਂ ਵਾਲੇ ਹਨ। ਕੋਈ ਨਾ ਕੋਈ ਤਾਂ ਗੰਭੀਰ ਸਮੱਸਿਆਵਾਂ ਹੈਨ ਹੀ ਕਿ ਸਦੀਆਂ ਤੋਂ ਰਹਿੰਦੇ ਆ ਰਹੇ ਇਹ ਲੋਕ, ਆਖ਼ਰ ਕਿਉਂ ਆਪਣੇ ਆਸ਼ਿਆਨੇ ਛੱਡ ਦੇਣ ਲਈ ਮਜਬੂਰ ਹੋ ਗਏ? ਇਕੱਲੇ 2022 ਵਿਚ ਹੀ ਸਵਾ ਦੋ ਲੱਖ ਭਾਰਤੀ ਵਿਦੇਸ਼ੀ ਜਾ ਵੱਸੇ ਸਨ। ਨਿਸਚੇ ਹੀ ਸਾਡੇ ਸਿਸਟਮ ਦੀਆਂ ਨਾਕਾਮੀਆਂ, ਊਣਾਂ, ਪੱਖਪਾਤ, ਘਾਟਾਂ ਅਤੇ ਜ਼ੋਰਾਂ ਜਬਰੀਆਂ ਹੀ ਇਸ ਸਭ ਕਾਸੇ ਲਈ ਜ਼ਿੰਮੇਵਾਰ ਹਨ।

ਜੀ-20 ਮੌਕੇ, ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨਾਲ ਦੁਵੱਲੀ ਵਾਰਤਾਲਾਪ ਸਮੇਂ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਉੱਥੇ ਖਾਲਿਸਤਾਨੀਆਂ ਦੀਆਂ ਇਤਰਾਜ਼ਯੋਗ ਗਤੀਵਿਧੀਆਂ ਦਾ ਮੁੱਦਾ ਚੁੱਕਿਆ ਸੀ। ਦਰਅਸਲ, ਪੰਜਾਬ ਵਿਚ ਜਦੋਂ ਪੈਰ-ਪੈਰ 'ਤੇ ਇਸ ਨਾਲ ਪੱਖਪਾਤ ਕੀਤਾ ਜਾਂਦਾ ਹੈ, ਪੰਜਾਬ ਦੇ ਹੱਕ ਦਬਾਏ ਜਾਂਦੇ ਹਨ ਤਾਂ ਪੰਜਾਬੋਂ ਬਾਹਰ ਬੈਠਾ ਭਾਈਚਾਰਾ ਨਪੀੜਿਆ ਜਾਂਦਾ ਹੈ। 1947 ਤੋਂ ਲਗਾਤਾਰ ਸਾਡੇ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ, ਖ਼ਾਲਿਸਤਾਨ, ਸਾਡੇ 'ਤੇ ਥੋਪਿਆ ਜਾਂਦਾ ਹੈ (ਜਦੋਂ ਕਿ ਖ਼ਾਲਿਸ ਤਾਂ ਹੈ ਸ਼ੁਧ ਤੇ ਪਵਿੱਤਰ ਦਾ ਬੋਧਕ) ਸਾਡੇ ਬਾਹਰ ਬੈਠੇ ਵੀਰ ਤੇ ਭੈਣਾਂ, ਜਦੋਂ ਦੇਖਦੇ ਹਨ ਕਿ ਸਾਡੇ ਬੰਦੀ ਵੀਰ, ਤੀਹ ਤੀਹ ਸਾਲ ਜੇਲ੍ਹਾਂ ਭੋਗ ਕੇ ਵੀ ਅੰਦਰ ਹਨ ਜਦੋਂ ਕਿ ਲੁੱਚੇ ਤੇ ਬਲਾਤਕਾਰੀ ਇੱਥੇ ਸਾਲ ਵਿੱਚ ਪੰਜ-ਪੰਜ ਵਾਰ ਪੈਰੋਲ ਲੈ ਕੇ ਆਲੀਸ਼ਾਨ ਗੈਸਟ ਹਾਊਸਾਂ ਵਿਚ ਮੌਜਾਂ ਮਾਣਦੇ ਹਨ। ਕਦੇ ਆਜ਼ਾਦੀ ਦਿਹਾੜੇ 'ਤੇ ਉਮਰ ਕੈਦ ਭੋਗ ਰਹੇ ਬਲਾਤਕਾਰੀ ਬਰੀ ਕਰ ਦਿੱਤੇ ਜਾਂਦੇ ਹਨ। ਇੰਞ, ਗੁਰੂ-ਵਰੋਸਾਏ ਪੰਜਾਬੀਆਂ (ਸਿੱਖਾਂ) ਨੂੰ ਪੈਰ-ਪੈਰ 'ਤੇ ਦਬਾਉਣ ਦਾ ਅਮਲ, ਬਾਹਰ ਰਹਿੰਦੇ ਪੰਜਾਬੀਆਂ ਨੂੰ ਡਾਢੀ ਤਕਲੀਫ਼ ਦਿੰਦਾ ਹੈ। ਬਹੁ-ਗਿਣਤੀ ਸ਼ਾਂਤਮਈ ਵਿਰੋਧ ਕਰਦੇ ਹਨ ਜਦੋਂ ਕਿ ਕੁਝ ਤੋੜ ਫੋੜ 'ਤੇ ਵੀ ਉਤਾਰੂ ਹੋ ਜਾਂਦੇ ਹਨ। ਟਰੂਡੋ ਨੇ ਵੀ ਇਹ ਹੀ ਜਵਾਬ



ਦਿੱਤਾ ਸੀ ਕਿ 'ਕੁਝ ਲੋਕਾਂ ਦੀਆਂ ਗਲਤ ਗਤੀਵਿਧੀਆਂ ਪੂਰੇ ਭਾਈਚਾਰੇ ਦੀ ਪ੍ਰਤਿਨਿਧਤਾ ਨਹੀਂ ਕਰਦੀਆਂ। ਸਿੱਖਾਂ ਨੇ ਸੈਂਕੜੇ ਸਾਲਾਂ ਤੋਂ, ਕੈਨੇਡਾ ਦੀ ਸਰਵਪੱਖੀ ਤਰੱਕੀ 'ਚ ਬੇਸ਼ੁਮਾਰ ਹਿੱਸਾ ਪਾਇਆ ਹੈ ਜਿਸ ਕਰਕੇ ਸ਼ਾਂਤਮਈ ਤੇ ਅਹਿੰਸਕ ਵਿਰੋਧ ਦੀ ਸਾਡਾ ਸੰਵਿਧਾਨ ਹਰੇਕ ਨਾਗਰਿਕ ਨੂੰ ਇਜਾਜ਼ਤ ਦਿੰਦਾ ਹੈ'। ਟਰੂਡੋ ਦੀ ਗੱਲ ਬਹੁਤ ਵਜ਼ਨਦਾਰ ਕਹੀ ਜਾ ਸਕਦੀ ਹੈ ਤੇ ਅੱਖਾਂ ਖੋਹਲਣ ਵਾਲੀ ਵੀ ਹੈ।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਦੁਨੀਆਂ ਦੀ ਪੰਜਵੀਂ ਅਰਥ ਵਿਵਸਥਾ ਬਣ ਜਾਣ ਨਾਲ ਵੀ ਆਮ ਲੋਕਾਂ ਨਾਲ ਜਦੋਂ ਤੱਕ ਬਰਾਬਰੀ ਦਾ ਵਰਤਾਰਾ ਨਹੀਂ ਹੁੰਦਾ, ਇੱਥੇ ਕੁਝ ਨਹੀਂ ਸੌਰ ਸਕਦਾ। ਸਿਸਟਮ ਤੋਂ ਹੱਤਾਸ਼ ਲੋਕ ਹੀ ਬਾਹਰ ਜਾਣ ਦੀ ਤਾਕ ਵਿਚ ਹਨ ਜਿਸ ਨੂੰ ਸੁਧਾਰਨਾ ਅਤਿਅੰਤ ਜ਼ਰੂਰੀ ਹੈ।

-0-

## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ। 79733-70542 'ਤੇ ਵਟਸਐੱਪ ਕਰ ਸਕਦੇ ਹੋ।**



# ਨੰਨੇ ਵਾਰਸ

## ਰੁੱਖਾਂ ਦੇ ਪੱਤੇ ਕਿਉਂ ਝੜਦੇ ਹਨ

ਕਰਨੈਲ ਸਿੰਘ ਰਾਮਗੜ੍ਹ 79864-99563

ਬੱਚਿਓ! ਪੱਤਝੜ ਦਾ ਮੌਸਮ ਆਉਣ 'ਤੇ ਪੌਦਿਆਂ ਦੇ ਪੱਤੇ ਝੜ ਜਾਂਦੇ ਹਨ। ਪੌਦੇ ਅਕਿਰਿਆਸ਼ੀਲ ਹੋ ਜਾਂਦੇ ਹਨ ਅਤੇ ਆਰਾਮ ਕਰਦੇ ਹਨ। ਬਸੰਤ ਰੁੱਤ ਆਉਣ 'ਤੇ ਦੁਬਾਰਾ ਕਿਰਿਆਸ਼ੀਲ ਹੋ ਜਾਂਦੇ ਹਨ ਅਤੇ ਨਵੇਂ ਪੱਤੇ ਪੈਦਾ ਹੁੰਦੇ ਹਨ। ਪੱਤੇ ਰੁੱਖਾਂ ਦੇ ਮਹੱਤਵਪੂਰਨ ਅੰਗ ਹਨ। ਪੱਤਿਆਂ 'ਤੇ ਛੋਟੇ ਛੋਟੇ ਛੇਕ ਹੁੰਦੇ ਹਨ ਜਿਨ੍ਹਾਂ ਨੂੰ ਸਟੋਮਾਟਾ ਕਹਿੰਦੇ ਹਨ। ਪੱਤੇ ਸੂਰਜ ਦੀ ਰੌਸ਼ਨੀ ਵਿੱਚ ਆਪਣਾ ਭੋਜਨ ਬਣਾਉਂਦੇ ਹਨ।



ਪੌਦਿਆਂ ਦੇ ਸਰੀਰ ਵਿੱਚ ਅਨੇਕਾਂ ਰਸਾਇਣਿਕ ਕਿਰਿਆਵਾਂ ਚਲਦੀਆਂ ਹਨ। ਇਨ੍ਹਾਂ ਕਿਰਿਆਵਾਂ ਵਿੱਚ ਬੇਅਰਥ ਪਦਾਰਥ ਬਣਦੇ ਹਨ ਜਿਵੇਂ ਜੰਤੂਆਂ ਵਿੱਚ ਵਾਧੂ ਪਦਾਰਥ ਬਣਦੇ ਹਨ। ਜੰਤੂਆਂ ਵਿੱਚ ਵਾਧੂ ਪਦਾਰਥਾਂ ਨੂੰ ਬਾਹਰ ਕੱਢਣ ਲਈ ਵਿਸ਼ੇਸ਼ ਅੰਗ ਹੁੰਦੇ ਹਨ, ਪਰ ਪੌਦਿਆਂ ਵਿੱਚ ਵਾਧੂ ਪਦਾਰਥ ਨੂੰ ਬਾਹਰ ਕੱਢਣ ਲਈ ਵਿਸ਼ੇਸ਼ ਅੰਗ ਨਹੀਂ ਹੁੰਦੇ। ਪੌਦੇ ਵਾਧੂ ਪਦਾਰਥਾਂ ਨੂੰ ਪੱਤਝੜ ਦਾ ਮੌਸਮ ਆਉਣ ਤਕ ਆਪਣੇ ਟਿਸ਼ੂਆਂ ਵਿੱਚ ਰੱਖਦੇ ਹਨ। ਜਦੋਂ ਪੱਤਝੜ ਦਾ ਮੌਸਮ ਆਉਂਦਾ ਹੈ, ਪੌਦੇ ਵਾਧੂ ਪਦਾਰਥਾਂ ਨੂੰ ਪੱਤਿਆਂ ਵਿੱਚ ਇਕੱਠਾ ਕਰ ਦਿੰਦੇ ਹਨ। ਪੱਤਿਆਂ ਵਿੱਚ ਵਾਧੂ ਪਦਾਰਥਾਂ ਦਾ ਗਾੜ੍ਹਾਪਣ ਇੰਨਾ ਵਧ ਜਾਂਦਾ ਹੈ ਕਿ ਪੱਤਿਆਂ ਵਿੱਚ ਹੋਣ ਵਾਲੀਆਂ ਰਸਾਇਣਿਕ ਕਿਰਿਆਵਾਂ ਬੰਦ ਹੋ ਜਾਂਦੀਆਂ ਹਨ। ਪੱਤਿਆਂ ਦਾ ਰੰਗ ਪੀਲਾ ਹੋਣ ਲੱਗਦਾ ਹੈ। ਫਿਰ ਪੱਤੇ ਝੜ ਜਾਂਦੇ ਹਨ। ਬਸੰਤ ਰੁੱਤ ਆਉਣ 'ਤੇ ਨਵੇਂ ਪੱਤੇ ਆਉਣ ਲੱਗਦੇ ਹਨ।

-0-

## ਅੰਨ੍ਹਾ ਨਹੀਂ ਹੁੰਦਾ 'ਅੰਨ੍ਹਾ ਬਗਲਾ'

-ਪੁਸ਼ਪਿੰਦਰ ਜੈ ਰੂਪ 98140-05552

ਬੱਚਿਆਂ ਨੂੰ ਮੈਂ ਪਿੰਡ ਦਾ ਮਾਹੌਲ, ਉੱਥੋਂ ਦੇ ਤੌਰ-ਤਰੀਕੇ ਅਤੇ ਰਹਿਣ-ਸਹਿਣ ਦਾ ਢੰਗ ਦਿਖਾਉਣ ਆਪਣੇ ਦਾਦਕੇ ਪਿੰਡ ਲੈ ਕੇ ਗਈ। ਪਿੰਡ ਵਿੱਚ ਬੱਚਿਆਂ ਨੂੰ ਹਰ ਚੀਜ਼ ਹੈਰਾਨ ਕਰਨ ਵਾਲੀ ਸੀ। ਉਹ ਉਤੇਜਿਤ ਹੋਏ ਇੱਕ ਦੂਸਰੇ ਤੋਂ ਅੱਗੇ ਹੋ ਕੇ ਨਵੀਆਂ ਚੀਜ਼ਾਂ ਲੱਭਦੇ ਅਤੇ ਫੇਰ ਮੈਨੂੰ ਦੱਸਣ ਆਉਂਦੇ। ਪਹਿਲਾਂ ਤਾਂ ਉਹ ਘਰ ਅੰਦਰਲੀਆਂ ਚੀਜ਼ਾਂ ਦੇਖਦੇ ਰਹੇ, ਪਰ ਬਾਅਦ ਵਿੱਚ ਉਹ ਬਾਹਰ ਗਏ ਤਾਂ ਛੱਪੜ ਕੋਲ ਪਹੁੰਚ ਗਏ। ਉੱਥੇ ਉਨ੍ਹਾਂ ਨੇ ਇੱਕ ਵੱਡਾ ਚਿੱਟੇ ਪਰਾਂ ਵਾਲਾ ਪੰਛੀ ਦੇਖਿਆ। ਅਸਲ ਵਿੱਚ ਉਹ 'ਅੰਨ੍ਹਾ ਬਗਲਾ' ਸੀ। ਬੱਚੇ ਹੈਰਾਨ ਸਨ ਕਿ ਜੇ ਉਸ ਨੂੰ ਕੁਝ ਦਿਸਦਾ ਨਹੀਂ ਤਾਂ ਉਹ ਮੱਛੀਆਂ ਕਿਵੇਂ ਫੜਦਾ ਹੈ, ਉਸ ਨੂੰ ਰਸਤਾ ਕਿਵੇਂ ਪਤਾ ਲੱਗਦਾ ਹੈ? ਮੈਂ ਉਨ੍ਹਾਂ ਨੂੰ ਸਮਝਾਇਆ ਕਿ ਅਸਲ ਵਿੱਚ ਉਹ ਬਗਲਾ ਅੰਨ੍ਹਾ ਨਹੀਂ ਹੁੰਦਾ ਉਸ ਨੂੰ ਸਭ ਕੁਝ ਦਿਸਦਾ ਹੈ।

ਇਸ ਬਗਲੇ ਨੂੰ ਆਪਣੇ ਅਦਿੱਖ ਹੋਣ ਦਾ ਇੰਨਾ ਭੁਲੇਖਾ ਹੈ ਕਿ ਇਹ ਚੁੱਪਚਾਪ ਆਪਣੀ ਥਾਂ ਉੱਤੇ ਇਹ ਸਮਝ ਕੇ ਖੜ੍ਹਾ ਰਹਿੰਦਾ ਹੈ ਕਿ ਮੈਂ ਤਾਂ ਕਿਸੇ ਨੂੰ ਦਿਸਦਾ ਹੀ ਨਹੀਂ ਅਤੇ ਜਿੰਨਾ ਚਿਰ ਘੁਸਪੈਠੀਆ ਇਸ ਦੇ ਸਿਰ ਉੱਤੇ ਨਾ ਪਹੁੰਚ ਜਾਵੇ, ਫਿਰ ਉਸ ਵੇਲੇ ਇਹ 'ਕਵਾਕ' ਕਰਕੇ ਆਪਣੇ ਪਰਾਂ ਨੂੰ ਜ਼ੋਰ ਦੀ ਫੜ-ਫੜ ਕਰਕੇ ਸਿੱਧਾ ਉੱਪਰ ਨੂੰ ਉੱਡਦਾ ਹੈ। ਇਸੇ ਲਈ ਲੋਕੀਂ ਸਮਝਦੇ ਹਨ ਕਿ ਇਸ ਬਗਲੇ ਨੂੰ ਦਿਸਦਾ ਨਹੀਂ ਅਤੇ ਇਸ ਦਾ ਨਾਮ 'ਅੰਨ੍ਹਾ ਬਗਲਾ' ਰੱਖ ਦਿੱਤਾ। ਇਹ ਭੂਸਲੇ ਰੰਗ ਦਾ ਅਤੇ ਦਰਮਿਆਨੇ ਕੱਦ ਦਾ ਬਗਲਾ ਛੋਟੀਆਂ-ਵੱਡੀਆਂ ਛੱਪੜੀਆਂ ਜਾਂ ਛੱਪੜਾਂ ਦੇ ਕੰਢਿਆਂ ਉੱਤੇ ਗਿੱਟ-ਗਿੱਟੇ ਪਾਣੀ ਵਿੱਚ ਚੁੱਪਚਾਪ, ਇਕੱਲਮ-ਇਕੱਲਾ ਛਹਿ ਲਾ ਕੇ ਖੜ੍ਹਾ ਆਮ ਦਿਸਦਾ ਹੈ, ਇਸ ਲਈ ਇਸ ਨੂੰ 'ਛੱਪੜੀ ਬਗਲਾ' ਵੀ ਕਹਿੰਦੇ ਹਨ। ਵੈਸੇ ਇਹ ਟੋਭਿਆਂ, ਦਲਦਲਾਂ, ਛੰਭਾਂ, ਨਹਿਰਾਂ ਦੇ ਕੰਢਿਆਂ, ਕੂੜੇ ਦੇ ਢੇਰਾਂ, ਝੋਨੇ ਦੇ ਖੇਤਾਂ ਦੇ ਕੋਲ ਵੀ ਰਹਿੰਦਾ ਹੈ। ਇਸੇ ਕਰਕੇ ਅੰਗਰੇਜ਼ੀ ਵਿੱਚ ਇਸ ਨੂੰ 'ਇੰਡੀਅਨ ਪੌਂਡ ਹੀਰੋਨ' ਅਤੇ 'ਪੈਡੀ ਬਰਡ' ਸੱਦਦੇ ਹਨ। ਬਗਲਿਆਂ ਦੀਆਂ 64 ਜਾਤੀਆਂ ਦੇ ਪਰਿਵਾਰ ਨੂੰ 'ਅਰਡੀਡੇਈ' ਕਹਿੰਦੇ ਹਨ। ਇਸ 'ਛੱਪੜੀ ਬਗਲੇ' ਦਾ ਤਕਨੀਕੀ ਨਾਂ 'ਅਰਡੀਓਲਾ ਗਰੇਈ' ਹੈ। ਇਹ ਦੱਖਣੀ ਏਸ਼ੀਆਈ ਦੇਸ਼ਾਂ ਦੀ ਉਪਜ ਭਾਰਤ ਦੇ ਸਾਰੇ ਮੈਦਾਨੀ ਇਲਾਕਿਆਂ ਵਿੱਚ ਆਮ ਦਿੱਸਣ ਵਾਲੇ ਪੰਛੀਆਂ ਵਿੱਚੋਂ ਇੱਕ ਹੈ।

ਦਰਮਿਆਨੇ ਕੱਦ-ਕਾਠ ਵਾਲੇ 'ਅੰਨ੍ਹੇ ਬਗਲੇ' ਦੀ ਲੰਬਾਈ 40 ਤੋਂ 45 ਸੈਂਟੀਮੀਟਰ, ਪਰਾਂ ਦਾ ਪਸਾਰ 75 ਤੋਂ 90 ਸੈਂਟੀਮੀਟਰ ਅਤੇ ਭਾਰ 250 ਤੋਂ 275 ਗਰਾਮ ਹੁੰਦਾ ਹੈ। ਇਨ੍ਹਾਂ ਦੀ ਛਾਤੀ ਸਲੇਟੀ ਭਾ ਵਾਲੀ ਭੂਰੀ ਹੁੰਦੀ ਹੈ। ਘਸਮੈਲੇ ਸਿਰ, ਗ਼ਰਦਨ ਅਤੇ ਛਾਤੀ ਉੱਤੇ ਮੋਟੀਆਂ ਭੂਰੀਆਂ ਟੁੱਟੀਆਂ-ਭੱਜੀਆਂ ਲੀਕਾਂ ਹੁੰਦੀਆਂ ਹਨ। ਪਰਾਂ ਦਾ ਹੇਠਲਾ ਪਾਸਾ ਦੁੱਧ ਚਿੱਟਾ ਅਤੇ ਛੋਟੀ ਪੂਛ ਭੂਰੀ ਹੁੰਦੀ ਹੈ। ਇਨ੍ਹਾਂ ਦੀ ਚੁੰਝ ਨੀਲੀ ਭਾ ਵਾਲੀ ਪੀਲੀ, ਅੱਖਾਂ ਪੀਲੀਆਂ ਅਤੇ ਲੱਤਾਂ ਗੰਧਲੀ ਜਿਹੀ ਹਰੀ ਭਾ ਵਾਲੀਆਂ ਪੀਲੀਆਂ ਹੁੰਦੀਆਂ ਹਨ। ਦੂਸਰੇ ਬਗਲਿਆਂ ਦੇ ਹਿਸਾਬ ਇਨ੍ਹਾਂ ਦੀ ਗ਼ਰਦਨ ਅਤੇ ਲੱਤਾਂ ਛੋਟੀਆਂ ਅਤੇ ਮੋਟੀਆਂ ਹੁੰਦੀਆਂ ਹਨ।

ਇਹ ਛੱਪੜੀ ਬਗਲੇ ਆਪਣੀ ਗ਼ਰਦਨ ਨੂੰ ਮੋਢਿਆਂ ਵਿੱਚ ਵਾੜ ਕੇ ਕਿਸੇ ਕੁੱਬੇ ਇਨਸਾਨ ਵਾਂਗ ਚੁੱਪਚਾਪ ਪਾਣੀ ਦੇ ਸੋਮਿਆਂ ਦੇ ਕੰਢਿਆਂ ਉੱਤੇ ਖੜ੍ਹੇ ਆਪਣੇ ਸ਼ਿਕਾਰ ਨੂੰ ਉਡੀਕਦੇ ਹਨ ਅਤੇ ਸ਼ਿਕਾਰ ਦੇ ਪਹੁੰਚ ਵਿੱਚ ਆਉਣ 'ਤੇ ਇਹ ਛੱਪਟਾ ਮਾਰਕੇ ਉਸ ਨੂੰ ਚੁੰਝ ਨਾਲ ਫੜਕੇ ਸਬੂਤਾ ਹੀ ਖਾ ਲੈਂਦੇ ਹਨ। ਤੜਕੇ ਸਵੇਰੇ ਜਿਸ ਵੇਲੇ ਮੱਛੀਆਂ ਪਾਣੀ ਵਿੱਚੋਂ ਉੱਪਰ ਨੂੰ ਛਾਲਾਂ ਮਾਰਦੀਆਂ ਹਨ ਤਾਂ ਇਹ ਉਨ੍ਹਾਂ ਨੂੰ ਹਵਾ ਵਿੱਚੋਂ ਹੀ ਬੋਚ ਲੈਂਦੇ ਹਨ। ਕਈ ਵਾਰ ਥੋੜ੍ਹੇ ਡੂੰਘੇ ਪਾਣੀ ਵਿੱਚ ਸ਼ਿਕਾਰ ਮਗਰ ਜਾਣ ਲਈ ਇਹ ਪਾਣੀ ਦੇ ਪੌਦਿਆਂ ਉੱਤੇ ਪੈਰ ਧਰਕੇ ਚਲੇ ਜਾਂਦੇ ਹਨ। ਇਹ ਚਲਾਕ ਬਗਲੇ ਫੜ-ਫੜ ਕਰਕੇ ਪਾਣੀ

ਦੀ ਸਤਿਹ ਦੇ ਨੇੜੇ ਉੱਡਕੇ ਚੱਕਰ ਲਾਉਂਦੇ ਹਨ ਅਤੇ ਮੱਛੀਆਂ ਨੂੰ ਡਰਾਕੇ ਛੱਪੜ ਦੇ ਇੱਕ ਕਿਨਾਰੇ ਵੱਲ ਲੈ ਜਾਂਦੇ ਹਨ ਫਿਰ ਉੱਥੇ ਜਾ ਕੇ ਆਪ ਮੌਜ ਮਨਾਉਂਦੇ ਹਨ। ਤੁਰਨ ਲੱਗੇ ਇਹ ਆਪਣੀ ਧੌਣ ਅਤੇ ਸਿਰ ਨੂੰ ਅੱਗੇ ਨੂੰ ਖਿੱਚਕੇ ਰੱਖਦੇ ਹਨ। ਜਦੋਂ ਇਹ ਡਰ ਕੇ ਉੱਪਰ ਨੂੰ ਉੱਡਦੇ ਹਨ ਤਾਂ ਆਪਣੇ ਪਰਾਂ ਦੇ ਹੇਠਲੇ ਦੁੱਧ ਚਿੱਟੇ ਖੰਭਾਂ ਦਾ ਲਿਸ਼ਕੋਰਾ ਦੇਖਣ ਵਾਲੇ ਦੀਆਂ ਅੱਖਾਂ ਵਿੱਚ ਮਾਰਦੇ ਹਨ ਅਤੇ ਉਸ ਦੀਆਂ ਅੱਖਾਂ ਚੁੰਧਿਆ ਜਾਂਦੀਆਂ ਹਨ ਅਤੇ ਉਹ ਭੁਚੱਕਾ ਹੀ ਰਹਿ ਜਾਂਦਾ ਹੈ।

ਬਰਸਾਤ ਦੇ ਮੌਸਮ ਦੇ ਸ਼ੁਰੂ ਵਿੱਚ ਇਨ੍ਹਾਂ ਉੱਤੇ ਬਹਾਰ ਆਉਂਦੀ ਹੈ। ਉਸ ਵੇਲੇ ਇਨ੍ਹਾਂ ਦੀ ਪਿੱਠ ਲਾਖੀ ਭਾ ਵਾਲੀ ਗੂੜ੍ਹੀ ਭੂਰੀ ਹੋ ਜਾਂਦੀ ਹੈ। ਲੱਤਾਂ ਲਾਲ ਭਾ ਮਾਰਨ ਲੱਗ ਪੈਂਦੀਆਂ ਹਨ ਅਤੇ ਕਿਸੇ ਪਠਾਣ ਦੀ ਪੱਗ ਦੇ ਤੁਰਲੇ ਵਾਂਗ ਇਨ੍ਹਾਂ ਦੇ ਸਿਰ ਉੱਤੇ ਪਿੱਠ ਵੱਲ ਲਮਕਣ ਵਾਲੇ ਚਿੱਟੇ ਲੰਬੇ ਖੰਭ ਉੱਗ ਪੈਂਦੇ ਹਨ।

ਕਈ ਸਾਰੇ ਬਗਲੇ ਚੌੜੇ ਪੱਤਿਆਂ ਵਾਲੇ ਇੱਕ ਵੱਡੇ ਦਰੱਖ਼ਤ ਉੱਤੇ 9-10 ਮੀਟਰ ਦੀ ਉੱਚਾਈ 'ਤੇ ਆਪਣੇ ਆਲ੍ਹਣੇ ਪਾਉਂਦੇ ਹਨ। ਇਹ ਦਰੱਖ਼ਤ ਅਕਸਰ ਪਾਣੀ ਤੋਂ ਕਾਫ਼ੀ ਦੂਰ ਹੁੰਦਾ ਹੈ। ਕਈ ਵਾਰ ਤਾਂ ਸ਼ਹਿਰ ਦੇ ਵਿਚਕਾਰ ਹੀ ਹੁੰਦਾ ਹੈ। ਆਲ੍ਹਣਾ ਬਣਾਉਣ ਦਾ ਸਾਮਾਨ ਨਰ ਇਕੱਠਾ ਕਰਦਾ ਹੈ ਅਤੇ ਮਾਦਾ ਉਨ੍ਹਾਂ ਪਤਲੀਆਂ ਸੁੱਕੀਆਂ ਟਾਹਣੀਆਂ ਨੂੰ ਜਚਾ ਕੇ ਪਲੇਟ ਵਰਗਾ ਆਲ੍ਹਣਾ ਬਣਾਉਂਦੀ ਹੈ। ਮਾਦਾ ਆਲ੍ਹਣੇ ਵਿੱਚ 3 ਤੋਂ 5 ਹਰੀ ਭਾ ਵਾਲੇ ਨੀਲੇ ਅੰਡੇ ਦਿੰਦੀ ਹੈ ਅਤੇ ਉਨ੍ਹਾਂ ਨੂੰ 18 ਤੋਂ 24 ਦਿਨ ਸੇਕ ਕੇ ਬੋਟ ਕੱਢ ਲੈਂਦੀ ਹੈ। ਨਰ ਅਤੇ ਮਾਦਾ ਰਲ ਕੇ ਬੋਟਾਂ ਨੂੰ ਸਿਰਫ਼ ਪੌਸ਼ਟਿਕ ਮੱਛੀਆਂ ਖਵਾ ਕੇ ਪਾਲਦੇ ਹਨ। -0-

# ਧੁੰਦ ਕਿਉਂ ਪੈਂਦੀ ਹੈ?

**-ਜੱਗਾ ਸਿੰਘ ਆਦਮਕੇ # 94178-32908**



ਧੁੰਦ ਇੱਕ ਕਿਸਮ ਦਾ ਬੱਦਲ ਹੀ ਹੁੰਦਾ ਹੈ, ਪਰ ਇਹ ਬੱਦਲ ਅਕਾਸ਼ ਵਿੱਚ ਉੱਚਾ ਹੋਣ ਦੀ ਬਜਾਏ ਧਰਤੀ ਦੀ ਸਤ੍ਹਾ ਨੂੰ ਛੂਹ ਰਿਹਾ ਹੁੰਦਾ ਹੈ। ਜਦੋਂ ਕਿਸੇ ਸਥਾਨ ਦਾ ਤਾਪਮਾਨ ਵਾਯੂਮੰਡਲ ਵਿਚਲੇ ਜਲਵਾਸ਼ਪਾਂ ਦੇ ਪਾਣੀ ਦੀਆਂ ਬਾਰੀਕ ਬੂੰਦਾਂ ਦੇ ਵਿੱਚ ਬਦਲਣ ਅਤੇ ਉਨ੍ਹਾਂ ਦੇ ਬਰਫ਼ ਦੇ ਰੂਪ ਵਿੱਚ ਜੰਮ ਜਾਣ ਦੇ ਦਰਜੇ ਦੇ ਵਿਚਕਾਰ ਹੁੰਦਾ ਹੈ, ਤਦ ਧੁੰਦ ਪੈਦਾ ਹੁੰਦੀ ਹੈ। ਅਜਿਹੀ ਸਥਿਤੀ ਵਿੱਚ ਜਦੋਂ ਨਮੀ ਯੁਕਤ ਗਰਮ ਹਵਾ ਠੰਢੇ ਖੇਤਰ ਵਿੱਚ ਪ੍ਰਵੇਸ਼ ਕਰਦੀ ਹੈ ਤਾਂ ਇਸ ਵਿਚਲੀ ਨਮੀ ਸੰਘਣੀ ਹੋ ਕੇ ਧੁੰਦ ਦਾ ਰੂਪ ਧਾਰਨ ਕਰ ਲੈਂਦੀ ਹੈ। ਜਿਸ ਖੇਤਰ ਵਿੱਚ ਧੁੰਦ ਪੈਣ ਲਈ ਲੋੜੀਂਦੀਆਂ ਅਜਿਹੀਆਂ ਸਥਿਤੀਆਂ ਹੋਣਗੀਆਂ, ਉੱਥੇ ਧੁੰਦ ਪੈਂਦੀ ਹੈ। ਉੱਤਰੀ ਭਾਰਤ ਵਿੱਚ ਸਰਦੀ ਵਿੱਚ ਧੁੰਦ ਪੈਣ ਦਾ ਅਜਿਹਾ ਹੀ ਕਾਰਨ ਹੁੰਦਾ ਹੈ। ਧਰਤੀ ਨੇੜਲੀ ਹਵਾ ਵਿੱਚ ਧੁੰਦ ਦੇ ਰੂਪ ਵਿੱਚ ਸੂਖਮ ਜਲ ਕਣ ਦੇਰ ਤਕ ਹਵਾ ਵਿੱਚ ਲਟਕਦੇ ਰਹਿੰਦੇ ਹਨ। ਅਜਿਹਾ ਹੋਣ ਕਾਰਨ ਦੇਖਣ ਦੀ ਸਮਰੱਥਾ ਬਹੁਤ ਪ੍ਰਭਾਵਿਤ ਹੁੰਦੀ ਹੈ। ਕਈ ਵਾਰ ਤਾਂ ਇਹ ਸਮਰੱਥਾ ਕੁਝ ਕੁ ਮੀਟਰ ਤਕ ਹੀ ਸਿਮਟ ਜਾਂਦੀ ਹੈ। ਅਜਿਹਾ ਹੋਣ ਕਾਰਨ ਸੜਕ ਹਾਦਸੇ ਵਾਪਰਦੇ ਹਨ ਅਤੇ ਆਮ ਜਨ ਜੀਵਨ ਪ੍ਰਭਾਵਿਤ ਹੁੰਦਾ ਹੈ।

ਕੋਹਰਾ ਵੀ ਧੁੰਦ ਦਾ ਹੀ ਇੱਕ ਰੂਪ ਹੈ। ਇਨ੍ਹਾਂ ਦੋਹਾਂ ਵਿੱਚ ਕੁਝ ਕੁ ਵਖਰੇਵਾਂ ਵੇਖਣ ਦੀ ਸਮਰੱਥਾ ਦੇ ਆਧਾਰ 'ਤੇ ਹੀ ਕੀਤਾ ਜਾਂਦਾ ਹੈ। ਕੋਹਰੇ ਸਮੇਂ ਧੁੰਦ ਦੇ ਮੁਕਾਬਲੇ ਵੇਖਣ ਸਮਰੱਥਾ ਕੁਝ ਵਧੇਰੇ ਹੁੰਦੀ ਹੈ। ਜਦੋਂ ਧੁੰਦ ਅਤੇ ਧੂੰਏ ਦਾ ਸੁਮੇਲ ਹੁੰਦਾ ਹੈ ਤਾਂ ਇਸ ਦੇ ਮਿਸ਼ਰਣ ਨਾਲ ਸਮੋਗ ਪੈਦਾ ਹੁੰਦੀ ਹੈ। ਜਿੱਥੇ ਖੇਤੀ ਦੀ ਰਹਿੰਦ ਖੂਹੰਦ ਨੂੰ ਵੱਡੇ ਪੱਧਰ 'ਤੇ ਅੱਗ ਲਗਾਈ ਜਾਂਦੀ ਹੈ ਜਾਂ ਉਦਯੋਗਿਕ ਇਕਾਈਆਂ ਵਿੱਚੋਂ ਵੱਡੇ ਪੱਧਰ 'ਤੇ ਧੂੰਆਂ ਨਿਕਲਦਾ ਹੈ, ਅਜਿਹੇ ਖੇਤਰਾਂ ਵਿੱਚ ਜਲ ਕਣ ਕਾਰਬਨ ਅਤੇ ਕਈ ਦੂਸਰੇ ਸੂਖਮ ਕਣਾਂ ਦਾ ਸੁਮੇਲ ਵਧੇਰੇ ਤੇਜ਼ੀ ਨਾਲ ਹੁੰਦਾ ਹੈ ਅਤੇ ਸਮੋਗ ਪੈਦਾ ਹੁੰਦੀ ਹੈ। ਇਹ ਸਮੋਗ ਧੁੰਦ ਦੇ ਰੂਪ ਵਿੱਚ ਵਧੇਰੇ ਸਮਾਂ ਕਾਇਮ ਰਹਿੰਦੀ ਹੈ ਅਤੇ ਇਸਦੀ ਸੰਘਣਤਾ ਹੋਰ ਵਧੇਰੇ ਹੁੰਦੀ ਹੈ। ਇਸ ਸਮੇਂ ਜਲ ਕਣਾਂ ਨਾਲ ਮਿਲੇ ਰਸਾਇਣ ਸਿਹਤ ਲਈ ਵਧੇਰੇ ਹਾਨੀਕਾਰਕ ਰੂਪ ਅਖ਼ਤਿਆਰ ਕਰ ਲੈਂਦੇ ਹਨ। -0-

# ਵੱਡਾ ਦਿਮਾਗ਼, ਬੁੱਧੀ ਘੱਟ

**ਅਮਰਜੀਤ ਸਿੰਘ ਚੰਦਰ**

ਦੁਨੀਆਂ ਵਿੱਚ ਕਈ ਪਸ਼ੂਆਂ ਦਾ ਦਿਮਾਗ਼ ਇਨਸਾਨਾਂ ਨਾਲੋਂ ਵੱਡਾ ਹੁੰਦਾ ਹੈ, ਪਰ ਉਨ੍ਹਾਂ ਦੀ ਬੌਧਿਕ ਸ਼ਕਤੀ ਇਨਸਾਨਾਂ ਦੇ ਨੇੜੇ ਵੀ ਨਹੀਂ ਢੁਕਦੀ। ਉਦਾਹਰਨ ਲਈ ਹਾਥੀ ਦਾ ਦਿਮਾਗ਼ 5.5 ਕਿਲੋਗ੍ਰਾਮ ਦਾ ਹੁੰਦਾ ਹੈ, ਜਦੋਂ ਕਿ ਇਨਸਾਨ ਦਾ ਦਿਮਾਗ਼ 1.4 ਕਿਲੋਗ੍ਰਾਮ ਦੇ ਆਸ ਪਾਸ ਹੁੰਦਾ ਹੈ। ਹਾਥੀ ਦਾ ਦਿਮਾਗ਼ ਇਨਸਾਨ ਦੇ ਦਿਮਾਗ਼ ਨਾਲੋਂ ਪੰਜ ਗੁਣਾ ਵੱਡਾ ਹੁੰਦਾ ਹੈ, ਪਰ ਬੌਧਿਕ ਰੂਪ ਨਾਲ ਹਾਥੀ ਇਨਸਾਨ ਦੀ ਬਰਾਬਰੀ ਨਹੀਂ ਕਰ ਸਕਦਾ।



ਇਸ ਦੇ ਦੋ ਕਾਰਨ ਹਨ। ਇੱਕ ਹੈ ਦਿਮਾਗ਼ ਦੀ ਸੰਰਚਨਾ। ਇਨਸਾਨ ਦੇ ਅਗਲੇ ਭਾਗ ਵਿੱਚ ਲਗਪਗ 100 ਅਰਬ ਚੇਤਨ ਕੋਸ਼ ਹੁੰਦੇ ਹਨ। ਹਰੇਕ ਕੋਸ਼ ਦੂਜੇ 1000 ਕੋਸ਼ਾਂ ਦੇ ਨਾਲ ਮਿਲ ਕੇ ਇੱਕ ਚੇਤਨ ਤੰਤਰ ਤਿਆਰ ਕਰਦਾ ਹੈ ਅਤੇ ਸੰਦੇਸ਼ਾਂ ਦਾ ਵਟਾਂਦਰਾ ਕਰਦਾ ਹੈ। ਇਨਸਾਨ ਦੇ ਦਿਮਾਗ਼ ਦੀ ਸੰਰਚਨਾ ਉਸ ਨੂੰ ਵੱਧ ਬੁੱਧੀਸ਼ਾਲੀ ਬਣਾਉਂਦੀ ਹੈ। ਦੂਜਾ ਕਾਰਨ ਹੈ ਸਰੀਰ ਦੇ ਪ੍ਰਮਾਣ ਵਿੱਚ ਦਿਮਾਗ਼ ਦਾ ਭਾਰ। ਆਦਮੀ ਲਈ ਇੱਕ ਅੰਕੜਾ 1: 5000 ਦਾ ਹੈ। ਮਤਲਬ ਮੱਛੀ ਦੇ ਦਿਮਾਗ਼ ਦੀ ਤੁਲਨਾ ਨਾਲੋਂ ਉਸ ਦੇ ਸਰੀਰ ਦਾ ਭਾਰ 5000 ਗੁਣਾ ਵੱਧ ਹੈ। ਵੇਲ੍ਹ ਮੱਛੀ ਵਿੱਚ ਇਹ ਅਨੁਪਾਤ 1:8000 ਦਾ ਹੈ। ਇਸ ਤਰ੍ਹਾਂ ਨਾਲ ਦੇਖਿਆ ਜਾਵੇ ਤਾਂ ਦਿਮਾਗ਼ ਦੀ ਸੰਰਚਨਾ ਅਤੇ ਸਰੀਰ ਦੇ ਅਨੁਪਾਤ ਵਿੱਚ ਉਸ ਦਾ ਸਾਪੇਖਕ ਭਾਰ ਪ੍ਰਾਣੀ ਦੀ ਬੌਧਿਕ ਤਾਕਤ ਦਾ ਨਿਰਧਾਰਨ ਕਰਦਾ ਹੈ ਅਤੇ ਇਸ ਮਾਮਲੇ ਵਿੱਚ ਇਨਸਾਨ ਵਰਗਾ ਕੋਈ ਨਹੀਂ। -0-

**ਬਾਲ ਕਵਿਤਾ:**

# ਸਿਆਲ

-ਤਰਸੇਮ ਸਿੰਘ ਲੰਡੇ

ਬੱਚਿਓ ਰੱਖਿਓ ਸਿਹਤ ਦਾ ਖਿਆਲ,
ਬਦਲਿਆ ਮੌਸਮ ਆ ਗਿਆ ਸਿਆਲ।
ਬਦਲਣਾ ਪੈਣਾ ਹੁਣ ਖਾਣਾ- ਪੀਣਾ ,
ਗੌਰ ਨਾਲ ਕਰਿਓ ਆਉਣਾ- ਜਾਣਾ।
ਕੱਢ ਲਓ ਸਵੈਟਰ, ਕੋਟੀਆਂ, ਕੋਟ,
ਖਾਇਓ ਪਸਤੇ, ਬਦਾਮ, ਅਖਰੋਟ।
ਬੈਠ ਰਾਜਾਈ 'ਚ ਦੱਬ ਕੇ ਪੜ੍ਹਨਾ,
ਕੀਮਤੀ ਸਮੇਂ ਦਾ ਆਦਰ ਕਰਨਾ।
ਆਂਢ- ਗੁਆਂਢ ਸਭ ਨੂੰ ਸਮਝਾਇਓ,
ਧੁੰਦ 'ਚ ਸਾਧਨ ਦੀ ਲਾਈਟ ਜਗਾਇਓ।
ਤਰਸੇਮ ਦੀ ਗੱਲ ਨੂੰ ਸਮਝਣਾ ਲਾਲ,
ਸਿਹਤਯਾਬ ਲੰਘੇ ਸਭ ਦਾ ਸਿਆਲ।



ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

# ਸਿੰਘ ਸਭਾ ਅਤੇ ਸਿੱਖ ਰਹਿਤ ਮਰਿਯਾਦਾ

**-ਭਾਈ ਅਰਦਮਨ ਸਿੰਘ ਬਾਗੜੀਆਂ**

ਇਸ ਦੇ ਬਾਅਦ ਜਦ ਕਈ ਮਿਸਲਾਂ ਨੂੰ ਆਪਣੇ ਅਧੀਨ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਆਪਣਾ ਰਾਜ ਕਾਇਮ ਕੀਤਾ ਤਾਂ ਉਸਨੇ ਇਹ ਸੋਚ ਕਿ ਸਿੱਖਾਂ ਵਿਚ ਸਤਿਗੁਰਾਂ ਨੇ ਜਮਹੂਰੀਅਤ ਦਾ ਜਜ਼ਬਾ ਅਤੇ ਏਕਤਾ ਦਾ ਅਸੂਲ ਐਸਾ ਭਰਿਆ ਹੋਇਆ ਹੈ ਕਿ ਉਹ ਆਪਣੀ ਬਾਦਸ਼ਾਹਤ ਕਾਇਮ ਕਰਨ ਵਿਚ ਇਹਨਾਂ ਨੂੰ ਸਭ ਤੋਂ ਵੱਡੀ ਰੋਕ ਸਮਝਦਾ ਸੀ, ਇਸ ਲਈ ਸਿੱਖਾਂ ਨੂੰ ਉਸ ਨੇ ਸਿਰਫ਼ ਫ਼ੌਜ ਵਿਚ ਹੀ ਲੜਨ ਮਰਨ ਦੀ ਥਾਂ ਬਹੁਤਾ ਕਰਕੇ ਰੱਖਿਆ ਅਤੇ ਹੋਰ ਸਭ Key Posts ਗ਼ੈਰ ਸਿੱਖਾਂ ਨੂੰ ਸੰਭਾਲ ਦਿੱਤੀਆਂ। ਭਾਵੇਂ ਉਹ ਖੁਦ ਬੜਾ ਸ਼ਰਧਾ ਵਾਲਾ, ਭਾਵਨਾ ਵਾਲਾ, ਸਿੱਖ ਸੀ, ਪਰ ਉਸ ਵਿਚ ਜੋ ਬਾਦਸ਼ਾਹਤ ਬਣਾਉਣ ਦੀ ਲਾਲਸਾ ਸੀ, ਉਹ ਬੜੀ ਪ੍ਰਬਲ ਸੀ। ਮੈਂ ਇਹ ਆਪਣੇ ਮਨ 'ਤੇ ਬੋਝ ਪਾ ਕੇ ਹੀ ਲਿਖ ਰਿਹਾ ਹਾਂ, ਕਿਉਂਕਿ ਸਾਡੇ ਖ਼ਾਨਦਾਨ ਦਾ ਮਹਾਰਾਜਾ ਰਣਜੀਤ ਸਿੰਘ ਨਾਲ ਇਕ ਖਾਸ ਤੁਅੱਲਕ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮਾਂ ਨੇ ਜਦ ਜਨਮ ਹੀ ਲਿਆ ਸੀ ਤਾਂ ਉਦੋਂ ਉਸ ਨੂੰ ਵਕਤ ਦੇ ਰਵਾਜ ਮੁਤਾਬਕ ਬਡਰੁਖੀਂ ਰਾਜਾ ਗਜਪਤ ਸਿੰਘ ਨੇ ਮਿੱਟੀ ਵਿਚ ਦਬਵਾ ਦਿਤਾ ਸੀ, ਜੋ ਮੇਰੇ ਬਜ਼ੁਰਗ ਪੂਜਯ ਬਾਬਾ ਗੁਦੜ ਸਿੰਘ ਜੀ ਨੇ ਜਾ ਕੇ ਕਢਵਾਈ ਅਤੇ ਰਾਜੇ ਨੂੰ ਕਿਹਾ ਕਿ ਮਨਮੁਖਤਾ ਕੀਤੀ ਹੈ ਇਸ ਦੇ ਪੇਟੋਂ ਤਾਂ ਇਕ ਬੜੇ ਬਲੀ ਨੇ ਜਨਮ ਲੈਣਾ ਹੈ। ਪਰ ਜੋ ਹਕੀਕਤ ਹੈ ਉਹ ਕਹਿਣੀ ਹੀ ਪੈਂਦੀ ਹੈ—ਜੋ ਲਾਹੌਰ ਦਰਬਾਰ ਵਿਚ ਅਸਲ ਬੋਲ ਬਾਲਾ ਡੋਗਰਿਆਂ ਜਾਂ ਬ੍ਰਾਹਮਣਾਂ ਤੇ ਪੂਰਬੀਆਂ ਦਾ ਹੀ ਰਿਹਾ ਹੈ, ਜਿਹਨਾਂ ਨੇ ਸਾਡੀ ਰਹਿਤ ਮਰਯਾਦਾ ਵਿਚ ਮਨ ਆਈਆਂ ਹਿੰਦੂ ਮਤ ਦੀਆਂ ਘਾੜਤਾਂ ਘੜ ਦਿੱਤੀਆਂ।




ਜਦ ਪੰਜਾਬ ਵਿਚ ਅੰਗਰੇਜ਼ਾਂ ਦੀ ਹਕੂਮਤ ਆਈ ਤਾਂ ਉਸ ਵਕਤ ਉਹਨਾਂ ਦੇ ਈਸਾਈ ਮਿਸ਼ਨਰੀ ਭੀ ਨਾਲ ਹੀ ਪਹੁੰਚ ਗਏ ਅਤੇ ਉਸੇ ਸਮੇਂ ਹੀ ਭਾਵ ਕਿ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਬ੍ਰਹਮ ਸਮਾਜੀਆਂ, ਦੇਵ ਸਮਾਜੀਆਂ ਤੇ ਆਰੀਆ ਸਮਾਜੀਆਂ ਵਗੈਰਾਂ ਨੇ ਭੀ ਆਪਣਾ ਕੰਮ ਅਰੰਭ ਦਿੱਤਾ। ਇਹਨਾਂ ਦੇ ਅਸਰ ਨਾਲ ਅਰ ਖ਼ਾਸ ਕਰ ਈਸਾਈ ਮਿਸ਼ਨਰੀਆਂ ਨੇ ਜਦ ਸਿੱਖ ਨੌਜਵਾਨਾਂ ਤੇ ਆਪਣਾ ਅਸਰ ਦਿਖਾਇਆ ਤਾਂ ਪੰਥ ਦਰਦੀ ਹਰਕਤ ਵਿਚ ਆਏ ਤੇ ਸਿੰਘ ਸਭਾ ਲਹਿਰ ਦਾ ਅਰੰਭ ਹੋਇਆ ਤਾਂ ਕਿ ਆਪਣੀ ਰਾਖੀ ਕੀਤੀ ਜਾ ਸਕੇ। ਇਹ ਲਹਿਰ ਬੜੀ ਸਫ਼ਲ ਰਹੀ-ਪਰ ਪਿਛੋਂ ਆ ਕੇ ਅਸੀਂ ਕੁਝ ਅਵੇਸਲੇ ਹੋ ਗਏ। ਉਹ ਇਸ ਕਰਕੇ ਕਿ ਅੰਗਰੇਜ਼ੀ ਸਰਕਾਰ ਦੀ ਨੀਤੀ ਬੜੀ ਮਿੱਠੀ ਤੇ ਅਸਲੀ ਸੈਕੂਲਰ ਤੇ ਸਹੀ ਧਰਮ ਨਿਰਪੇਖਤਾ ਵਾਲੀ ਨਹੀਂ ਸੀ।

ਬਲਕਿ ਉਨ੍ਹਾਂ ਨੇ ਜੋ ਫ਼ੌਜ ਵਿਚ ਸਿੱਖੀ ਦੀ ਸੰਭਾਲ ਤੇ ਰੱਖਿਆ ਕੀਤੀ ਉਹ ਬੜੀ ਵੱਡੀ ਸੇਵਾ ਸੀ; ਜਿਸ ਕਰਕੇ ਭੀ ਅਸੀਂ ਅਵੇਸਲੇ ਹੋ ਗਏ- ਹੁਣ ਜਦ ਅੰਗਰੇਜ਼ ਚਲੇ ਗਏ ਤੇ ਹਿੰਦੁਸਤਾਨ ਆਜ਼ਾਦ ਹੋ ਗਿਆ ਤਾਂ ਹਕੂਮਤ ਜਿਨ੍ਹਾਂ ਦੇ ਹੱਥ ਆ ਗਈ ਹੈ- ਇਹਨਾਂ ਵਿਚ ਇਕ ਅੰਸਰ ਐਸਾ ਹੈ ਜੋ ਮੁੱਢੋਂ ਹੀ ਸਿੱਖਾਂ ਨੂੰ ਦੇਖ ਨਹੀਂ ਸੀ ਸਹਾਰਦਾ। ਇਸ ਦੀ ਮਸਕੀਨ ਨੀਤੀ ''ਹਿੰਦੀ, ਹਿੰਦੂ, ਹਿੰਦੁਸਤਾਨ'' ਦੇ ਸਿਰਲੇਖ ਹੇਠਾਂ ਹੀ ਚਲਦੀ ਹੈ- ਅਰ ਸਾਡੇ ਧਰਮ ਨੂੰ ਪ੍ਰੰਪਰਾ ਨੂੰ, ਸਾਡੀ ਬੋਲੀ, ਸਾਡੇ ਸਾਹਿਤ ਨੂੰ, ਸਾਡੇ Culture, way of life ਅਰ ਸਾਡੀ ਆਪਣੀ ਹੋਂਦ ਨੂੰ ਹੀ ਖ਼ਤਰਾ ਤੇ ਢਾਹ ਲੱਗੀ ਹੋਈ ਹੈ- ਦਰਅਸਲ ਸਾਰੀਆਂ ਘੱਟ ਗਿਣਤੀਆਂ ਦਾ ਹੀ ਇਹ ਹਾਲ ਹੈ- ਸਭ ਨੂੰ Indianise ਜਿਸ ਦਾ ਮਤਲਬ Hinduism ਤੋਂ ਹੈ, ਕਰਨ ਦੀਆਂ ਗੋਂਦਾਂ ਅੰਦਰ ਖਾਤੇ ਗੁੰਦੀਆਂ ਜਾ ਰਹੀਆਂ ਹਨ- ਮੁਸਲਮਾਨ ਭਾਈਆਂ ਨਾਲ ਜੇ ਉਪਰੋਂ ਕੁਝ ਚੰਗਾ ਵਰਤਾਉ ਕੀਤਾ ਜਾ ਰਿਹਾ ਹੈ ਤਾਂ ਸਿਰਫ਼ ਇਸ ਕਰਕੇ ਹੈ ਕਿ ਉਹਨਾਂ ਦੀਆਂ ਵੋਟਾਂ ਦੀ ਗਿਣਤੀ ਸਾਡੇ ਨਾਲੋਂ ਜ਼ਿਆਦਾ ਹੈ। ਸਾਡੇ ਤਾਂ ਤਾਲੀਮੀ ਅਦਾਰਿਆਂ ਤੇ ਗੁਰਦੁਆਰਿਆਂ ਵਿਚ ਭੀ ਸਿੱਧਾ ਜਾਂ ਅਸਿੱਧਾ ਦਖ਼ਲ ਸ਼ੁਰੂ ਹੋ ਗਿਆ ਹੈ। ਮੁਸਲਮਾਨਾਂ ਦਾ ਵਕਫ਼ ਤਾਂ ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਦਾ ਇਕ ਹੋ ਸਕਦਾ ਹੈ, ਪਰ ਸਾਡੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਹੋਈ ਨੂੰ ਵੀ ਇਹ ਨਹੀਂ ਸਹਾਰ ਸਕਦੇ। ਪਹਿਲਾਂ ਅਸੀਂ ਮੁਗਲ ਸਲਤਨਤ ਨਾਲ ਲੋਹਾ ਲਿਆ, ਉਦੋਂ ਖੰਡੇ ਨਾਲ ਖੰਡਾ ਖੜਕਿਆ, ਖ਼ੂਨ ਦੀਆਂ ਨਦੀਆਂ ਵਹੀਆਂ, ਕੁਰਬਾਨੀਆਂ ਅਸਾਂ ਦਿਲ ਖੋਲ੍ਹ ਕੇ ਦਿੱਤੀਆਂ ਤੇ ਅੰਤ ਅਸੀਂ ਫ਼ਤਿਹ ਪਾਈ ਪਰ ਹੁਣ ਛੁਰੀ ਮਿੱਠੀ ਲੁਕਵੀਂ ਅੰਦਰੋਂ ਵਗਦੀ ਹੈ। ਮੁਸਲਮਾਨ ਹਕੂਮਤ ਇਹ ਨਹੀਂ ਸੀ ਕਹਿੰਦੀ ਕਿ ਸਿੱਖ ਮੁਸਲਮਾਨ ਹਨ, ਪ੍ਰੰਤੂ ਹਿੰਦੂ ਨੀਤੀ ਦਾ ਜੋ ਸਭ ਤੋਂ ਵੱਡਾ ਮੁਹਲਕ ਤੇ ਖ਼ਤਰਨਾਕ ਹਥਿਆਰ ਹੈ ਉਹ ਸਿੱਖ ਮਤਿ ਨੂੰ ਹਿੰਦੂ ਮਤਿ ਦੀ ਹੀ ਇਕ ਪੂੰਛ, ਸ਼ਾਖ ਬਣਾ ਕੇ ਜ਼ਾਹਰ ਕਰਨਾ ਤਾਂ ਕਿ ਸਾਨੂੰ ਉਂਜ ਹੀ ਖ਼ਤਮ (Eliminate) ਕਰ ਦਿੱਤਾ ਜਾਵੇ। ਹਿੰਦੂ ਕਾਨੂੰਨ ਬੋਧੀਆਂ ਉੱਤੇ ਭੀ ਲਾਗੂ ਨਹੀਂ ਹੁੰਦੇ ਪਰ ਸਿੱਖਾਂ ਉੱਪਰ ਮਲੋ ਮੱਲੀ ਠੋਸੇ ਜਾ ਰਹੇ ਹਨ, ਸਿਰਫ਼ ਸਾਨੂੰ ਹਿੰਦੂ ਜ਼ਾਹਰ ਕਰਨ ਲਈ। ਪਰ ਅਸੀਂ ਬਿਨਾਂ ਸੋਚੇ ਸਮਝੇ ਹੀ ਹਿੰਦੂ ਕੋਡ ਅਤੇ ਵਿਰਾਸਤ (Succession) ਐਕਟਾਂ ਨੂੰ ਮੰਨ ਲਿਆ।

ਇਸ ਵਾਸਤੇ ਹੁਣ ਜੇ ਤਾਂ ਅਸੀਂ ਹਿੰਦੂ ਮਤਿ ਦੀ ਤਾਬੇਦਾਰੀ ਮੰਨ ਲੈਣੀ ਹੈ, ਫਿਰ ਤਾਂ ਕਿੱਸਾ ਹੀ ਖ਼ਤਮ ਹੈ, ਕਿਸੇ ਲਹਿਰ ਚਲਾਉਣ ਜਾਂ ਰੱਖਿਆ ਲਈ ਮਿਹਨਤ ਕਰਨ ਦੀ ਲੋੜ ਨਹੀਂ। ਪਰ ਜੇ ਪੰਥ ਨਿਰਾਲੇ ਦਾ ਪ੍ਰਭਾਵ (image) ਅਤੇ (Identity) ਕਾਇਮ ਰੱਖਣੀ ਹੈ ਅਤੇ ਕਲਗੀਧਰ ਸੁਆਮੀ ਸੱਚੇ ਪਾਤਸ਼ਾਹ ਦਾ ਝੰਡਾ ਝੂਲਦਾ ਤੇ ਉੱਚਾ ਚਮਕਾ ਕੇ ਰੱਖਣਾ ਹੈ ਤਾਂ ਸਿੰਘ ਸਭਾ ਲਹਿਰ ਹੁਣ ਜ਼ਿਆਦਾ ਫ਼ਿਕਰ ਤੇ ਲਗਨ ਨਾਲ ਚਲਾਉਣ ਦੀ ਲੋੜ ਹੈ। ਡੇਢ ਸੌ ਸਾਲ ਹੋਏ ਉਦੋਂ ਨਾਲੋਂ ਹੁਣ ਹਾਲਾਤ ਜ਼ਿਆਦਾ ਨਾਜ਼ੁਕ ਤੇ ਖ਼ਤਰਨਾਕ ਹਨ। ਉਦੋਂ ਹਕੂਮਤ ਦੀ ਨੀਤੀ ਸਿੱਖ ਮਾਰੂ ਨੀਤੀ ਨਹੀਂ ਸੀ, ਉਦੋਂ ਸਿਰਫ਼ ਜੋ ਪਹਿਲੇ ਪੰਜਾਹ-ਸੱਠ ਸਾਲਾਂ ਵਿਚ ਕੁਰੀਤੀਆਂ ਦਾ ਗੰਦ ਸਾਡੇ ਵਿਚ ਆ ਪਿਆ ਸੀ ਉਹ ਕੱਢਣਾ ਸੀ। ਹੁਣ ਤਾਂ ਅੰਦਰੋਂ ਬਾਹਰੋਂ ਭੀ ਮਾਰ ਪੈ ਰਹੀ ਏ। ਹਕੂਮਤ ਨਿਰਪੱਖ ਹੋਣ ਦੀ ਬਜਾਇ ਸਿੱਖਾਂ ਵਿਰੁੱਧ ਹੈ, ਤਾਹੀਉਂ ਪਾਰਟੀਸ਼ਨ ਪਿੱਛੋਂ ਹੀ ਸਰਕੂਲਰ ਜਾਰੀ ਹੋ ਗਿਆ ਸੀ, ਪੰਡਿਤ ਗੋਪੀ ਚੰਦ ਭਾਰਗਵਾ ਤੇ ਪੰਡਿਤ ਤ੍ਰਿਵੇਦੀ ਵੇਲੇ, ਕਿ ਸਿੱਖਾਂ 'ਤੇ ਨਜ਼ਰ ਰੱਖੋ, ਜਿਵੇਂ ਅਸੀਂ ਜੁਰਾਇਮ ਪੇਸ਼ਾ, ਬਦੇਸ਼ੀ, ਟਰੇਟਰ ਹੁੰਦੇ ਹਾਂ। ਮਿਸਾਲਾਂ ਦੀ ਗਿਣਤੀ ਲੇਖ ਲੰਬਾ ਕਰ ਦੇਵੇਗੀ। **ਇਹ ਆਪ ਸਾਰੇ ਮੇਰੇ ਨਾਲੋਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਕਿਵੇਂ ਜਦ ਪੰਡਿਤ ਮਦਨ ਮੋਹਨ ਮਾਲਵੀਆ ਤੇ ਡਾਕਟਰ ਅੰਬੇਦਕਰ ਨੇ ਬੜੀ ਸਿਆਣਪ ਤੇ ਦੂਰ-ਅੰਦੇਸ਼ੀ**

**ਨਾਲ ਮੌਕੇ ਦੀ ਨਜ਼ਾਕਤ ਵਿਚਾਰ ਕੇ ਇਹ ਸਕੀਮ ਬਣਾਈ ਕਿ ਅਛੂਤਾਂ ਨੂੰ ਈਸਾਈ ਜਾਂ ਮੁਲਸਮਾਨ ਬਣਨ ਤੋਂ ਰੋਕ ਕੇ ਸਿੱਖ ਬਣਾ ਦਿੱਤਾ ਜਾਵੇ ਤਾ ਸ੍ਰੀ ਗਾਂਧੀ ਜੀ ਨੇ ਮਰਨ ਵਰਤ ਦੀ ਧਮਕੀ ਦੇ ਕੇ ਕਿਹਾ ਕਿ ਅਛੂਤ ਮੁਸਲਮਾਨ ਜਾਂ ਈਸਾਈ ਭਾਵੇਂ ਬਣ ਜਾਣ, ਪਰ ਸਿੱਖ ਨਾ ਬਨਣ।**

ਸਾਡੀ ਇਸ ਵੇਲੇ ਇਹ ਹਾਲਤ ਹੈ ਕਿ ਅਸੀਂ ਆਪਣੀ ਰਹਿਤ ਮਰਯਾਦਾ ਤਥਾ ਸਤਿਗੁਰਾਂ ਦੇ ਹੁਕਮ ਨੂੰ ਹੀ ਵਿਸਰੀ ਜਾ ਰਹੇ ਹਾਂ।

ਸਤਿਗੁਰਾਂ ਦਾ ਹੁਕਮ ਹੈ ਕਿ :-

**ਹੋਰੁ ਦੁਆਰਾ ਕੋਇ ਨ ਸੂਝੈ ॥ ਤ੍ਰਿਭਵਣ ਧਾਵੈ ਤਾ ਕਿਛੂ ਨ ਬੂਝੈ ॥**

**ਸਤਿਗੁਰੁ ਸਾਹੁ ਭੰਡਾਰੁ ਨਾਮੁ ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ॥4॥**

ਪਰ ਅਸੀਂ ਦੰਭੀਆਂ, ਭੇਖੀਆਂ, ਡੇਰੇ-ਦਾਰਾਂ ਤੇ ਆਸ਼ਰਮਾਂ ਵਾਲਿਆਂ ਸੁਆਰਥੀਆਂ ਮਗਰ ਨਾਮ ਲੈਣ ਲਈ ਪੂੰਛ ਹਿਲਾਉਂਦੇ ਫਿਰਦੇ ਹਾਂ।

ਸਤਿਗੁਰਾਂ ਦਾ ਹੁਕਮ ਹੈ ਕਿ :-

**'ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥'**

ਹਰ ਇਕ ਦੰਭੀ ਸ਼ਬਦ ਦਾ ਵੀਚਾਰ ਆਪਣੇ ਸੁਆਰਥ ਪੂਰੇ ਕਰਨ ਹਿਤ ਢਾਲ ਲੈਂਦਾ ਹੈ ਤੇ ਗੁਰੂ ਦਾ ਸ਼ਰੀਕ ਬਣਨ ਦੇ ਆਹਰ ਵਿਚ ਰਹਿੰਦਾ ਹੈ। ਅਸੀਂ ਆਪ ਇਕ ਗੁਰੂ ਦੀ ਥਾਂ ਗੁਰੂਆਂ ਦੀਆਂ ਵੰਡੀਆਂ ਪਾਈ ਫਿਰਦੇ ਹਾਂ। ਦਿੱਲੀ ਵਿਚ ਅਰਦਾਸ ਗੁਰੂ ਤੇਗ ਬਹਾਦਰ ਸਾਹਿਬ ਦੇ ਹਜ਼ੂਰ ਅਰ ਅੰਮ੍ਰਿਤਸਰ ਵਿਚ ਗੁਰੂ ਰਾਮਦਾਸ ਜੀ ਦੇ ਅੱਗੇ ਹੁੰਦੀ ਹੈ। ਐਸੇ ਹੀ ਹੋਰ ਥਾਈਂ ਭੀ ਵੰਡ ਪਈ ਹੋਈ ਹੈ।

ਸਾਡੇ ਭੁੱਲੜ ਭਾਈ ਗੁਰੂ ਗ੍ਰੰਥ ਸਾਹਿਬ ਦੇ ਆਲੇ ਦੁਆਲੇ ਹੀ ਪਰਦੇ ਤਾਣ ਕੇ ਭੋਗ ਲੁਆ ਕੇ ਚੋਰੀ ਚੋਰੀ ਪ੍ਰਸ਼ਾਦ ਛਕਾਉਣ ਲੱਗ ਗਏ ਹਨ।

ਜਦੋਂ ਕਿ ਹੁਕਮ ਹੈ:-

**ਸਗਲ ਪਰਾਧ ਦੇਹਿ ਲੋਰੋਨੀ ॥**

**ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ ॥3॥**

ਪਰ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਹੀ ਪੰਘੂੜਿਆਂ, ਝੂਲਿਆਂ ਵਿਚ ਪਾ ਕੇ ਸੁਆਉਣ ਲੱਗ ਜਾਂਦੇ ਹਾਂ। ਇਹ ਮਨਮਤਿ ਕਈ ਗੁਰਦੁਆਰਿਆਂ ਵਿਚ ਭੀ ਦੇਖ ਕੇ ਚਿੱਤ ਦੁੱਖੀ ਹੁੰਦਾ ਹੈ।

ਹੁਕਮ ਤਾਂ ਇਹ ਹੈ ਕਿ :-

**ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥**

**ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥13॥**

ਪਰ ਅਸੀਂ ਉਸ ਨੂੰ ਟੋਲਣ ਲਈ ਪੰਦਰਾਂ ਪੰਦਰਾਂ ਹਜ਼ਾਰ ਫੁੱਟ ਉੱਚੇ ਪਹਾੜੀਂ ਤੁਰ ਪੈਂਦੇ ਹਾਂ ਜਿੱਥੋਂ ਦਾ ਕੋਈ ਤਵਾਰੀਖੀ ਸੰਬੰਧ ਭੀ ਸਾਡੇ ਨਾਲ ਨਹੀਂ ਹੈ।

ਅਸੀਂ ਮਾਲਾ, ਸਿਮਰਣੇ, ਤਸਬੀਆਂ ਫੇਰ ਕੇ ਹੀ ਜਨਮ ਬਿਰਥਾ ਗੁਆ ਰਹੇ ਹਾਂ—

ਸਿੱਖੀ ਕੋਈ ਨਿਤ ਗਿਣਤੀ ਦੇ ਨੇਮਾਂ, ਜਪਾਂ, ਤਪਾਂ, ਜਾਂ ਕਰਮਾਂ, ਧਰਮਾਂ, ਪਾਖੰਡਾਂ ਤੇ ਨੁਮਾਇਸ਼ੀ ਇਬਾਦਤ ਦਾ ਨਾਮ ਨਹੀਂ ਹੈ ਤੇ ਨਾ ਹੀ ਰੋਜ਼ੇ, ਬਰਤ ਰਖਣਾ, ਅੰਤਰ ਧਿਆਨ ਹੋ ਕੇ ਸੁੰਨ ਸਮਾਧੀਆਂ ਲਗੌਣਾ, ਆਸਣ ਜਮੌਣੇ, ਸੁਆਸਾਂ ਨੂੰ ਰੋਕਣਾ, ਨਟਾਂ ਵਾਂਗੂੰ ਪੁੱਠੇ ਸਿੱਧੇ ਹੋਣਾ ਜਾਂ ਅਨਹਤਿ ਤੇ ਅਨਹਦ ਬਾਜੇ ਸੁਣਨ ਦੇ ਉਪਾਵਾਂ ਵਿਚ ਲੱਗਣਾ ਜੋ ਇਹਨਾਂ ਕੰਨਾਂ ਦਾ ਵਿਸ਼ਾ ਹੀ ਨਹੀਂ ਹਨ, ਸਿੱਖ ਮਤਿ ਅਨੁਸਾਰ ਕੋਈ ਆਤਮਿਕ ਉਨਤੀ ਦਾ ਸਾਧਨ ਹਨ—ਹੁਕਮ ਬੜੇ ਸਪਸ਼ਟ ਹਨ :—

**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥**

ਮੂਰਤੀ ਪੂਜਾ ਜਾਂ ਬੁੱਤ ਪ੍ਰਸਤੀ ਸਿੱਖੀ ਦੇ ਬੁਨਿਆਦੀ ਅਸੂਲਾਂ ਦੇ ਉਲਟ ਹੈ—ਪਰ ਅਸੀਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਨੂੰ ਹੀ ਬੁੱਤ ਬਣਾ ਲਿਆ ਹੈ। ਇੰਤਜਾਮ / ਸੇਵਾ ਸੰਭਾਲ ਤਾਂ ਇਸ ਲਈ ਕਰਨਾ ਹੈ ਕਿ ਇਸ ਵਿਚ ਗੁਰੂ ਸ਼ਬਦ, ਗੁਰਬਾਣੀ, ਸੁਰੱਖਿਅਤ ਹੈ। ਪਰ ਇਸ ਪੁਰ ਗਰਮ ਠੰਡੇ ਰੁਮਾਲੇ ਬਦਲਦੇ ਹਾਂ, ਪੱਖੇ ਝਲੌਂਦੇ ਹਾਂ, ਆਰਤੀ ਉਤਾਰਦੇ ਹਾਂ, ਫੁੱਲ ਵਰਸਾਉਂਦੇ ਹਾਂ, ਮੰਜੀਆਂ ਦੇ ਪਾਵੇ ਘੁਟਦੇ ਹਾਂ ਸ਼ੁਕਰ ਹੈ ਕਿ ਬੀੜ ਦਾ ਇਸ਼ਨਾਨ ਨਹੀਂ ਕਰੌਣ ਲਗ ਜਾਂਦੇ, ਭਾਵੇਂ ਦਾਤਣਾਂ ਤੇ ਪਾਣੀ ਦਾ ਗੜਵਾ ਹੇਠ ਰੱਖ ਦਿੱਤਾ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਸਾਡੀ ਆਤਮਿਕ ਉੱਨਤੀ ਦੇ ਨਾਲ ਨਾਲ ਇਹ ਸਾਡਾ ਕਰੈਕਟਰ ਤੇ ਰਹਿਣੀ ਬਹਿਣੀ ਢਾਲਦੇ ਹਨ। ਇਸ ਦੇ ਨਾਲ ਸਤਿਗੁਰਾਂ ਨੇ ਸਾਡਾ ਨਿਸ਼ਾਨਾ ਵਿਅਕਤੀਗਤ ਉਧਾਰ ਤੋਂ ਅੱਗੇ ''ਸੰਗੀ ਸਾਥੀ ਸਗਲ ਤਰਾਈ'' ਬਣਾ ਦਿੱਤਾ। ਇਸ ਨਾਲ ਸੇਵਾ, ਪਰਉਪਕਾਰ, ਕਮਾਈ, ਨੀਤੀ ਤੇ ਰੱਖਿਆ ਲਈ ਸ਼ਕਤੀ ਭੀ ਸਿੱਖ ਧਰਮ ਦੇ ਅੰਗ ਬਣਾ ਦਿਤੇ। ਇਸ ਦੀ ਪੂਰਤੀ ਲਈ ਜਥੇਬੰਦੀ ਦੀ ਬੁਨਿਆਦ ਮੁੱਢ ਤੋਂ ਹੀ ਰੱਖੀ ਗਈ। ਜਿਸ ਵਾਸਤੇ ਰਹਿਣ 'ਤੇ ਮਰਯਾਦਾ ਭੀ ਜ਼ਰੂਰੀ ਹੋ ਗਏ। ਕੋਈ ਭੀ ਕੰਮ ਇਕੱਠੇ ਹੋ ਕੇ ਕਰਨ ਵਾਲਾ ਹੋਵੇ ਉਹ ਨਿਯਮਾਂ, ਉਪਨਿਯਮਾਂ, ਤਥਾ ਵਿਧਾਨ Constitution ਬਿਨਾ ਚਾਲੂ ਨਹੀਂ ਰਹਿ ਸਕਦਾ। ਇਸੇ ਲਈ ਹਰ ਮੁਲਕ ਵਿਚ ਸੰਵਿਧਾਨ ਦੀ ਵਫ਼ਾਦਾਰੀ ਦੀ ਸਹੁੰ ਚੁਕਾਈ ਜਾਂਦੀ ਹੈ ਤੇ ਸਾਡੇ ਵਿਚ ਭੀ ਰਹਿਤ ਮਰਿਯਾਦਾ ਦਾ ਪਾਬੰਧ ਕਰਨ ਲਈ ਬਚਨਬੱਧ ਕੀਤਾ ਜਾਂਦਾ ਹੈ।

ਰਹਿਤ ਮਰਿਯਾਦਾ ਦਾ ਮੁਖ ਪ੍ਰਯੋਜਨ ਅੰਦਰਲੇ ਤਤ ਸਤਿ ਨੂੰ ਸਹੀ reflect ਕਰਨਾ ਤੇ ਅੰਦਰੋਂ ਬਾਹਰੋਂ ਜੋ ਢਾਹਾਂ ਜਾਂ ਹਮਲੇ ਹੋਣ, ਉਹਨਾਂ ਤੋਂ ਰਾਖੀ ਕਰਨੀ ਹੁੰਦੀ ਹੈ। ਇਹ ਪ੍ਰਯੋਜਨ ਪੂਰੇ ਕਰਨ ਲਈ ਹੁਣ ਰਹਿਤ ਮਰਯਾਦਾ revise ਕਰਕੇ recast ਕਰਨੀ ਜ਼ਰੂਰੀ ਹੋ ਗਈ ਹੈ। ਰਹਿਤ ਮਰਯਾਦਾ ਐਸੀ ਹੋਣੀ ਚਾਹੀਦੀ ਹੈ ਜੋ ਗੁਰਬਾਣੀ ਦੀ ਕਸੌਟੀ ਤੇ ਸੋਲਾਂ ਆਨੇ ਠੀਕ ਉਤਰੇ, ਤੇ ਹਰ ਮੁਲਕ, ਹਰ ਮੌਸਮ ਤੇ ਹਰ ਹਾਲਤ ਵਿਚ ਇਕਸਾਰ ਲਾਗੂ ਹੋ ਸਕੇ। ਇਸ ਦਾ ਆਧਾਰ ਸਿੱਖ ਮਤਿ ਦੇ ਬੁਨਿਆਦੀ ਅਸੂਲਾਂ ਉੱਪਰ ਹੋਣਾ ਜ਼ਰੂਰੀ ਹੈ। ਜੈਸੇ ਕਿ ਸਾਡਾ ਅਕਾਲ ਪੁਰਖ ਨਿਰਗੁਣ ਹੈ ਅਰ ਸਤਿਗੁਰੂ ਭੀ ਸ਼ਬਦ ਰੂਪ ਵਿਚ ਨਿਰੰਕਾਰ ਹੀ ਹੈ— "ਵਾਹੁ ਵਾਹੁ ਸਤਿਗੁਰੂ ਨਿਰੰਕਾਰ ਹੈ"'—

ਸਾਡੀਆਂ ਸਭ ਕਮਜ਼ੋਰੀਆਂ ਤੇ ਗਿਰਾਵਟਾਂ ਦਾ ਮੂਲ ਕਾਰਣ ਸਾਡੇ ਉਪਰ ਹਿੰਦੂ ਮਤਿ ਦਾ ਅਸਰ ਹੈ। ਜਦ ਤੱਕ ਇਹ ਜਾਦੂ ਸਾਡੇ ਸਿਰਾਂ ਤੋਂ ਨਹੀਂ ਲਥਦਾ ਸਾਡੀ ਰੱਖਿਆ ਅਰ ਸਿੱਖੀ ਦੀ ਸੰਭਾਲ ਨਹੀਂ ਹੋ ਸਕਦੀ। ਸਾਡੀ ਰਹਿਤ ਮਰਯਾਦਾ ਇਸ ਤਰ੍ਹਾਂ ਢਾਲੀ ਜਾਵੇ ਜਿਸ ਤੋਂ ਜ਼ਾਹਿਰਾ ਤੌਰ 'ਤੇ ਹੀ ਅਸੀਂ ਹਿੰਦੂਮਤਿ ਤੋਂ ਨਿਆਰੇ ਅਤੇ ਅੱਡ ਦਿਸਣ ਲੱਗ ਜਾਈਏ। ਇਹ ਪਹਿਲੇ ਸਿੰਘਾਂ ਨੇ ਬੜੀ ਸਿਆਣਪ ਨਾਲ ਕੰਮ ਪੂਰਾ ਕੀਤਾ ਹੋਇਆ ਸੀ।

ਭਾਈ ਚੌਪਾ ਸਿੰਘ ਭੀ ਕਹਿੰਦੇ ਹਨ :—

ਖਾਲਸਾ ਹਿੰਦੂ ਮੁਸਲਮਾਨ ਸੇ ਨਿਆਰਾ ਰਹੇ।

ਸਿੰਘ ਸਭਾ ਲਹਿਰ ਦੇ ਸ਼ੁਰੂ ਵਿਚ ਹੀ ''ਹਮ ਹਿੰਦੂ ਨਹੀਂ'' ਦਾ ਨਾਅਰਾ ਲਾਇਆ ਗਿਆ-ਪਰ ਸਿਰੇ ਨਾ ਚੜ੍ਹ ਸਕਿਆ-ਹੁਣ ਆਪਣਾ ਸਾਰਾ ਤਾਣ ਜ਼ੋਰ ਲਗਾ ਕੇ ਜਦ ਤੱਕ ਇਸ ਦਾ ਅਮਲ ਮੁਕੰਮਲ ਨਹੀਂ ਕਰਦੇ, ਸਾਡੀ ਭਾਵ ਸਿੱਖੀ ਅਰ ਸਿੱਖੀ ਦੀ ਰੱਖਿਆ ਸੰਭਾਲ ਨਹੀਂ ਹੋਣੀ।

ਸਤਿਗੁਰਾਂ ਦਾ ਹੁਕਮ ਹਰ ਵਕਤ ਯਾਦ ਰੱਖਣ ਵਾਲਾ ਹੈ ਕਿ :—

**ਜਬ ਲਗ ਖ਼ਾਲਸਾ ਰਹੇ ਨਿਆਰਾ॥**

**ਤਬ ਲਗ ਤੇਜ ਕੀਉ ਮੈਂ ਸਾਰਾ॥**

**ਜਬ ਇਹ ਗਹੈ ਬਿਪਰਨ ਕੀ ਰੀਤ॥**

**ਮੈਂ ਨ ਕਰੋਂ ਇਨ ਕੀ ਪ੍ਰਤੀਤ॥**

ਸੋ "ਅਕਾਲ ਪੁਰਖ ਕੀ ਰੱਛਾ ਹਮਨੈ" ਦੀ ਓਟ ਲੈ ਕੇ ਨਿਰਭਉ ਹੋਕੇ ਗੁਰੂ ਹੁਕਮਾਂ ਦੀ ਪਾਲਣਾ ਕਰਕੇ ਹੀ ਅਸੀਂ ਸਤਿਗੁਰਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦੇ ਪਾਤਰ ਬਣ ਸਕਾਂਗੇ।

'ਜਿਤੇ ਸਰਨ ਐਹੈ ਤਿਤਉ ਰਾਖ ਲੈ ਹੈਂ।'

(ਸਿੰਘ ਸਭਾ ਪੱਤ੍ਰਿਕਾ - ਜਨਵਰੀ 1974)

# ਧਰਮ ਸਥਾਨ ਦੇ ਅੰਦਰ ਅਤੇ ਬਾਹਰ ਦੇ ਵਿਹਾਰ ਵਿੱਚ ਅੰਤਰ

**ਬਲਰਾਜ ਸਿੰਘ ਕਮਾਂਡੈਂਟ ਪੰਡੋਰੀ ਸਿੱਧਵਾਂ 95011-00062**

ਤਕਰੀਬਨ 90% ਲੋਕਾਂ ਦਾ ਧਰਮ ਅਸਥਾਨਾਂ ਦੇ ਅੰਦਰ ਵਿਹਾਰ ਹੋਰ ਹੁੰਦਾ ਹੈ ਤੇ ਬਾਹਰ ਹੋਰ। ਇਹ ਵੇਖ ਕੇ ਬੇਹੱਦ ਹੈਰਾਨੀ ਹੁੰਦੀ ਹੈ ਜਿਹੜਾ ਵਿਅਕਤੀ ਅੱਧਾ ਘੰਟਾ ਪਹਿਲਾਂ ਧਰਮ ਸਥਾਨ ਦੇ ਅੰਦਰ ਅੱਧ ਮੀਟੀਆਂ ਅੱਖਾਂ ਨਾਲ ਕਥਾ ਕੀਰਤਨ ਸੁਣਨ ਸਮੇਂ ਸ਼ਾਂਤੀ ਅਤੇ ਇਮਾਨਦਾਰੀ ਦਾ ਸਰੂਪ ਬਣ ਕੇ ਪ੍ਰਮਾਤਮਾਂ ਨਾਲ ਇੱਕ ਮਿੱਕ ਹੋਇਆ ਜਾਪਦਾ ਸੀ, ਉਹ ਬਾਹਰ ਆ ਕੇ ਕਿਸੇ ਗਰੀਬ ਰਿਕਸ਼ੇ ਵਾਲੇ ਨਾਲ ਦਸਾਂ ਰੁਪਿਆਂ ਪਿੱਛੇ ਝਗੜ ਰਿਹਾ ਹੈ। ਮਾਝੇ ਦਾ ਇੱਕ ਪ੍ਰਸਿੱਧ ਡੇਰਾ ਹੈ ਜਿੱਥੇ ਲੋਕ ਇੱਕ ਦੂਸਰੇ ਨੂੰ ਮਿਲਣ ਸਮੇਂ ਧਾਰਮਿਕ ਜੈਕਾਰਾ ਲਗਾ ਕੇ ਕਮਾਨ ਵਾਂਗ ਦੂਹਰੇ ਹੋ ਕੇ ਇੱਕ ਦੂਸਰੇ ਦੇ ਪੈਰਾਂ ਨੂੰ ਹੱਥ ਲਗਾਉਣ ਤੱਕ ਜਾਂਦੇ ਹਨ ਤੇ ਕਥਿੱਤ ਨਿਰਮਾਣਤਾ ਵਿੱਚ ਇੱਕ ਦੂਸਰੇ ਨੂੰ ਪਛਾੜਨ ਦੀ ਕੋਸ਼ਿਸ਼ ਕਰਦੇ ਹਨ। ਪਰ ਸਮਾਗਮ ਖਤਮ ਹੋਣ ਤੋਂ ਬਾਅਦ ਉਹਨਾਂ ਲੋਕਾਂ ਦਾ ਵਰਤਾਰਾ ਬੱਸ ਅੱਡੇ 'ਤੇ ਵੇਖਣ ਵਾਲਾ ਹੁੰਦਾ ਹੈ ਕਿਵੇਂ ਬੱਸ ਦੀ ਸੀਟ ਮੱਲਣ ਪਿੱਛੇ ਫੰਡਿਉ ਫੰਡੀ ਹੋਣ ਤੱਕ ਜਾਂਦੇ ਹਨ।



ਮੈਂ ਕੁਝ ਦਿਨ ਪਹਿਲਾਂ ਅਨੰਦਪੁਰ ਸਾਹਿਬ ਵਿਖੇ ਇੱਕ ਧਰਮ ਸਥਾਨ 'ਤੇ ਪਰਿਵਾਰ ਸਮੇਤ ਮੱਥਾ ਟੇਕਨ ਲਈ ਗਿਆ ਸੀ। ਐਤਵਾਰ ਦਾ ਦਿਨ ਸੀ ਤੇ ਭੀੜ ਭੜੱਕਾ ਹੋਣ ਕਾਰਨ ਉਥੇ ਵੀ ਅਜਿਹਾ ਹੀ ਮਾਹੌਲ ਸੀ। ਧਰਮ ਸਥਾਨ ਦੇ ਅੰਦਰ ਲੋਕ ਹੱਥ ਜੋੜ ਕੇ ਬੇਹੱਦ ਅਨੁਸ਼ਾਸ਼ਨ ਨਾਲ ਮੱਥਾ ਟੇਕਨ ਲਈ ਆਪਣੀ ਵਾਰੀ ਦੀ ਉਡੀਕ ਵਿੱਚ ਅਰਾਮ ਨਾਲ ਖੜ੍ਹੇ ਸਨ। ਪਰ ਉਹ ਹੀ ਲੋਕ ਬਾਹਰ ਆ ਕੇ ਜੋੜਾ ਘਰ ਤੋਂ ਜੁੱਤੀਆਂ ਲੈਣ ਲਈ ਇੱਕ ਦੂਸਰੇ ਨਾਲ ਧੱਕਮ ਧੱਕਾ ਹੋ ਰਹੇ ਸਨ ਜਿਵੇਂ ਕਿਸੇ ਨੇ ਉਹਨਾਂ ਦੀ ਜੁੱਤੀ ਚੋਰੀ ਕਰ ਲੈਣੀ ਹੋਵੇ। ਕੁਝ ਲੋਕ ਤਾਂ ਧਾਰਮਿਕ ਮੇਲਿਆ ਵਿੱਚ ਸਿਰਫ ਔਰਤਾਂ ਨਾਲ ਛੇੜ ਛਾੜ ਕਰਨ ਵਾਸਤੇ ਹੀ ਜਾਂਦੇ ਹਨ। ਮੇਰੇ ਇੱਕ ਵਾਕਫ ਬੰਦੇ ਗੁਰਬੰਸ (ਕਾਲਪਨਿਕ ਨਾਮ) ਦੇ ਸਹੁਰੇ ਪਰਿਵਾਰ ਵਾਲੇ ਹਰਿਆਣੇ ਦੇ ਇੱਕ ਡੇਰੇ ਨੂੰ ਮੰਨਦੇ ਹਨ। ਪਰ ਉਸ ਦਾ ਇੱਕ ਸਾਲਾ ਜੈਲਾ (ਕਾਲਪਨਿਕ ਨਾਮ) ਥੋੜ੍ਹਾ ਜਿਹਾ ਤਰਕਸ਼ੀਲ ਵਿਚਾਰਾਂ ਵਾਲਾ ਅਗਾਂਹ ਵਧੂ ਕਿਸਮ ਦਾ ਇਨਸਾਨ ਹੈ। ਉਹ ਪਰਿਵਾਰ ਦੇ ਕਹਿਣ 'ਤੇ ਡੇਰੇ ਚਲਾ ਤਾਂ ਜਾਂਦਾ ਹੈ ਪਰ ਅੰਦਰੋਂ ਅੰਦਰੀਂ ਖਿਝਦਾ ਕ੍ਰਿਝਦਾ ਰਹਿੰਦਾ ਹੈ। ਗੁਰਬੰਸ ਦੀ ਸੱਸ ਤਾਰੋ (ਕਾਲਪਨਿਕ ਨਾਮ) ਥੋੜ੍ਹੀ ਕੰਮ ਚੋਰ ਕਿਸਮ ਦੀ ਔਰਤ ਹੈ। ਸਾਰਾ ਦਿਨ ਲੱਕ ਪੀੜ ਦਾ ਬਹਾਨਾ ਬਣਾ ਕੇ ਮੰਜੇ 'ਤੇ ਲੰਮੀ ਪਈ ਰਹਿੰਦੀ ਹੈ ਤੇ ਪਾਣੀ ਵੀ ਨੂੰਹਾਂ ਕੋਲੋਂ ਮੰਗਵਾ ਕੇ ਪੀਂਦੀ ਹੈ।

ਇੱਕ ਵਾਰ ਸਾਰਾ ਪਰਿਵਾਰ ਡੇਰੇ ਗਿਆ ਤੇ ਖਿੱਚ ਧੂਹ ਕੇ ਜੈਲੇ ਨੂੰ ਵੀ ਨਾਲ ਲੈ ਗਏ। ਡੇਰੇ ਵਿੱਚ ਦੋ ਤਿੰਨ ਘੰਟੇ ਪ੍ਰਵਚਨ ਚੱਲਿਆ ਤੇ ਬਾਅਦ ਵਿੱਚ ਐਲਾਨ ਕੀਤਾ ਗਿਆ ਕਿ ਜਿਸ ਭਗਤ ਨੇ ਸਫਾਈ ਦੀ ਸੇਵਾ ਕਰਨੀ ਹੋਵੇ, ਉਹ ਝਾੜੂ ਲੈ ਲਵੇ। ਸਾਰਾ ਦਿਨ ਹਾਏ ਹਾਏ ਕਰਨ ਵਾਲੀ ਤਾਰੋ ਸਭ ਤੋਂ ਪਹਿਲਾਂ ਝਾੜੂ ਲੈਣ ਲਈ ਭੱਜ ਗਈ। ਜਦੋਂ ਜੈਲੇ ਨੇ ਆਪਣੀ ਮਾਂ ਨੂੰ ਮਸ਼ੀਨ ਵਾਂਗ ਝਾੜੂ ਫੇਰਦੇ ਹੋਏ ਵੇਖਿਆ ਤਾਂ ਉਸ ਨੂੰ ਸੱਤੀਂ ਕੱਪੜੀਂ ਅੱਗ ਲੱਗ ਗਈ। ਉਸ ਨੇ ਤਾਰੋ ਕੋਲੋਂ ਝਾੜੂ ਖੋਹ ਪਰ੍ਹਾਂ ਵਗਾਹ ਮਾਰਿਆ ਤੇ ਬੋਲਿਆ ਕਿ ਘਰ ਤਾਂ ਕਦੇ ਤੂੰ ਮੇਜ 'ਤੇ ਕੱਪੜਾ ਨਹੀਂ ਮਾਰਿਆ, ਹੁਣ ਕਿੱਥੇ ਗਈ ਤੇਰੀ ਬਿਮਾਰੀ?

ਜਦੋਂ ਵੀ ਕੋਈ ਸ਼ਰਧਾਲੂ ਕਿਸੇ ਧਰਮ ਸਥਾਨ ਦੇ ਦਰਸ਼ਨ ਕਰਨ ਜਾਂਦਾ ਹੈ ਤਾਂ ਉਸ ਦੀ ਦਿਲੀ ਇੱਛਾ ਹੁੰਦੀ ਹੈ ਕਿ ਉਥੋਂ ਕੋਈ ਧਾਰਮਿਕ ਵਸਤੂ ਨਿਸ਼ਾਨੀ ਦੇ ਤੌਰ 'ਤੇ ਖਰੀਦ ਲਈ ਜਾਵੇ। ਪਰ ਇਹ ਵੇਖਿਆ ਗਿਆ ਹੈ ਕਿ ਧਰਮ ਸਥਾਨਾਂ ਦੇ ਨਜ਼ਦੀਕ ਦੁਕਾਨਾਂ ਕਰਨ ਵਾਲੇ ਦੁਕਾਨਦਾਰ ਸਭ ਨਾਲੋਂ ਵੱਧ ਬੇਦਰਦੀ ਨਾਲ ਸ਼ਰਧਾਲੂਆਂ ਅਤੇ ਖਾਸ ਤੌਰ 'ਤੇ ਟੂਰਿਸਟਾਂ ਨੂੰ ਲੁੱਟਦੇ ਹਨ। ਤੜਕੇ 4 ਵਜੇ ਇਹ ਹੀ ਲੋਕ ਉਸ ਧਰਮ ਸਥਾਨ ਅੰਦਰ ਪੂਰੀ ਸ਼ਰਧਾ ਨਾਲ ਮੱਥਾ ਟੇਕ ਰਹੇ ਹੁੰਦੇ ਹਨ ਤੇ ਕੁਝ ਕੁ ਮਿੰਟਾਂ ਲਈ ਇਮਾਨਦਾਰੀ ਦੀ ਮੂਰਤ ਲੱਗਦੇ ਹਨ। ਜੇ ਇਹਨਾਂ ਨੂੰ ਧਰਮ ਸਥਾਨ ਦੀ ਹਦੂਦ ਅੰਦਰ ਕੋਈ ਪੈਸਾ ਟਕਾ ਡਿੱਗਿਆ ਹੋਇਆ ਮਿਲ ਜਾਵੇ ਤਾਂ ਬਹੁਤ ਹੀ ਸ਼ਰਧਾ ਨਾਲ ਗੋਲਕ ਵਿੱਚ ਪਾ ਦਿੰਦੇ ਹਨ ਪਰ ਦੁਕਾਨ ਦਾ ਸ਼ਟਰ ਚੁੱਕਦਿਆਂ ਸਾਰ ਇਮਾਨਦਾਰੀ ਤੇ ਧਰਮ ਕਰਮ ਹਵਾ ਹੋ ਜਾਂਦੇ ਹਨ।

ਸਾਡੇ ਸਮਾਜ ਵਿੱਚ ਸਭ ਤੋਂ ਪਵਿੱਤਰ ਸਥਾਨ ਸ਼ਮਸ਼ਾਨਘਾਟ ਨੂੰ ਮੰਨਿਆਂ ਜਾਂਦਾ ਕਿਉਂਕਿ ਇਥੇ ਆ ਕੇ ਹਰ ਇਨਸਾਨ ਦੀ ਜ਼ਿੰਦਗੀ ਦਾ ਸਫਰ ਪੂਰਾ ਹੋ ਜਾਂਦਾ ਹੈ। ਕੋਈ ਵਿਅਕਤੀ ਚਾਹੇ ਆਪਣੀ ਜ਼ਿੰਦਗੀ ਵਿੱਚ ਕਿਸੇ ਧਰਮ ਸਥਾਨ 'ਤੇ ਗਿਆ ਹੋਵੇ ਜਾਂ ਨਾ, ਪਰ ਆਖਰ ਹਰ ਕਿਸੇ ਨੂੰ ਇਥੇ ਆਉਣਾ ਹੀ ਪੈਂਦਾ ਹੈ। ਹਿੰਦੂ ਧਰਮ ਵਿੱਚ ਇਸ ਨੂੰ ਸ਼ਿਵ ਜੀ ਦਾ ਸਥਾਨ ਮੰਨ ਕੇ ਸ਼ਿਵਪੁਰੀ ਕਿਹਾ ਜਾਂਦਾ ਹੈ। ਕੁਝ ਮਹੀਨੇ ਪਹਿਲਾਂ ਮੈਨੂੰ ਕਿਸੇ ਬਜ਼ੁਰਗ ਦੇ ਦਾਹ ਸੰਸਕਾਰ 'ਤੇ ਜਾਣਾ ਪਿਆ। ਮੇਰਾ ਇੱਕ ਸਾਥੀ ਉਸ ਬਜ਼ੁਰਗ ਦਾ ਅੰਤਿਮ ਸੰਸਕਾਰ ਹੁੰਦਾ ਵੇਖ ਕੇ ਕੁਝ ਜਿਆਦਾ ਹੀ ਭਾਵੁਕ ਹੋਇਆ ਪਿਆ ਸੀ। ਹਾਉਕਾ ਭਰ ਕੇ ਕਹਿਣ ਲੱਗਾ, "ਲਉ ਜੀ, ਆਹ ਹੀ ਆ ਬੰਦੇ ਦਾ ਅਖੀਰ। ਇਨਸਾਨ ਸਾਰੀ ਉਮਰ ਲੋਭ ਲਾਲਚ ਵਿੱਚ ਪੈ ਕੇ ਪਾਪ ਕਰੀ ਜਾਂਦਾ, ਆਖਰ ਸਵਾਹ ਦੀ ਮੁੱਠ ਹੀ ਬਣ ਜਾਣਾ ਸਭ ਨੇ। ਸਭ ਕੁਝ ਐਥੇ ਹੀ ਰਹਿ ਜਾਣਾ, ਕੁਝ ਨਹੀਂ ਜਾਣਾ ਨਾਲ। ਐਵੇਂ ਮੇਰੀ ਮੇਰੀ ਕਰੀ ਜਾਂਦਾ ਬੰਦਾ।" ਸਾਰੇ ਉਸ ਦੇ ਵੈਰਾਗਮਈ ਪ੍ਰਵਚਨ ਸੁਣ ਕੇ ਸਹਿਮਤੀ ਨਾਲ ਸਿਰ ਹਿਲਾ ਰਹੇ ਸਨ।

ਜਦੋਂ ਸਾਰਾ ਕਿਰਿਆ ਕਰਮ ਨਿੱਬੜ ਗਿਆ ਤਾਂ ਵਾਪਸ ਜਾਣ ਲਈ ਉਹ ਮੇਰੀ ਗੱਡੀ ਵਿੱਚ ਬੈਠ ਗਿਆ ਕਿਉਂਕਿ ਮੇਰੇ ਨਾਲ ਹੀ ਆਇਆ ਸੀ। ਦਾਹ ਸੰਸਕਾਰ ਵੇਲੇ ਸ਼ਾਇਦ ਉਸ ਨੇ ਆਪਣਾ ਮੋਬਾਇਲ ਫੋਨ ਸਾਈਲੈਂਟ 'ਤੇ ਲਗਾਇਆ ਹੋਇਆ ਸੀ। ਉਸ ਨੇ ਫਟਾ ਫਟ ਮਿੱਸ ਕਾਲਾਂ ਵੇਖੀਆਂ ਤੇ ਇੱਕ ਨੰਬਰ 'ਤੇ ਫੋਨ ਲਗਾ ਲਿਆ। ਕੁਝ ਦੇਰ ਪਹਿਲਾਂ ਦੁਨੀਆਂ ਤੋਂ ਲਗਭਗ ਸੰਨਿਆਸ ਲੈਣ ਦੀ ਅਵਸਥਾ ਵਿੱਚ ਪਹੁੰਚਿਆ ਹੋਇਆ ਉਹ ਬੰਦਾ ਨੰਬਰ ਲੱਗਦਿਆਂ ਸਾਰ ਹੀ ਪਟਰ ਪਟਰ ਬੋਲਣ ਲੱਗਾ, "ਹੈਂ ਕਿੰਨੇ ਨੂੰ? ਜਾ ਆਪਣਾ ਕੰਮ ਕਰ ਜਾ ਕੇ। 25000 ਤੋਂ ਇੱਕ ਰੁਪਈਆ ਘੱਟ ਨਹੀਂ ਲੈਣਾ ਗਜ਼ ਦਾ। ਪਲਾਟ ਤਾਂ ਵੇਖ ਕਿੰਨੇ ਟਿਕਾਣੇ 'ਤੇ ਆ। ਤੇਰੇ ਹੱਥ ਤੰਗ ਤੋਂ ਮੈਂ ਕੀ ਲੈਣਾ? ਮਹਿੰਗਾ ਲੱਗਦਾ ਆ ਤਾਂ ਕਿਸੇ ਹੋਰ ਕੋਲੋਂ ਲੈ ਲਾ ਜਾ ਕੇ ਸਸਤਾ।" ਉਸ ਨੇ ਅੱਧੇ ਪੌਣੇ ਘੰਟੇ ਦੇ ਸਫਰ ਦੌਰਾਨ ਅੱਠ ਦਸ ਫੋਨ ਲਗਾਏ ਜੋ ਸਾਰੇ ਹੀ ਲੋਭ ਲਾਲਚ ਅਤੇ ਮੋਹ ਮਾਇਆ ਦੇ ਮਾਮਲਿਆਂ ਸਬੰਧੀ ਸਨ।

-0-

# ਪਰਾਲੀ ਦਾ ਸਰਕਾਰੀ ਪ੍ਰਬੰਧ : ਮੀਟਿੰਗਾਂ, ਮੀਟਿੰਗਾਂ ਤੇ ਮੀਟਿੰਗਾਂ

**ਡਾ. ਮਲਕੀਅਤ ਸਿੰਘ ਸੈਣੀ** ਸਾਬਕਾ ਡੀਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ # 73475-27508

**ਅੱਜ ਦੇ ਦਿਨ ਪਰਾਲੀ ਕੋਈ ਫਾਲਤੂ ਦੀ ਚੀਜ਼ ਨਹੀਂ ਬਲਕਿ ਇਸ ਦੇ ਬਹੁਤ ਸਾਰੇ ਫ਼ਾਇਦੇ ਤੇ ਚੰਗੀ ਚੋਖੀ ਵਰਤੋਂ ਹੈ। ਬਜ਼ੁਰਗ ਹੋਣ ਦੇ ਨਾਲ-ਨਾਲ ਇਸ ਕੰਮ ਨਾਲ ਜੁੜਿਆ ਹੋਣ ਕਰਕੇ ਮੇਰਾ ਸੁਝਾਅ ਹੈ ਕਿ ਇਸ ਕੰਮ ਨੂੰ ਨਜਿੱਠਣ ਲਈ ਇਕ ਕਮੇਟੀ ਦਾ ਗਠਨ ਹੋਣਾ ਚਾਹੀਦਾ ਹੈ ਜਿਸ ਵਿਚ ਮੈਂਬਰ ਕਿਸਾਨਾਂ ਵੱਲੋਂ, ਇੱਕ ਉਦਯੋਗਾਂ ਵੱਲੋਂ, ਇੱਕ ਪੜ੍ਹੇ ਲਿਖੇ ਅਕਾਦਮਿਕ ਵਰਗ ਵੱਲੋਂ ਇਕ ਪੀ.ਪੀ.ਸੀ.ਬੀ. ਵੱਲੋਂ ਅਤੇ ਪੰਜਵਾਂ ਪ੍ਰਸ਼ਾਸਨ ਵੱਲੋਂ ਹੋਣ। ਇਹ ਕਮੇਟੀ ਇਕੱਠੀ ਹੋਈ ਪਰਾਲੀ ਬਾਰੇ ਸਾਰਾ ਰਿਕਾਰਡ ਰੱਖੇ ਕਿ ਸੀਜਨ ਦੌਰਾਨ ਕਿਸ ਨੇ ਕਿੰਨੀ ਪਰਾਲੀ, ਕਿੱਥੋਂ-ਕਿੱਥੋਂ ਇਕੱਠੀ ਕੀਤੀ, ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਇਕੱਠੀ ਕੀਤੀ ਪਰਾਲੀ ਸਾਰੇ ਸਾਲ ਦੌਰਾਨ ਕਿੱਥੇ-ਕਿੱਥੇ ਤੇ ਕਿੰਨੀ-ਕਿੰਨੀ ਵਰਤੀ ਗਈ। ਪਰਾਲੀ ਨੂੰ ਸਟੋਰ ਕਰਨ ਤੇ ਸਾਂਭਣ ਦੌਰਾਨ ਕਿਸ-ਕਿਸ ਤਰ੍ਹਾਂ ਦੀਆ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਕਿੰਨੀ ਪਰਾਲੀ ਅਣਵਰਤੀ ਪਈ ਰਹੀ ਤੇ ਗਲ ਸੜ ਗਈ। ਇਹ ਕਮੇਟੀ ਪਰਾਲੀ ਦੀ ਮੂਵਮੈਂਟ ਨੂੰ ਵੀ ਰੈਗੂਲੇਟ ਕਰੇ ਤਾਂ ਕਿ ਕਿਸੇ ਕਿਸਾਨ ਵੀਰ ਕੋਲ ਅੰਤਾਂ ਦੀ ਮਿਹਨਤ ਤੇ ਪੈਸੇ ਨਾਲ ਇਕੱਠੀ ਕੀਤੀ ਪਰਾਲੀ ਵਿਅਰਥ ਨਾ ਜਾਵੇ।**

**ਖੇਤਾਂ** ਵਿਚ ਪਰਾਲੀ ਨੂੰ ਸਾਂਭਣ ਜਾਂ ਅੱਗ ਲਗਾਉਣ ਦਾ ਸਮਾਂ ਨੇੜੇ-ਨੇੜੇ ਢੁੱਕਣ ਕਰਕੇ ਸਮੁੱਚਾ ਸਰਕਾਰੀ ਤੰਤਰ ਪੱਬਾਂ ਭਾਰ ਹੋਇਆ ਪਿਆ ਹੈ। ਸਰਕਾਰ ਦੇ ਸਾਹਮਣੇ ਹਰ ਅਦਾਰਾ ਆਪਣੇ ਨੰਬਰ ਬਣਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਿਹਾ ਹੈ। ਮੀਟਿੰਗਾਂ, ਸੈਮੀਨਾਰ, ਕਾਨਫਰੰਸਾਂ, ਲੈਕਚਰ ਤੇ ਹੋਰ ਏਹੋ ਜਿਹੇ ਇਕੱਠ ਕਰਕੇ ਸਭ ਦੇ ਸਭ ਅਦਾਰੇ ਇਹ ਸਾਬਿਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸਾਵਣ ਦਾ ਮੀਂਹ ਪਪੀਹੇ ਦੀਆਂ ਕੋਸ਼ਿਸ਼ਾਂ ਦਾ ਹੀ ਸਿੱਟਾ ਹੈ। ਖ਼ੁਦਾ ਨਿਖਾਸਤਾ ਮੈਨੂੰ ਵੀ, ਡੀ.ਸੀ. ਸਾਹਿਬ ਦੀ ਪ੍ਰਧਾਨਗੀ ਹੇਠ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਸੱਦੀਆਂ ਤਿੰਨ-ਚਾਰ ਮੀਟਿੰਗਾਂ ਵਿਚ ਸ਼ਿਰਕਤ ਕਰਨ ਦਾ ਮੌਕਾ ਨਸੀਬ ਹੋ ਗਿਆ। ਪਤਾ ਤਾਂ ਸੀ ਕਿ ਏਹੋ ਜਿਹੀਆਂ ਮੀਟਿੰਗਾਂ ਵਿਚ ਕਾਵਾਂ ਰੌਲੀ ਤੋਂ ਬਿਨਾਂ ਕੁੱਝ ਨਹੀਂ ਹੁੰਦਾ ਪਰ ਸੋਚਿਆ ਚਲੋ ਮੇਲਾ ਹੀ ਸਹੀ ਆਪਾਂ ਵੀ ਤੂਤੀ ਵੱਜਦੀ ਸੁਣ ਆਵਾਂਗੇ। ਡੇਢ ਸੌ ਬੰਦਿਆਂ ਦਾ ਇਕੱਠ, ਹਰ ਚਿਹਰਾ ਅਜਨਬੀ, ਨਾ ਕੋਈ ਕਿਸੇ ਨੂੰ ਜਾਣੇ ਨਾ ਪਛਾਣੇ, ਨਾ ਕੋਈ ਬੋਲ ਨਾ ਚਾਲ, ਇਕ ਅਜੀਬ ਜਿਹੀ ਚੁੱਪ ਜਿਵੇਂ ਸਭ ਦੇ ਸਭ ਕਿਸੇ ਦਾ ਅਫ਼ਸੋਸ ਕਰਨ ਮਕਾਣੇ ਆਏ ਹੋਣ। ਡੀ.ਸੀ.ਸਾਹਿਬ ਦੇ ਲੇਟ ਹੋਣ ਕਰਕੇ ਹਰ ਬੰਦਾ ਪ੍ਰੇਸ਼ਾਨੀ ਵਿਚ ਉੱਸਲਵੱਟੇ ਲੈਂਦਾ ਬੁੜ-ਬੁੜ ਤਾਂ ਕਰ ਰਿਹਾ ਸੀ ਪਰ ਇਹ ਸੱਚ ਹੈ ਕਿ ਅਫਸਰ, ਜਵਾਈ ਤੇ ਐਗਜ਼ਾਮੀਨਰ ਨੂੰ ਲੇਟ ਹੋਣ ਦਾ ਤਾਹਨਾ ਨਹੀਂ ਦਿੱਤਾ ਜਾ ਸਕਦਾ। ਇਸ ਦੌਰਾਨ ਸਭ ਲੋਕ ਪਾਣੀ ਛਕ ਚੁੱਕੇ ਸਨ ਤੇ ਚਾਹ ਦੀਆਂ ਪਿਆਲੀਆਂ ਮੀਟਿੰਗ ਸ਼ੁਰੂ ਹੋਣ ਦੀ ਉਡੀਕ ਕਰ ਰਹੀਆਂ ਸਨ। ਚਲੋ ਜਿਵੇਂ-ਕਿਵੇਂ ਇੰਤਜ਼ਾਰ ਖ਼ਤਮ ਹੋਇਆ, ਡੀ.ਸੀ. ਸਾਹਿਬ ਆਏ, ਬਿਰਾਜੇ ਤੇ ਮੀਟਿੰਗ ਸ਼ੁਰੂ ਹੋਈ। ਡੀ.ਸੀ. ਸਾਹਿਬ ਨੇ ਆਉਂਦੇ ਸਾਰ ਖੇਤੀਬਾੜੀ ਵਿਭਾਗ ਤੋਂ ਆਏ ਕੁੱਝ ਕਰਿੰਦਿਆਂ ਤੋਂ ਪੁੱਛ-ਗਿੱਛ ਕੀਤੀ, ਪਰਾਲੀ ਸੰਬੰਧੀ ਕੁਝ ਜਾਣਕਾਰੀ ਇਕੱਠੀ ਕੀਤੀ ਜਿਸ ਤੋਂ ਲਗਦਾ ਸੀ ਜਿਵੇਂ ਮੀਟਿੰਗ ਸੰਬੰਧੀ ਉਨ੍ਹਾਂ ਦਾ ਹੋਮ ਵਰਕ ਕੁਝ ਅਧੂਰਾ ਹੋਵੇ।



ਮੀਟਿੰਗ ਦਾ ਕੇਂਦਰੀ ਧੁਰਾ ਇਹ ਸੀ ਕਿ ਕੌਣ-ਕੌਣ, ਕਿਸ ਕਿਸ ਪਿੰਡ ਜਾਂ ਇਲਾਕੇ ਤੋਂ, ਕਿੰਨੀ-ਕਿੰਨੀ ਪਰਾਲੀ ਇਕੱਠੀ ਕਰ ਰਿਹੈ। ਪਿਛਲੇ ਸਾਲ ਉਸਨੇ ਕਿੰਨੀ ਪਰਾਲੀ ਇਕੱਠੀ ਕੀਤੀ ਸੀ ਤੇ ਇਸ ਸਾਲ ਉਸ ਦਾ ਕਿੰਨਾ ਟੀਚਾ ਹੈ। ਭੱਠਿਆਂ ਵਾਲਿਆਂ ਨੇ ਆਪਣੀਆਂ ਮਜ਼ਬੂਰੀਆਂ ਦੱਸੀਆਂ, ਇੱਕ ਦੋ ਪਰਾਲੀ ਇਕੱਠੀ ਕਰਨ ਵਾਲੇ ਜ਼ਿਮੀਦਾਰਾਂ ਨੇ ਆਪਣੀਆਂ ਮੁਸ਼ਕਿਲਾਂ ਦੱਸੀਆਂ, ਬੈਂਕਾਂ ਵਾਲਿਆਂ ਨੇ ਲਿੱਪਾ ਪੋਚੀ ਕਰਦਿਆਂ ਕੋਈ ਹੱਥ ਪੱਲਾ ਨਾ ਫੜਿਆ ਤੇ ਮੀਟਿੰਗ ਖ਼ਤਮ। ਝੂਠੇ ਵਾਅਦਿਆਂ ਤੇ ਤਸੱਲੀਆਂ ਦੀ ਪੰਡ ਚੁੱਕੀ 'ਲੌਟ ਕੇ ਬੁੱਧੂ ਘਰ ਕੋ ਆਏ' ਤੇ ਸੰਬੰਧਤ ਮਹਿਕਮੇ ਵਾਲੇ ਆਪਣੀਆਂ ਲਿਸਟਾਂ ਬਣਾ ਕੇ ਔਹ ਗਏ ਔਹ ਗਏ। ਤਿੰਨੇ ਚਾਰੇ ਮੀਟਿੰਗਾਂ ਏਸੇ ਤਰਜ਼ 'ਤੇ ਸ਼ੁਰੂ ਹੋਈਆਂ ਤੇ ਏਸੇ ਤਰ੍ਹਾਂ ਪਰਾਲੀ ਦਾ ਹਲ ਕਰਕੇ ਖ਼ਤਮ। ਮੈਂ ਹੈਰਾਨ ਹਾਂ ਕਿ ਕਿੰਨੇ ਯੋਗ ਤੇ ਪਰਵੀਨ ਸਾਡੇ ਅਧਿਕਾਰੀ ਤੇ ਅਫਸਰ ਜਿਹੜੇ ਏ.ਸੀ. ਕਮਰਿਆਂ ਵਿਚ ਬੈਠ ਕੇ ਚਾਹ ਦੀ ਪਿਆਲੀ 'ਤੇ ਹੀ ਪਰਾਲੀ ਦੀ ਦਿਓ ਕੱਦ ਸਮੱਸਿਆ ਤੇ ਮੁਸ਼ਕਿਲ ਦਾ ਹੱਲ ਤਲਾਸ਼ ਲੈਂਦੇ ਹਨ।

ਪੰਜਾਬ ਵਿਚ ਹਰ ਸਾਲ ਤਕਰੀਬਨ 200 ਲੱਖ ਟਨ ਪਰਾਲੀ ਪੈਦਾ ਹੁੰਦੀ ਹੈ ਜਿਸ ਨੂੰ ਅਸੀਂ ਤਕਰੀਬਨ ਇੱਕ ਮਹੀਨੇ ਦੇ ਛੋਟੇ ਜਿਹੇ ਸਮੇਂ ਵਿਚ ਸਾਂਭਣਾ ਹੁੰਦਾ ਹੈ ਤਾਂ ਕਿ ਉਸਨੂੰ ਵੱਖ-ਵੱਖ ਕੰਮਾਂ ਲਈ ਸਾਰਾ ਸਾਲ ਵਰਤਿਆ ਜਾ ਸਕੇ। ਸਮਾਂ ਸੀਮਿਤ ਜਿਹਾ ਹੋਣ ਕਰਕੇ ਇਹ ਕੰਮ ਨੇਪਰੇ ਨਹੀਂ ਚੜ੍ਹਦਾ ਤੇ ਨਤੀਜਾ ਇਹ ਕਿ ਤਕਰੀਬਨ ਅੱਧੀ ਪਰਾਲੀ ਨੂੰ ਅਗਨ ਭੇਟ ਕਰ ਦਿੱਤਾ ਜਾਂਦਾ ਹੈ। ਧੂੰਏਂ ਦੇ ਨਾਲ ਨਾਲ ਹਰ ਪਾਸੇ ਹਾਹਾਕਾਰ, ਤਾਹਨੇ-ਮਿਹਣੇ, ਸਵਾਲ-ਜਵਾਬ, ਗਿਲੇ-ਸ਼ਿਕਵੇ, ਇਲਜ਼ਾਮ ਦਰ ਇਲਜ਼ਾਮ ਤੇ ਹੋਰ ਪਤਾ ਨਹੀਂ ਕੀ ਕੁਝ। ਪੰਜਾਬ ਤੋਂ ਦਿੱਲੀ ਤੱਕ ਅੱਖਾਂ ਵਿਚ ਰੜਕ ਪੈਂਦੀ ਹੈ ਤੇ ਸਾਹ ਲੈਣ ਨਾਲ ਦਮ ਘੁੱਟਦਾ ਹੈ। ਆਸਮਾਨ ਵਿਚ ਧੂੰਏਂ ਦੇ ਬੱਦਲ ਤੇ ਚੰਦ, ਤਾਰੇ, ਸੂਰਜ ਤੇ ਨੀਲਾ ਆਕਾਸ਼ ਅਲੋਪ। ਇਹ

ਤਾਂ ਚਲੋ ਪਰਾਲੀ ਨੂੰ ਸਾੜਨ ਦਾ ਨਤੀਜਾ ਹੈ ਵੈਸੇ ਵੀ ਪੰਜਾਬੀਆਂ ਨੇ ਪਿਛਲੇ 40 ਸਾਲਾਂ ਤੋਂ ਨੀਲੇ ਆਕਾਸ਼ ਵਿਚ ਰਾਤਾਂ ਦੌਰਾਨ ਕਦੀ ਤਾਰਿਆਂ ਦਾ ਝੁਰਮਟ ਨਹੀਂ ਦੇਖਿਆ।

ਸਾੜਨ ਤੋਂ ਬਚੀ 40-50 ਪ੍ਰਤੀਸ਼ਤ ਪਰਾਲੀ ਵਿੱਚੋਂ ਮਾਮੂਲੀ ਜਿਹੇ ਹਿੱਸੇ ਨੂੰ ਮਸ਼ੀਨਾਂ ਰਾਹੀਂ ਖੇਤਾਂ ਵਿਚ ਖਪਾ ਦਿੱਤਾ ਜਾਂਦਾ ਹੈ ਜਦੋਂ ਕਿ ਬਾਕੀ ਦੀ ਪਰਾਲੀ ਨੂੰ ਵੱਖ-ਵੱਖ ਕੰਮਾਂ ਵਿਚ ਵਰਤਣ ਲਈ ਜਿਵੇਂ ਕਿ ਗੱਟੀਆਂ ਬਛਾਉਣ, ਬੁਆਲਰਜ਼, ਖੰਡ ਮਿਲਾਂ, ਬਿਜਲੀ ਪੈਦਾ ਕਰਨਾ, ਪਸ਼ੂਆਂ ਦਾ ਚਾਰਾ, ਬਾਇਓ ਗੈਸ, ਗੱਤਾ ਬਣਾਉਣਾ ਤੇ ਹੋਰ ਏਦਾਂ ਦੇ ਛੋਟੇ ਮੋਟੇ ਕੰਮਾਂ ਲਈ ਇਕੱਠਾ ਕਰ ਲਿਆ ਜਾਂਦਾ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਏਨੀ ਮਿਹਨਤ ਤੇ ਪੈਸੇ ਨਾਲ ਦਿਨ-ਰਾਤ ਇਕੱਠ ਕਰਕੇ ਇਕੱਠੀ ਕੀਤੀ ਪਰਾਲੀ ਸਾਂਭਣ ਵੱਲ ਕਿਸੇ ਮਹਿਕਮੇ, ਅਦਾਰੇ ਜਾਂ ਸਰਕਾਰੀ ਤੰਤਰ ਦਾ ਨਾਂ ਕੋਈ ਧਿਆਨ ਹੈ ਤੇ ਨਾ ਹੀ ਦਿਲਚਸਪੀ। ਉਨ੍ਹਾਂ ਨੂੰ ਤਾਂ ਮਤਲਬ ਸਿਰਫ਼ ਤੇ ਸਿਰਫ਼ ਇਸ ਗੱਲ ਨਾਲ ਹੈ ਕਿ ਕਿੰਨੀ ਪਰਾਲੀ ਇਕੱਠੀ ਹੋਈ ਹੈ। ਪਰਾਲੀ ਇਕੱਠੀ ਕਰਨ ਲਈ ਉਹ ਬੇਲਰ ਤੇ ਰੇਕ ਆਦਿ ਤੇ ਕਿਸਾਨਾਂ ਨੂੰ ਹਰ ਸਾਲ ਸਬਸਿਡੀਆਂ ਵੀ ਦਿੰਦੇ ਹਨ ਇਹ ਜਾਣਦਿਆਂ ਹੋਇਆਂ ਵੀ ਕਿ ਪਰਾਲੀ ਸਿਰਫ਼ ਬੇਲਰ ਤੇ ਰੇਕ ਨਾਲ ਹੀ ਇਕੱਠੀ ਨਹੀਂ ਹੁੰਦੀ ਬਲਕਿ ਇਸ ਕੰਮ ਲਈ ਪੰਜ ਮਸ਼ੀਨਾਂ ਜਿਵੇਂ ਕਿ ਕਟਰ, ਰੇਕ, ਬੇਲਰ, ਟਰਾਲੀ ਅਤੇ ਗਰੈਬਰ ਲਗਾਤਾਰ 75 ਹਾਰਸ ਪਾਵਰ ਵਾਲੇ 5 ਟਰੈਕਟਰਾਂ ਨਾਲ ਚਲਦੇ ਹਨ। ਪਰਾਲੀ ਇਕੱਠੀ ਕਰਨੀ, ਸਾਰੇ ਸਾਲ ਲਈ ਸਾਂਭਣੀ, ਵੇਚਣੀ ਜਾਂ ਵਰਤਣੀ ਲੰਮੇ ਚੌੜੇ ਪੈਸੇ ਦੀ ਖੇਡ ਹੈ ਤੇ ਆਪਣੇ ਆਪ ਵਿਚ ਇਕ ਪਹਾੜ ਜਿੱਡੀ ਜ਼ਿੰਮੇਵਾਰੀ ਅਤੇ ਸਿਰਦਰਦੀ। ਬੇਲਜ਼ ਬਣਾਉਣ ਲਈ ਨੈਟ ਚਾਹੀਦੀ ਹੈ, ਰੱਖਣ ਲਈ ਜ਼ਮੀਨ ਚਾਹੀਦੀ ਹੈ, ਢੱਕਣ ਲਈ ਤਰਪਾਲਾਂ ਚਾਹੀਦੀਆਂ ਹਨ ਤੇ ਰਾਖੀ ਲਈ ਲੰਮੀ ਚੌੜੀ ਸਿਕਉਰਿਟੀ ਵੀ। ਲੇਕਿਨ ਸਰਕਾਰੀ ਤੰਤਰ ਨੂੰ ਇਸ ਨਾਲ ਕੋਈ ਸਰੋਕਾਰ ਨਹੀਂ, ਲੈਣਾ ਦੇਣਾ ਨਹੀਂ। ਇਕੱਠੀ ਕਰਨ ਤੋਂ ਪਿੱਛੋਂ ਪਰਾਲੀ ਗਲਦੀ ਹੈ, ਸੜਦੀ ਹੈ, ਵਿਕਦੀ ਹੈ ਜਾਂ ਇਜਾਈਂ ਜਾਂਦੀ ਹੈ ਉਨ੍ਹਾਂ ਦੀ ਬਲਾ ਤੋਂ। ਉਨ੍ਹਾਂ ਨੇ ਤਾਂ ਪਰਾਲੀ ਇਕੱਠੀ ਕਰਨ ਦੇ ਅੰਕੜੇ ਦਿਖਾ ਕੇ ਸਰਕਾਰ ਤੋਂ ਸ਼ਾਬਾਸ਼ੇ ਲੈਣੀ ਹੁੰਦੀ ਹੈ, ਬੱਸ। ਹਰ ਮੀਟਿੰਗ ਵਿਚ ਇੱਕੋ ਗੱਲ ਤੇ ਇੱਕੋ ਟੀਚਾ। ਇਕੱਠੀ ਕੀਤੀ ਪਰਾਲੀ ਨੂੰ ਕਿਸਾਨ ਤੇ ਇੰਡਸਟਰੀ ਚਾਹੇ ਵਰਤੇ, ਸਾੜੇ, ਦੱਬੇ, ਰੋਹੜੇ ਜਾਂ ਭੰਗ ਦੇ ਭਾਅ ਵੇਚੇ ਉਨ੍ਹਾਂ ਨੂੰ ਇਸ ਸਭ ਕਾਸੇ ਨਾਲ ਕੋਈ ਮਤਲਬ ਨਹੀਂ। ਜੇ ਮੀਟਿੰਗ ਵਿਚ ਇਨ੍ਹਾਂ ਨੂੰ ਕੋਈ ਚੱਜ ਦਾ ਸੁਝਾਅ ਵੀ ਦੇਵੇ ਤਾਂ ਇਨ੍ਹਾਂ ਤੇ ਕੋਈ ਅਸਰ ਨਹੀਂ ਕਿਉਂਕਿ ਉਨ੍ਹਾਂ ਦੀ ਮੀਟਿੰਗ ਦਾ ਮਕਸਦ ਹੀ ਕੁਝ ਹੋਰ ਹੈ।





ਅੱਜ ਦੇ ਦਿਨ ਪਰਾਲੀ ਕੋਈ ਫਾਲਤੂ ਦੀ ਚੀਜ਼ ਨਹੀਂ ਬਲਕਿ ਇਸ ਦੇ ਬਹੁਤ ਸਾਰੇ ਫ਼ਾਇਦੇ ਤੇ ਚੰਗੀ ਚੋਖੀ ਵਰਤੋਂ ਹੈ। ਬਜ਼ੁਰਗ ਹੋਣ ਦੇ ਨਾਲ-ਨਾਲ ਇਸ ਕੰਮ ਨਾਲ ਜੁੜਿਆ ਹੋਣ ਕਰਕੇ ਮੇਰਾ ਸੁਝਾਅ ਹੈ ਕਿ ਇਸ ਕੰਮ ਨੂੰ ਨਜਿੱਠਣ ਲਈ ਇਕ ਕਮੇਟੀ ਦਾ ਗਠਨ ਹੋਣਾ ਚਾਹੀਦਾ ਹੈ ਜਿਸ ਵਿਚ ਮੈਂਬਰ ਕਿਸਾਨਾਂ ਵੱਲੋਂ, ਇੱਕ ਉਦਯੋਗਾਂ ਵੱਲੋਂ, ਇੱਕ ਪੜ੍ਹੇ ਲਿਖੇ ਅਕਾਦਮਿਕ ਵਰਗ ਵੱਲੋਂ ਇਕ ਪੀ.ਪੀ.ਸੀ.ਬੀ. ਵੱਲੋਂ ਅਤੇ ਪੰਜਵਾਂ ਪ੍ਰਸ਼ਾਸਨ ਵੱਲੋਂ ਹੋਣ। ਇਹ ਕਮੇਟੀ ਇਕੱਠੀ ਹੋਈ ਪਰਾਲੀ ਬਾਰੇ ਸਾਰਾ ਰਿਕਾਰਡ ਰੱਖੇ ਕਿ ਸੀਜਨ ਦੌਰਾਨ ਕਿਸ ਨੇ ਕਿੰਨੀ ਪਰਾਲੀ, ਕਿੱਥੋਂ-ਕਿੱਥੋਂ ਇਕੱਠੀ ਕੀਤੀ, ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਇਕੱਠੀ ਕੀਤੀ ਪਰਾਲੀ ਸਾਰੇ ਸਾਲ ਦੌਰਾਨ ਕਿੱਥੇ-ਕਿੱਥੇ ਤੇ ਕਿੰਨੀ-ਕਿੰਨੀ ਵਰਤੀ ਗਈ। ਪਰਾਲੀ ਨੂੰ ਸਟੋਰ ਕਰਨ ਤੇ ਸਾਂਭਣ ਦੌਰਾਨ ਕਿਸ-ਕਿਸ ਤਰ੍ਹਾਂ ਦੀਆ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ, ਕਿੰਨੀ ਪਰਾਲੀ ਅਣਵਰਤੀ ਪਈ ਰਹੀ ਤੇ ਗਲ ਸੜ ਗਈ। ਇਹ ਕਮੇਟੀ ਪਰਾਲੀ ਦੀ ਮੂਵਮੈਂਟ ਨੂੰ ਵੀ ਰੈਗੂਲੇਟ ਕਰੇ ਤਾਂ ਕਿ ਕਿਸੇ ਕਿਸਾਨ ਵੀਰ ਕੋਲ ਅੰਤਾਂ ਦੀ ਮਿਹਨਤ ਤੇ ਪੈਸੇ ਨਾਲ ਇਕੱਠੀ ਕੀਤੀ ਪਰਾਲੀ ਵਿਅਰਥ ਨਾ ਜਾਵੇ। ਆਪਣੇ ਸਾਲ ਭਰ ਦੇ ਤਜ਼ਰਬੇ ਤੋਂ ਸੇਧ ਲੈ ਕੇ ਇਹ ਕਮੇਟੀ ਇਸ ਕੰਮ ਵਿਚ ਸੁਧਾਰ ਲਿਆਉਣ ਲਈ ਅਗਲੇ ਸਾਲ ਆਪਣੇ ਸੁਝਾਅ ਸਰਕਾਰ ਸਾਹਮਣੇ ਰੱਖੇ ਤਾਂ ਕਿ ਹੋਰ ਜ਼ਿਆਦਾ ਪਰਾਲੀ ਇਕੱਠੀ ਕਰਕੇ ਇਸ ਨੂੰ ਸਾੜਨ ਤੋਂ ਰੋਕਿਆ ਜਾ ਸਕੇ। ਇਹ ਸੱਚ ਹੈ ਕਿ ਪਰਾਲੀ ਨੂੰ ਸਾੜਨਾ ਕਿਸਾਨ ਦਾ ਸ਼ੌਕ ਨਹੀਂ ਮਜ਼ਬੂਰੀ ਹੈ। ਜੇ ਸਰਕਾਰ ਵਾਕਿਆ-ਈ ਪਰਾਲੀ ਸਾੜਨ, ਪਰਾਲੀ ਇਕੱਠੀ ਕਰਨ, ਪਰਾਲੀ ਨੂੰ ਵਰਤਣ ਤੇ ਪਰਾਲੀ ਨੂੰ ਸਾਂਭਣ ਲਈ ਸੰਜੀਦਾ ਹੈ ਤਾਂ ਉਸ ਨੂੰ ਇਹ ਕੰਮ ਇਮਾਨਦਾਰੀ ਤੇ ਦਿਲਚਸਪੀ ਨਾਲ ਕਰਨਾ ਹੋਵੇਗਾ। ਏ.ਸੀ. ਕਮਰਿਆਂ ਵਿਚ ਬੈਠ ਕੇ ਇਕੱਲੀਆਂ ਮੀਟਿੰਗਾਂ ਕਰਨ ਤੇ ਫ਼ਾਇਲਾਂ ਦਾ ਢਿੱਡ ਭਰਨ ਨਾਲ ਕੁਝ ਨਹੀਂ ਬਣੇਗਾ। ਪਰਾਲੀ ਨਾਲ ਸੰਬੰਧਿਤ ਹਰ ਵਰਗ ਦੀਆਂ ਆਪਣੀਆਂ ਮੁਸ਼ਕਿਲਾਂ ਤੇ ਪ੍ਰੇਸ਼ਾਨੀਆਂ ਹਨ, ਉਨ੍ਹਾਂ ਬਾਰੇ ਸੋਚ ਕੇ, ਸਮਝ ਕੇ ਖੁੱਲ੍ਹੇ ਦਿਲ ਦਾ ਫ਼ੈਸਲਾ ਕਰਨਾ ਹੋਵੇਗਾ। ਇਹ ਨਹੀਂ ਕਿ ਮੀਟਿੰਗ ਵਿਚ ਇਕ ਦਰਵਾਜਿਓ ਹਨ੍ਹੇਰੀ ਵਾਂਙ ਆਏ ਤੇ ਦੂਸਰੇ ਦਰਵਾਜ਼ਿਓ ਟਾ ਟਾ ਕਰਕੇ ਵਾ ਵਰੋਲੇ ਵਾਂਙ ਬਾਹਰ ਨਿਕਲ ਗਏ।

ਵੈਸੇ ਸਿਆਣਿਆਂ ਨੇ ਕਿਹੈ ਕਿ ਅਣਮੰਗੀ ਸਲਾਹ ਤੇ ਅਣਚਾਹਿਆ ਮਸ਼ਵਰਾ ਦੇਣਾ ਚੰਗਾ ਨਹੀਂ ਹੁੰਦਾ ਤੇ ਕਈ ਵਾਰ ਉਸ ਬਿੱਜੜੇ ਵਾਂਙ ਪੁੱਠਾ ਪੈ ਜਾਂਦੈ ਜਿਹੜਾ ਠੰਢੀ-ਠੰਢੀ ਹਵਾ ਨਾਲ ਝੂਲਦੇ ਆਪਣੇ ਆਲ੍ਹਣੇ 'ਚ ਬੈਠਾ ਸਾਵਣ ਦੀ ਮੋਹਲੇਧਾਰ ਬਾਰਿਸ਼ ਦਾ ਆਨੰਦ ਲੈ ਰਿਹਾ ਸੀ। ਏਨੇ ਨੂੰ ਇਕ ਬਾਂਦਰ ਮੀਂਹ ਨਾਲ ਬੁਰੀ ਤਰ੍ਹਾਂ ਨੁੱੜਦਾ ਤੇ ਸਾਹੋ ਸਾਹ ਹੋਇਆ ਉਸ ਰੁੱਖ ਹੇਠ ਆ ਖਲੋਤਾ। ਉਹਦੀ ਹਾਲਤ ਵੇਖ ਕੇ ਬਿੱਜੜੇ ਕੋਲੋਂ ਰਿਹਾ ਨਾ ਗਿਆ ਤੇ ਬਾਂਦਰ ਨੂੰ ਕਹਿਣ ਲੱਗਾ, ''ਦੇਖ ਦੋਸਤ ਇੱਕ ਛੋਟਾ ਜਿਹਾ ਜਾਨਵਰ ਹੁੰਦਿਆਂ ਵੀ ਮੈਂ ਮਿਹਨਤ ਕਰਕੇ ਆਪਣਾ ਆਲ੍ਹਣਾ ਬਣਾਇਆ ਤੇ ਹੁਣ ਬਾਰਿਸ਼ ਹੋਣ ਦੇ ਬਾਵਜੂਦ ਵੀ ਅਨੰਦ ਮਾਣ ਰਿਹਾਂ ਤੇ ਤੂੰ ਐਨਾ ਵੱਡਾ ਹੋਣ ਦੇ ਬਾਵਜੂਦ ਵੀ ਸਾਰਾ ਸਾਲ ਵਿਹਲਾ ਟਪੂਸੀਆਂ ਮਾਰਦਾ ਰਿਹੈ ਤੇ ਹੁਣ ਮੀਂਹ 'ਚ ਭਿੱਜਿਆ ਠੰਢ ਨਾਲ ਕੁੰਗੜਦਾ ਫਿਰ ਰਿਹੈਂ। ਬਜਾਏ ਇਸ ਦੇ ਕਿ ਬਾਂਦਰ ਬਿੱਜੜੇ ਵੱਲੋਂ ਦਿੱਤੇ ਮਸ਼ਵਰੇ ਨੂੰ ਖਿੜ੍ਹੇ ਮੱਥੇ ਪ੍ਰਵਾਨ ਕਰਕੇ ਉਹਦਾ ਧੰਨਵਾਦ ਕਰਦਾ ਉਸ ਨੇ ਇਸ ਨੂੰ ਆਪਣੀ ਇੱਜ਼ਤ ਦਾ ਸਵਾਲ ਬਣਾਉਂਦਿਆਂ ਬਿੱਜੜੇ ਨੂੰ ਮੋਟੀ ਜਿਹੀ ਗਾਲ ਕੱਢੀ ਤੇ ਟਪੂਸੀ ਮਾਰ ਕੇ ਬਿੱਜੜੇ ਦਾ ਆਲ੍ਹਣਾ ਤੋੜਕੇ ਜ਼ਮੀਨ 'ਤੇ ਵਗਾਹ ਮਾਰਿਆ। ਹੁਣ ਟਾਹਣੀ ਤੇ ਬੈਠਾ ਮੀਂਹ ਨਾਲ ਭਿੱਜ ਰਿਹਾ ਬਿੱਜੜਾ ਆਪਣੇ ਆਪ ਨੂੰ ਕੋਸ ਰਿਹਾ ਸੀ ਕਿ ਮੈਂ ਬਾਂਦਰ ਨੂੰ ਅਣਮੰਗੀ ਸਲਾਹ ਕਿਉਂ ਦਿੱਤੀ। ਸੋ ਏਥੇ ਵੀ ਅਣਮੰਗੀ ਸਲਾਹ ਦੇਣ ਤੋਂ ਬਾਅਦ ਬਿੱਜੜੇ ਦਾ ਆਲ੍ਹਾ ਕਦੋਂ ਤੀਲਾ ਤੀਲਾ ਕਰ ਦਿੱਤਾ ਜਾਵੇ, ਕੋਈ ਪਤਾ ਨਹੀਂ। ਏਸੇ ਕਰਕੇ ਕਹਾਵਤ ਮਸ਼ਹੂਰ ਹੈ ਕਿ :

ਸਿੱਖ ਮੱਤ ਦੇਈਏ ਓਸ ਨੂੰ ਜਿਸ ਨੂੰ ਮਤ ਸਹਾਏ
ਮੱਤ ਕੀ ਦੇਣੀ ਬਾਂਦਰਾਂ ਜੋ ਬਿੱਜੜੇ ਦਾ ਘਰ ਢਾਏ। -0-

## ਕਾਵਿ ਕਿਆਰੀ

# ਧੰਨ ਧੰਨ ਗੁਰੂ ਨਾਨਕ ਸਾਹਿਬ ਜੀ

–ਰਮੇਸ਼ ਬੱਗਾ ਚੋਹਲਾ 9463132719

ਹਿੰਦੂ, ਮੁਸਲਿਮ, ਸਿੱਖ, ਇਸਾਈ ਸਭ ਨਾਲ ਕੀਤਾ ਪਿਆਰ ਤੁਸੀਂ।
ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਤਾਰ ਦਿੱਤਾ ਸੰਸਾਰ ਤੁਸੀਂ।
ਸਤਿਨਾਮ ਦਾ ਚੱਕਰ ਚਲਾ ਕੇ ਕਲਾ ਐਸੀ ਵਰਤਾਈ,
ਵਿਚ ਹਨ੍ਹੇਰੇ ਚਾਨਣ ਵੰਡਿਆ ਬਣ ਕੇ ਜੋਤ ਇਲਾਹੀ,
ਮਾਨਵਤਾ ਦਾ ਭਲਾ ਕਰਨ ਲਈ ਛੱਡ ਦਿੱਤਾ ਘਰ ਬਾਰ ਤੁਸੀਂ।
ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਤਾਰ ਦਿੱਤਾ ਸੰਸਾਰ ਤੁਸੀਂ।
ਰਾਖਸ਼ ਬਿਰਤੀ ਵਾਲੇ ਨੂੰ ਸੀ ਜਦੋਂ ਸੱਚੋ ਸੱਚ ਸੁਣਾਇਆ,
ਪਲ ਵਿਚ ਠੰਢਾ ਹੋ ਗਿਆ ਉਸ ਦਾ ਤੱਪਦਾ ਤੇਲ ਕੜਾਹਿਆ,
ਨਜ਼ਰ ਮੇਹਰ ਦੀ ਕਰਕੇ ਦਿੱਤਾ ਉਸ ਦਾ ਹਿਰਦਾ ਠਾਰ ਤੁਸੀਂ।
ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਤਾਰ ਦਿੱਤਾ ਸੰਸਾਰ ਤੁਸੀਂ।
ਗੱਲਾਂ ਬਾਤਾਂ ਨਾਲ ਸੀ ਜਿਹੜੇ ਜੋਗੀ ਜੋਗ ਕਮਾਉਂਦੇ,
ਪਾ ਕੇ ਭਰਮ ਭੁਲੇਖੇ ਐਂਵੇ ਦੁਨੀਆਂ ਸੀ ਭਰਮਾਉਂਦੇ,
ਅਸਲੀ ਜੋਗ ਕਮਾਵਣ ਦਾ ਉਨ੍ਹਾਂ ਨੂੰ ਦਿੱਤਾ ਵਿਚਾਰ ਤੁਸੀਂ।
ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਤਾਰ ਦਿੱਤਾ ਸੰਸਾਰ ਤੁਸੀਂ।
ਸੱਜਣ ਬਣ ਕੇ ਠੱਗ ਕਮਾਉਂਦਾ ਸੀ ਜਿਹੜਾ ਨਿੱਤ ਠੱਗੀਆਂ,
ਕੀਤਾ ਭੇਤ ਉਜਾਗਰ ਸੀ ਜਦ ਅੱਖਾਂ ਰਹਿ ਗਈਆਂ ਟੱਢੀਆਂ,
ਬਦਲ ਦਿੱਤਾ ਸੀ ਜੀਵਨ ਉਸ ਦਾ ਮੁੱਖ ਤੋਂ ਸ਼ਬਦ ਉਚਾਰ ਤੁਸੀਂ।
ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਤਾਰ ਦਿੱਤਾ ਸੰਸਾਰ ਤੁਸੀਂ।
ਭੂਮੀਏ ਵਰਗੇ ਚੋਰਾਂ ਦੀ ਸੀ ਭੂਮਿਕਾ ਤੁਸੀਂ ਪਹਿਚਾਣੀ,
ਤਿੰਨੇ ਬਚਨ ਕਮਾ ਕੇ ਬਣ ਗਿਆ ਸੀ ਉਹ ਨੇਕ ਪ੍ਰਾਣੀ,
ਸੱਚੇ ਮਾਰਗ ਪਾ ਕੇ ਉਸ ਨੂੰ ਦਿੱਤਾ ਜਨਮ ਸੰਵਾਰ ਤੁਸੀਂ।
ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਤਾਰ ਦਿੱਤਾ ਸੰਸਾਰ ਤੁਸੀਂ।
ਹਾਊਮੈਂ ਦਾ ਸ਼ਿਕਾਰ ਹੋ ਗਿਆ ਜਦ ਸੀ ਵਲੀ ਕੰਧਾਰੀ,
ਟੁੱਟਿਆ ਜਦੋਂ ਹੰਕਾਰ ਗਈ ਝੱਟ ਜਿੱਤੀ ਬਾਜ਼ੀ ਹਾਰੀ,
ਪੰਜਾ ਲਾ ਕੇ ਥੰਮ ਦਿੱਤੀ ਸੀ ਪੱਥਰ ਦੀ ਰਫ਼ਤਾਰ ਤੁਸੀਂ।
ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਤਾਰ ਦਿੱਤਾ ਸੰਸਾਰ ਤੁਸੀਂ।
ਰੁੱਖੀ ਮਿੱਸੀ ਖਾ ਲਾਲੋ ਦੀ ਉਸ ਦਾ ਮਾਣ ਵਧਾਇਆ,
ਭਾਗੋ ਦੇ ਭੋਜਨ ਦਾ ਭੋਰਾ ਮੂੰਹ ਦੇ ਵਿਚ ਨਾ ਪਾਇਆ,
ਰਿੰਨਿਆਂ ਰੱਤ ਗ਼ਰੀਬਾਂ ਦੀ ਨਾਲ ਕੀਤਾ ਨਾ ਸਵੀਕਾਰ ਤੁਸੀਂ।
ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਤਾਰ ਦਿੱਤਾ ਸੰਸਾਰ ਤੁਸੀਂ।
ਨੇਕ ਕਮਾਈ ਕਰਨ ਲਗਾ ਤੇ ਖ਼ੋਟੇ ਧੰਦਿਆਂ ਵਾਲੇ,
ਬੰਦੇ ਬਣਕੇ ਕਰਨ ਲੱਗੇ ਕਈ ਕੰਮ ਸੀ ਬੰਦਿਆਂ ਵਾਲੇ,
ਜਾ ਕੇ ਦੇਸ਼ ਵਿਦੇਸ਼ ਕੀਤਾ ਸੀ ਐਸਾ ਪ੍ਰਚਾਰ ਤੁਸੀਂ।
ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਤਾਰ ਦਿੱਤਾ ਸੰਸਾਰ ਤੁਸੀਂ।
ਦੱਸਿਆ ਸਗਲ ਸ੍ਰਿਸ਼ਟੀ ਦਾ ਹੈ ਇੱਕ ਹੀ ਸਿਰਜਣਹਾਰਾ,
ਉਸ ਦੀ ਬਖ਼ਸ਼ਿਸ ਬਿਨ ਨਾ ਹੋਵੈ ਕਿਸੇ ਦਾ ਪਾਰ ਉਤਾਰਾ,
ਪੱਤੇ ਪੱਤੇ ਵਿਚ ਸਮਝਾਇਆ ਉਸ ਦਾ ਹੀ ਪਸਾਰ ਤੁਸੀਂ।
ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਤਾਰ ਦਿੱਤਾ ਸੰਸਾਰ ਤੁਸੀਂ।
ਕਰਕੇ ਕਿਰਤ ਤੇ ਵੰਡ ਛੱਕਣ ਦਾ ਦਿੱਤਾ ਸੀ ਉਪਦੇਸ਼ ਤੁਸੀਂ,
ਨਿਰੰਕਾਰ ਦਾ ਨਾਮ ਜੱਪਣ ਲਈ ਆਖਿਆ ਸੀ ਹਮੇਸ਼ਾਂ ਤੁਸੀਂ,
'ਬੱਗਾ' ਕਹਿੰਦਾ ਜਾਤ ਪਾਤ ਦਾ ਦਿੱਤਾ ਮੇਟ ਖਿਲਾਰ ਤੁਸੀਂ।
ਧੰਨ ਧੰਨ ਧੰਨ ਗੁਰੂ ਨਾਨਕ ਸਾਹਿਬ ਜੀ ਤਾਰ ਦਿੱਤਾ ਸੰਸਾਰ ਤੁਸੀਂ।

# ਐ ਮਨਾਂ

–ਰਣਜੀਤ ਸਿੰਘ ਗਰੇਵਾਲ (ਆਸੀ ਕਲਾਂ) 99155–55844

ਬਾਹਰ ਸਦਾ ਈ ਤੱਕੇਂ ਤੂੰ, ਅੰਦਰ ਵੀ ਝਾਤੀ ਮਾਰ ਮਨਾਂ !
ਸਦਾ ਸਲਾਹੇਂ ਕੀਤੇ ਪੁੰਨ, ਲੈ ਪਾਪ ਵੀ ਕਦੇ ਨਿਹਾਰ ਮਨਾ !
ਨਾ ਪਾ ਜੱਫ਼ੇ ਮਾਇਆ ਨੂੰ, ਤੂੰ ਛੱਡ ਮਹਿਲਾਂ ਦੀਆਂ ਮੇਰਾਂ ਨੂੰ,
ਇਹ ਕੁੱਝ ਵੀ ਤੇਰਾ ਨਿੱਜੀ ਨਾ, ਹੈ ਜੋ ਵੀ, ਸਭ ਉਧਾਰ ਮਨਾ।
ਇਹ ਦੁੱਖਾਂ ਤਾਈਂ ਜੰਮਦੇ ਨੇ, ਇਹ ਮਾਰ ਜਮਾਂ ਦੀ ਬਣਦੇ ਨੇ,
ਤੂੰ ਪਾ ਕੇ ਸੁੱਖ ਘਨੇਰੇ ਇਹ, ਇਉਂ ਫਿਰ ਨਾ ਪੱਬਾਂ ਭਾਰ ਮਨਾ।
ਤੂੰ ਰੁੱਝਕੇ ਖੇਡ ਕੁਟੰਬ ਦੀ ਵਿੱਚ, ਹੈ ਅੱਠੇ ਪਹਿਰ ਗੁਜ਼ਾਰ ਰਿਹੈ,
ਇਹ ਦਾਤਾਂ ਬਖਸ਼ਣ ਵਾਲੇ ਦੇ ਵੀ, ਨਾ ਲੇਖੇ ਪਲ ਚਾਰ ਮਨਾ।
ਹਰ ਚੰਚਲ ਸ਼ੈਅ ਇਸ ਜੱਗ ਦੀ ਨੂੰ, ਛੱਡ ਤਾਂਘ ਪਰੇ ਵਸ ਕਰਨੇ ਦੀ,
ਜੇ ਭਲਾ ਲੋਚਦੈਂ ਚੋਖਾ ਤੂੰ, ਕਰ ਖੁਦ ਉੱਤੇ ਇਖਤਿਆਰ ਮਨਾ।
ਪਾ ਕੱਪੜੇ ਸੱਚ–ਸੂਤ ਦੇ ਤੂੰ ਤੇ ਰਿਜ਼ਕ ਬਣਾ ਸੰਤੋਖ ਸਦਾ।
ਪਾ ਝੁੱਗੀ ਰੱਬ ਦੇ ਭਾਣੇ ਦੀ, ਵਿੱਚ ਰਹਿ ਕੇ ਵਕਤ ਗੁਜ਼ਾਰ ਮਨਾ।
ਤੂੰ ਰੱਖ ਭਰੋਸਾ ਰੱਬ ਉਤੇ, ਨਾ ਬੰਦੇ 'ਤੇ ਕੋਈ ਆਸ ਧਰੀਂ,
ਝੂਠੇ ਨੇ ਸਭ 'ਰਣਜੀਤ' ਜਿਹੇ ਹੈ ਝੂਠਾ ਸਭ ਸੰਸਾਰ ਮਨਾ।

# ਮੈਂ ਕਿਉਂ ਮਾਣ ਕਰਾਂ?

ਡਾ. ਦਲਵਿੰਦਰ ਸਿੰਘ ਗ੍ਰੇਵਾਲ
ਪ੍ਰੋਫੈਸਰ ਅਮੈਰੀਟਸ ਦੇਸ਼ ਭਗਤ ਯੂਨੀਵਰਸਿਟੀ

ਰੈਣ ਬਸੇਰਾ, ਜੋ ਨਾ ਮੇਰਾ, ਮੈਂ ਕਿਉਂ ਮਾਣ ਕਰਾਂ।
ਖੁਸਦੀ ਹੱਥੋਂ, ਵਸਤ ਪੁਰਾਣੀ, ਕਿਉਂ ਇਉਂ ਰੋਜ਼ ਡਰਾਂ।
ਮੈਂ ਅਣਜਾਣਾ, ਖੁਦ ਨਾ ਜਾਣਾ, ਬਣਦਾ ਫਿਰਾਂ ਸਿਆਣਾ,
ਹਰ ਪਲ ਬਦਲੇ, ਸਭ ਜੱਗ ਚੱਲੇ, ਗਾਵਾਂ ਰਾਗ ਪੁਰਾਣਾ।
ਲਾਇਆ ਡੇਰਾ, ਚੜ੍ਹੇ ਸਵੇਰਾ, ਕਿਉਂ ਨਾ ਅਗਾਂਹ ਤੁਰਾਂ।
ਰੈਣ ਬਸੇਰਾ, ਜੋ ਨਾ ਮੇਰਾ, ਮੈਂ ਕਿਉਂ ਮਾਣ ਕਰਾਂ।
ਰੱਬ ਦੀ ਮਾਇਆ, ਜੋ ਉਲਝਾਇਆ, ਜੱਗ ਨੂੰ ਫਿਰੇ ਭੁਆਈ।
ਸੋਚਾਂ ਜੱਗ ਦੀ, ਖੋਜ ਨਾਂ ਖੁਦ ਦੀ, ਫਿਰਦਾਂ ਹੋਸ਼ ਭੁਲਾਈ।
ਰੱਬ ਰਤਨਾਗਰ, ਜਗ ਭਵ ਸਾਗਰ, ਨਾਮ ਲਏ ਤਾਂ ਤਰਾਂ।
ਰੈਣ ਬਸੇਰਾ, ਜੋ ਨਾ ਮੇਰਾ, ਮੈਂ ਕਿਉਂ ਮਾਣ ਕਰਾਂ।
ਯਾਦ ਉਸੇ ਦੀ, ਰਸਤਾ ਦਿੰਦੀ, ਉਸ ਨੂੰ ਕਿਉਂ ਵਿਸਾਰਾਂ।
ਹੁਕਮ ਵਜਾਵਾਂ, ਉਸ ਨੂੰ ਗਾਵਾਂ, ਯਾਦ 'ਚ ਵਕਤ ਗੁਜ਼ਾਰਾਂ।
ਧੁਰ ਦਿਲ ਅੰਦਰ, ਉਸ ਦਾ ਮੰਦਿਰ, ਉਸ ਵਿੱਚ ਨਾਮ ਭਰਾਂ।
ਰੈਣ ਬਸੇਰਾ, ਜੋ ਨਾ ਮੇਰਾ, ਮੈਂ ਕਿਉਂ ਮਾਣ ਕਰਾਂ।

–0–

ਲੜੀ ਜੋੜਨ ਲਈ ਸਤੰਬਰ 2023 ਅੰਕ ਵੇਖੋ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਸ਼ਬਦ-ਗੁਰੂ' ਸਿਧਾਂਤ ਤੇ ਪਰੰਪਰਾ

ਗਿ: ਜਗਤਾਰ ਸਿੰਘ ਜਾਚਕ

**'ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਪੁਸਤਕ ਵਿਚੋਂ**

ਸੰਸਾਰ ਭਰ ਦੇ ਧਰਮ-ਗ੍ਰੰਥਾਂ ਤੇ ਹੋਰ ਦਾਰਸ਼ਨਿਕ ਤੇ ਸਾਹਿਤਕ ਪੁਸਤਕਾਂ ਵਿਚ ਇਸ ਸੱਚ ਨੂੰ ਪ੍ਰਵਾਨ ਕੀਤਾ ਗਿਆ ਹੈ ਕਿ ਹਰੇਕ ਮਨੁੱਖ ਲਈ ਆਪਣੀਆਂ ਮਨੋਭਾਵਨਾਵਾਂ ਪ੍ਰਗਟਾਉਣ ਅਤੇ ਹਰ ਕਿਸਮ ਦੇ ਗਿਆਨ ਪ੍ਰਾਪਤੀ ਦਾ ਪ੍ਰਮੁੱਖ ਸਾਧਨ 'ਸ਼ਬਦ' ਹੈ, ਜਿਸ ਨੂੰ ਮੋਟੇ ਤੌਰ 'ਤੇ ਦੋ ਭਾਗਾਂ ਵਿਚ ਵੰਡ ਕੇ ਵੀਚਾਰਿਆ ਜਾ ਸਕਦਾ ਹੈ। ਇਕ ਹਨ ਉਹ 'ਸਾਧਾਰਨ ਸ਼ਬਦ', ਜਿਹੜੇ ਸੰਸਾਰਕ ਪੱਧਰ 'ਤੇ ਆਮ ਬੋਲਚਾਲ ਵਿਚ ਅਤੇ ਹੋਰ ਦੁਨਿਆਵੀ ਗਿਆਨ ਸਮਝਣ ਸਮਝਾਉਣ ਲਈ ਆਮ ਪੁਸਤਕਾਂ ਵਿਚ ਵਰਤੇ ਜਾਂਦੇ ਹਨ। ਇਕ ਹਨ ਉਹ 'ਦੈਵੀ ਸ਼ਬਦ', ਜਿਹੜੇ ਵੱਖ-ਵੱਖ ਮਜ਼ਹਬਾਂ ਦੇ ਰਹਿਬਰਾਂ ਜਾਂ ਉਨ੍ਹਾਂ ਦੇ ਅਨੁਆਈਆਂ ਦੁਆਰਾ ਕਥਿਤ ਧਰਮ-ਗ੍ਰੰਥਾਂ ਵਿਚ ਅੰਕਤ ਕੀਤੇ ਹੋਏ ਹਨ। ਇਹ ਇਕ ਵੱਖਰੀ ਗੱਲ ਹੈ ਕਿ ਇਲਾਕਾਈ, ਮਜ਼ਹਬੀ ਤੇ ਭਾਸ਼ਾਈ ਵਖਰੇਵੇਂ ਕਾਰਨ ਉਪਰੋਕਤ ਸੱਚ ਨੂੰ ਵੱਖ-ਵੱਖ ਨਾਵਾਂ ਨਾਲ ਸਵੀਕਾਰ ਕੀਤਾ ਗਿਆ।

ਜਿਵੇਂ ਪੂਰਬੀ ਤੇ ਪੱਛਮੀ ਦਰਸ਼ਨ ਵਿਚ ਸਾਧਾਰਨ ਸ਼ਬਦਾਂ ਨੂੰ ਜਿਥੇ ਨਾਦ, ਧੁਨੀ, ਬਚਨ, ਸਵਰ, ਸ਼ਬਦ, ਕਥਨ, ਉਕਤ ਅਤੇ ਵਰ ਲਫ਼ਜ਼, ਅਵਾਜ਼, ਕਲਾਮ, ਬਿਆਨ ਤੇ ਗੁਫ਼ਤਗੂ ਆਦਿਕ ਆਖਿਆ ਜਾਂਦਾ ਹੈ; ਉਥੇ ਵੈਦਿਕ ਦਰਸ਼ਨ ਨਾਲ ਸੰਬੰਧਿਤ ਸੰਸਕ੍ਰਿਤ ਸਾਹਿਤ ਵਿਚ ਦੈਵੀ ਸ਼ਬਦਾਂ ਨੂੰ 'ਉਦਗੀਥ', 'ਪ੍ਰਣਵ' ਤੇ ਓਮ ਤੇ ਯੋਗੀਆਂ ਨੇ ਅਨਹਦ-ਨਾਦ। ਯਹੂਦੀਆਂ ਨੇ 'ਖ਼ੁਦਾ ਦਾ ਨੀਯਮ', ਈਸਾਈਆਂ ਨੇ 'ਵਰਡ' (ੳਰਦ) ਅਤੇ ਮੁਸਲਮਾਨਾਂ ਨੇ 'ਕਲਮਾ', 'ਬਾਂਗਿ ਸੁਲਤਾਨੀ', 'ਕਲਾਮਿ ਇਲਾਹੀ' ਤੇ 'ਇਸਮੇਆਜ਼ਮ'। ਇਨ੍ਹਾਂ ਦੇ ਹੀ ਪ੍ਰਾਇਵਾਚੀ ਨਾਮ ਹਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਖੇ ਅੰਕਤ 'ਧੁਰ ਕੀ ਬਾਣੀ', ਖਸਮ ਕੀ ਬਾਣੀ, ਸਚ ਕੀ ਬਾਣੀ, ਗੁਰਬਾਣੀ ਤੇ 'ਬਾਣੀ ਭਗਤਾਂ ਕੀ' ਆਦਿਕ ਵਿਸ਼ੇਸ਼ਣ, ਜਿਹੜੇ ਹੇਠ ਲਿਖੇ ਗੁਰਵਾਕਾਂ ਵਿਚ ਵਰਤੇ ਮਿਲਦੇ ਹਨ :

**ਧੁਰ ਕੀ ਬਾਣੀ ਆਈ॥ (628)**
**ਸਚ ਕੀ ਬਾਣੀ ਨਾਨਕੁ ਆਖੈ...... ॥ (723)**
**ਜੈਸੀ ਮੈ ਆਵੈ ਖਸਮ ਕੀ ਬਾਣੀ...... ॥ (722)**

ਵੈਦਿਕ ਦਰਸ਼ਨ ਦੀ ਸਤਪੱਥ ਬ੍ਰਾਹਮਣ ਪੁਸਤਕ ਮੰਨਦੀ ਹੈ—'ਵਾਕ ਏਵ ਬ੍ਰਹਮ', ਭਾਵ, ਸ਼ਬਦ ਹੀ ਬ੍ਰਹਮ ਹੈ। ਕਿਉਂਕਿ ਰਿਗ ਵੇਦ ਦੇ ਸੂਤ੍ਰ (1,164-10) ਵਿਚ ਸ਼ਬਦ-ਬ੍ਰਹਮ ਦਾ ਵਰਣਨ ਮਿਲਦਾ ਹੈ। ਮਾਂਡੂਕਜ਼ ਉਪਨਿਸ਼ਦ ਤੇ ਕੰਠੋਪਨਿਸ਼ਦ 1, 2-16) ਵਿਚ ਇਨ੍ਹਾਂ ਦੇ ਅੱਖਰਾਂ ਨੂੰ ਹੀ ਬ੍ਰਹਮ ਦੀ ਪਦਵੀ ਦਿੱਤੀ ਗਈ ਹੈ। ਗੀਤਾ (6-44) ਵਿਚ ਵੀ 'ਸ਼ਬਦ' ਦੀ ਵਰਤੋਂ ਬ੍ਰਹਮ ਦੇ ਅਰਥਾਂ ਵਿਚ ਕੀਤੀ ਮਿਲਦੀ ਹੈ। ਮੁੰਡਨ ਉਪਨਿਸ਼ਦ ਵਿਚ 'ਸ਼ਬਦ' ਗਿਆਨ ਦੇ ਪ੍ਰਤੀਕ ਜੋਤਿ ਵਿਚ ਬਦਲ ਜਾਂਦਾ ਹੈ। ਜਿਵੇਂ 'ਉਹ ਨਿਰਮਲ ਹੈ, ਸਭ ਜੋਤਾਂ ਦੀ ਜੋਤ, ਇਹ ਅਨੁਭਵ ਕਰਦੇ ਹਨ ਆਤਮ-ਗਿਆਨੀ। ਉਥੇ ਨਾ ਸੂਰਜ ਚਮਕਦਾ ਹੈ ਨਾ ਚੰਦ੍ਰਮਾ ਅਤੇ ਨਾ ਤਾਰੇ। ਇਹ ਜੋਤਿ ਕਿਥੋਂ ਆਈ? ਇਸ ਜੋਤ ਤੋਂ ਰੌਸ਼ਨੀ ਮਿਲਦੀ ਹੈ। ਉਸ ਦੀ ਜੋਤਿ ਸੰਸਾਰ ਨੂੰ ਰੋਸ਼ਨ ਕਰ ਦਿੰਦੀ ਹੈ'। (22,10-11 ) ਪਰ ਇਉਂ ਪ੍ਰਤੀਤ ਹੁੰਦਾ ਹੈ ਕਿ ਪੌਰਾਣਿਕ ਯੁੱਗ ਤੱਕ ਪਹੁੰਚਦਿਆਂ ਇਹ 'ਸਬਦ-ਬ੍ਰਹਮ' ਦਾ ਜੋਤਿ-ਸਰੂਪੀ ਸਿਧਾਂਤ ਪਹਿਲਾਂ ਦੇਵ-ਵਾਦ ਤੇ ਫਿਰ ਅਵਤਾਰ-ਵਾਦ ਦੇ ਵਿਅਕਤਵ ਸਰੂਪ ਵਿਚ ਬਦਲ ਕੇ ਗੁੰਮ ਹੋ ਜਾਂਦਾ ਹੈ। ਕਿਉਂਕਿ ਉਥੇ ਤਾਂ ਇਕੱਲੇ ਕ੍ਰਿਸ਼ਨ (ਵਿਸ਼ਨੂੰ) ਭਗਵਾਨ ਦੇ ਚੌਵੀ ਅਵਤਾਰ ਮੰਨੇ ਹੋਏ ਹਨ, ਜਿਹੜੇ ਲੋਕਾਈ ਨੂੰ ਨਿਰੰਕਾਰੀ ਸ਼ਬਦ-ਬ੍ਰਹਮ ਨਾਲ ਜੋੜਨ ਦੀ ਥਾਂ ਆਪਣੇ ਆਪ ਨੂੰ ਸਰਬੋਤਮ ਦਰਸਾਉਣ ਲਈ ਆਪਣਾ ਆਪਣਾ ਨਾਮ ਜਪਾਉਂਦੇ ਰਹੇ। ਬਾਕੀ ਦੇ ਭਗਵਾਨਾਂ ਦੀ ਗੱਲ ਤਾਂ ਛੱਡੋ। ਸ਼ਾਇਦ ਇਹੀ ਕਾਰਨ ਸੀ ਕਿ ਮਾਨਵ-ਦਰਦੀ ਗੁਰੂ ਨਾਨਕ ਸਾਹਿਬ ਜੀ ਨੂੰ ਆਪਣੇ ਤੀਸਰੇ ਜਾਮੇ ਵਿਚ ਲਿਖਣਾ ਪਿਆ :

**ਕਿਸਨੁ ਸਦਾ ਅਵਤਾਰੀ ਰੂਧਾ ਕਿਤੁ ਲਗਿ ਤਰੈ ਸੰਸਾਰਾ॥ (559)**

ਈਸਾਈ ਮਤ ਦੀ ਬਾਈਬਲ ਕਹਿੰਦੀ ਹੈ : "ਆਦਿ ਵਿਚ ਸ਼ਬਦ ਸੀ, ਪਰ ਸ਼ਬਦ ਪਰਮੇਸ਼ਰ ਦੇ ਸੰਗ ਸੀ। ਸਭ ਕੁਝ ਉਸ ਤੋਂ ਰਚਿਆ ਗਿਆ ਅਤੇ ਰਚਨਾ ਵਿਚ ਇਕ ਵਸਤੂ ਵੀ ਉਸ ਤੋਂ ਬਿਨਾਂ ਨਹੀਂ ਰਚੀ ਗਈ। ਉਸ ਵਿਚ ਜੀਵਨ ਸੀ ਤੇ ਉਹ ਜੀਵਨ ਇਨਸਾਨ ਦਾ ਚਾਨਣ ਸੀ। ਉਹ ਚਾਨਣ ਹਨੇਰੇ ਵਿਚ ਚਮਕਦਾ ਸੀ ਪਰ ਹਨੇਰੇ ਨੇ ਉਸ ਨੂੰ ਨਾ ਬੁਝਾਇਆ।" (ਬਾਈਬਲ, ਸੇਂਟ ਜੌਨ੍ਹ ਗਾਸਪਾਲ, ਪੰਜਾਬੀ ਐਡੀਸ਼ਨ, ਪੰਨਾ 116) ਪਰ ਇਹ ਵੀ ਮੰਨਦੀ ਹੈ ਕਿ ਸੰਸਾਰ ਦੇ ਅਗਿਆਨਮਈ ਹਨੇਰੇ ਨੂੰ ਦੂਰ ਕਰਨ ਲਈ 'ਸ਼ਬਦ' ਦੇਹਧਾਰੀ ਵੀ ਹੁੰਦਾ ਹੈ। ਜਿਵੇਂ ਹਜ਼ਰਤ ਈਸਾ ਨੂੰ ਸ਼ਬਦ-ਰੂਪ ਪਰਮ ਹਸਤੀ ਦਾ ਮਾਨਵੀ-ਸਰੂਪ ਦਰਸਾਉਂਦਾ ਹੋਇਆ ਬਾਈਬਲ ਵਾਕ ਹੈ : "ਸ਼ਬਦ ਦੇਹ ਧਾਰੀ ਹੋਇਆ ਤੇ ਸਾਡੇ ਵਿਚਕਾਰ ਰਿਹਾ।"

ਅੰਜੀਲ ਵਿਚ ਸੰਤ ਜਾਨ੍ਹ ਤਾਂ ਗੀਤਾ ਵਾਲੇ ਸ੍ਰੀ ਕ੍ਰਿਸ਼ਨ ਵਾਂਗੂੰ ਹਜ਼ਰਤ ਸਾਹਿਬ ਦੇ ਮੂੰਹੋਂ ਹੀ ਅਖਵਾਉਂਦਾ ਹੈ ਕਿ "ਮੈਂ ਸੰਸਾਰ ਦਾ ਨੂਰ ਹਾਂ। ਜੋ ਮੇਰੇ ਕਦਮਾਂ ਉਪਰ ਚੱਲਦਾ ਹੈ, ਉਹ ਅੰਧਕਾਰ ਵਿਚ ਨਹੀਂ ਤੁਰਦਾ।" (ਪੰਨਾ 8, 12) ਅਸਲ ਵਿਚ ਇਹੀ ਕਾਰਨ ਸੀ ਕਿ ਈਸਾਈ ਪ੍ਰਚਾਰਕਾਂ ਨੇ ਪਹਿਲਾਂ ਤਾਂ ਪੌਰਾਣਿਕ ਅਵਤਾਰਾਂ ਵਾਂਗ ਕੁਦਰਤੀ ਨਿਯਮਾਂ ਦੇ ਵਿਪਰੀਤ ਈਸਾ ਜੀ ਨੂੰ ਕੁਆਰੀ ਮਰੀਅਮ ਦੀ ਕੁੱਖੋਂ ਜਨਮਾਇਆ ਤੇ ਫਿਰ ਸਲੀਬ ਉੱਤੇ ਸ਼ਹਾਦਤ ਪਾਉਣ ਉਪਰੰਤ ਤੀਜੇ ਦਿਨ ਕਬਰ ਤੋਂ ਬਾਹਰ ਚੇਲਿਆਂ ਨੂੰ ਮਿਲ ਕੇ ਸਰੀਰ ਸਮੇਤ ਅਕਾਸ਼ ਉਪਰ ਜਾਂਦਾ ਦਰਸਾਇਆ। ਭਾਵੇਂ ਕਿ ਹੁਣ ਪੁਸਤਕਾਂ ਵਿਚ ਉਨ੍ਹਾਂ ਦੇ ਬਾਪ ਦੀ ਚਰਚਾ ਕੀਤੀ ਜਾਂਦੀ ਹੈ ਅਤੇ ਮੂਰਤੀਆਂ ਵਿੱਚ ਵੀ ਵਿਖਾਇਆ ਜਾਂਦਾ ਹੈ।

'ਤੌਰੇਤ' ਤੇ 'ਕੁਰਾਨ ਮਜੀਦ' ਵਿਚ ਵੀ 'ਸ਼ਬਦ ਬ੍ਰਹਮ' ਨੂੰ ਅੱਲ੍ਹਾ ਦਾ ਨੂਰ ਦੱਸਿਆ ਗਿਆ ਹੈ। 'ਕੁਰਾਨ ਮਜੀਦ' ਦਾ ਬਚਨ ਹੈ: "ਅੱਲ੍ਹਾ ਧਰਤੀ ਤੇ ਗਗਨ ਦਾ ਨੂਰ ਹੈ। ਉਸ ਦਾ ਨੂਰ ਇੰਜ ਹੈ ਜਿਵੇਂ ਆਲ੍ਹੇ ਵਿਚ ਦੀਪਕ ਜਗਦਾ ਹੈ। ਇਹ ਦੀਵਾ ਇੰਜ ਚਮਕਦਾ ਹੈ ਜਿਵੇਂ ਸ਼ੀਸ਼ੇ ਵਿੱਚ ਲਿਸ਼ਕਾਂ ਮਾਰਦਾ ਹੋਵੇ। ਇਹ ਸਭ ਚਾਨਣਿਆਂ ਦਾ ਨੂਰ ਹੈ। ਰੱਬ ਆਪਣੀ ਰਜ਼ਾ ਅਨੁਸਾਰ ਉਸ ਨੂੰ ਇਹ ਨੂਰ ਪ੍ਰਗਟ ਕਰਦਾ ਹੈ, ਜਿਸ ਉੱਤੇ ਉਸ ਦੀ ਨਜ਼ਰ ਹੋਵੇ।" (ਤੀਜੀ ਆਇਤ-57ਵੀਂ ਸੂਰਤ) ਇਸਲਾਮ ਵਿਚ ਇਹ ਵੀ ਮੰਨਿਆ ਜਾਂਦਾ ਹੈ ਕਿ 'ਕਲਾਮਿ ਹੱਕ' ਨੂੰ ਇਲਹਾਮ ਦੇ ਰੂਪ ਵਿਚ ਸੁਣਿਆ ਜਾ ਸਕਦਾ ਹੈ। ਸੂਫ਼ੀ ਮਤ ਦੇ ਗ੍ਰੰਥਾਂ ਵਿਚ ਇਸ ਕਲਾਮਿ ਹੱਕ ਨੂੰ 'ਇਲਾਹੀ ਰਾਗ' ਤੇ 'ਆਦਿ ਰਾਗ' ਆਖਿਆ ਗਿਆ ਹੈ। ਸ਼ਾਹ ਨਿਜ਼ਾਮ ਨਾਂ ਦੇ ਸੂਫ਼ੀ ਫਕੀਰ ਦਾ ਕਥਨ ਹੈ :

ਹਮਹ ਆਲਮ ਪੁਰ ਅਸਤ ਆਵਾਜ਼॥
ਲੇਕ ਦਰ ਗਏ ਗੋਸ਼ ਕੁਨ ਬਾਜ਼॥
ਬਿਸ਼ਨਵੀ ਯੱਕ ਕਲਾਮਿ ਲਾ ਮਕਤੂਅ॥
ਅਜ ਹਦੂਸੋ ਫ਼ਨਾਹ ਬੁਵੱਦ ਮਰਫ਼ੂਅ॥

(ਅਰਥਾਤ, ਸਭ ਆਲਮ ਵਿਚ ਅਵਾਜ਼ ਗੂੰਜ ਰਹੀ ਹੈ। ਉਸ ਨੂੰ ਸੁਣਨ ਲਈ ਅੰਦਰਲੇ ਕੰਨਾਂ ਨੂੰ ਖੋਲ੍ਹ। ਤੂੰ ਲਗਾਤਾਰ ਇਕ ਸ਼ਬਦ ਨੂੰ ਸੁਣੇਗਾ, ਜਿਸ

ਕਰਕੇ ਸਭ ਹੱਦਾਂ ਤੇ ਫ਼ਨਾਹ ਦੀ ਹੱਦ ਤੋਂ ਪਰੇ ਹੋ ਜਾਵੇਗਾ।)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਸ਼ਬਦ ਦੀ ਮਹਿਮਾ ਤਾਂ ਸਿਖਰਾਂ 'ਤੇ ਪਹੁੰਚੀ ਹੈ। ਕਿਉਂਕਿ ਇਥੇ ਤਾਂ ਸੰਸਾਰ ਦੀ ਉਤਪਤੀ ਤੇ ਸਮਾਪਤੀ ਵੀ ਹੁਕਮ ਰੂਪੀ ਸ਼ਬਦ ਤੋਂ ਹੀ ਮੰਨੀ ਗਈ ਹੈ। ਗੁਰਵਾਕ ਹੈ : **ਉਤਪਤਿ ਪਰਲਉ ਸਬਦੇ ਹੋਵੈ॥ ਸਬਦੇ ਹੀ ਫਿਰਿ ਓਪਤਿ ਹੋਵੈ॥" (117)** ਸਪੱਸ਼ਟ ਹੈ ਕਿ ਗੁਰੂ ਨਾਨਕ ਦ੍ਰਿਸ਼ਟੀ ਵਿਚ 'ਸ਼ਬਦ' ਸ੍ਰਿਸ਼ਟੀ ਦਾ ਕਰਤਾ ਧਰਤਾ ਤੇ ਹਰਤਾ ਕਰਤਾ ਪੁਰਖੁ ਨਿਰੰਕਾਰ ਆਪ ਹੈ ਜਾਂ ਇਉਂ ਕਹੀਏ ਕਿ 'ਸ਼ਬਦ' ਸਿਰਜਣਹਾਰ ਨਿਰੰਕਾਰ ਤੋਂ ਵੱਖਰਾ ਨਹੀਂ ਹੈ। ਰਾਮਕਲੀ ਸਿਧ ਗੋਸਟਿ ਮੁਤਾਬਕ ਜਦੋਂ ਸਿੱਧਾਂ ਨੇ ਗੁਰੂ ਨਾਨਕ ਸਾਹਿਬ ਜੀ ਨੂੰ ਪੁੱਛਿਆ ਕਿ ਜਿਸ ਸ਼ਬਦ ਦੀ ਰਾਹੀਂ ਸੰਸਾਰ-ਸਮੁੰਦਰ ਤਰੀਦਾ ਹੈ, ਉਸ ਸ਼ਬਦ ਦਾ ਟਿਕਾਣਾ ਕਿਥੇ ਕਿਹਾ ਜਾ ਸਕਦਾ ਹੈ ? **'ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ॥' (944)** ਹਜ਼ੂਰ ਨੇ ਉੱਤਰ ਦਿੱਤਾ ਸੀ : **"ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ॥" (944)** ਅਰਥਾਤ ਉਸ 'ਸ਼ਬਦ ਦਾ ਨਿਵਾਸ ਇਕ-ਰਸ ਹਰੇਕ ਥਾਂ ਹੈ, 'ਸ਼ਬਦ' ਅਲੱਖ ਪ੍ਰਭੂ ਦਾ ਰੂਪ ਹੈ। ਮੈਂ ਜਿਧਰ ਵੇਖਦਾ ਹਾਂ, ਉਹ ਸ਼ਬਦ ਹੀ ਸ਼ਬਦ ਹੈ, ਭਾਵ, ਅਲੱਖ ਪ੍ਰਭੂ ਦਾ ਰੂਪ ਸ਼ਬਦ ਹਰ ਥਾਂ ਭਰਪੂਰ ਹੈ।

ਸਿਧ ਗੋਸਟਿ ਅਨੁਸਾਰ ਸਿੱਧ ਜੋਗੀਆਂ ਵਲੋਂ ਇਹ ਪੁੱਛੇ ਜਾਣ ਵੇਲੇ ਕਿ **"ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ" ? (942)** ਗੁਰਦੇਵ ਜੀ ਦਾ ਉੱਤਰ ਸੀ : **ਸਬਦੁ ਗੁਰੂ ਸੁਰਤਿ ਧੁਨਿ ਚੇਲਾ (943)** ਅਰਥਾਤ, ਸ਼ਬਦ ਮੇਰਾ ਗੁਰੂ ਹੈ ਅਤੇ ਮੇਰੀ ਸੁਰਤਿ ਦਾ ਟਿਕਾਉ, ਉਸ ਗੁਰੂ ਦਾ ਸਿੱਖ ਹੋਣਾ ਹੈ। ਭਾਈ ਕਾਨ੍ਹ ਸਿੰਘ ਨਾਭਾ ਹੁਰਾਂ ਨੇ ਗੁਰਸ਼ਬਦ ਰਤਨਾਕਰ (ਮਹਾਨ ਕੋਸ਼) ਵਿਚ 'ਸ਼ਬਦ' ਪਦ ਦੇ ਦਸ ਅਰਥ ਕੀਤੇ ਹਨ, ਜਿਨ੍ਹਾਂ 'ਚੋਂ **ਸਬਦੁ ਗੁਰੂ ਸੁਰਤਿ ਧੁਨਿ ਚੇਲਾ** ਦੀ ਪਾਵਨ ਤੁੱਕ ਨੂੰ ਪ੍ਰਮਾਣ ਵਜੋਂ ਵਰਤਦਿਆਂ ਇਕ ਅਰਥ ਕੀਤਾ ਹੈ। ਬ੍ਰਹਮ, ਕਰਤਾਰ। ਇਸ ਤੋਂ ਵੀ ਸਪਸ਼ਟ ਹੁੰਦਾ ਹੈ ਕਿ ਜਿਸ ਸ਼ਬਦ ਨੂੰ ਗੁਰੂ ਬਾਬਾ ਨਾਨਕ ਸਾਹਿਬ 'ਗੁਰੂ' ਦੱਸ ਰਹੇ ਹਨ, ਉਹ ਸ਼ਬਦ-ਬ੍ਰਹਮ ਹੈ, ਭਾਵ, ਕਰਤਾਪੁਰਖ ਨਿਰੰਕਾਰ ਆਪ ਹੈ। ਇਸ ਸ਼ਬਦ-ਬ੍ਰਹਮ ਦਾ ਹੀ ਪ੍ਰਤੀਪਾਦਨ ਕੀਤਾ ਗਿਆ। ਗੁਰਮਤਿ ਵੀਚਾਰਧਾਰਾ ਤੇ ਸਿੱਖੀ ਦੀ ਆਧਾਰਸ਼ਿਲਾ ਮੰਨੇ ਜਾਂਦੇ 'ੴ ਤੋਂ ਗੁਰਪ੍ਰਸਾਦਿ' ਤਕ ਦੇ ਆਦਿ-ਮੰਗਲਾਚਰਨ ਵਿੱਚ, ਜਿਥੇ ਇਸ ਨਿਰੰਕਾਰੀ ਸੱਤਾ ਨੂੰ ਕਰਤਾ ਪੁਰਖੁ, ਅਕਾਲ ਮੂਰਤਿ ਤੇ ਅਜੂਨੀ ਦੱਸਿਆ ਗਿਆ ਹੈ।

ਗੁਰਬਾਣੀ ਦਾ ਹੇਠ ਲਿਖਿਆ ਸਰਲ ਗੁਰਵਾਕ ਤਾਂ ਕਿਸੇ ਕਿਸਮ ਦਾ ਭੁਲੇਖਾ ਹੀ ਨਹੀਂ ਰਹਿਣ ਦਿੰਦਾ ਕਿ ਗੁਰੂ ਨਾਨਕ ਜੋਤਿ-ਸਰੂਪ ਸਾਰੇ ਗੁਰੂ ਸਾਹਿਬਾਨ ਮੂਲ ਰੂਪ ਵਿਚ ਆਪਣਾ ਗੁਰੂ ਸ਼ਬਦ-ਬ੍ਰਹਮ ਅਕਾਲ ਪੁਰਖ ਨੂੰ ਹੀ ਮੰਨਦੇ ਸਨ, ਕਿਸੇ ਨਾਸ਼ਵੰਤ ਹਸਤੀ ਨੂੰ ਨਹੀਂ :

**ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨ ਜਾਇ ॥**
**ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥ (759)**

ਗੁਰੂ ਨਾਨਕ ਸਾਹਿਬ ਜੀ ਮਹਾਰਾਜ ਪੂਰਬੀ ਤੇ ਪੱਛਮੀ ਦਰਸ਼ਨ ਵਾਂਗ ਸ਼ਬਦ-ਬ੍ਰਹਮ ਨੂੰ ਜੋਤਿ-ਸਰੂਪ ਵੀ ਮੰਨਦੇ ਹਨ ਅਤੇ ਇਹ ਵੀ ਕਹਿੰਦੇ ਹਨ ਕਿ ਉਹ ਜਗਤ ਦਾ ਚਾਨਣ (ਨੂਰ) ਹੈ ਜਾਂ ਜੋਤਾਂ ਦੀ ਜੋਤਿ ਹੈ। ਵਾਧਾ ਇਹ ਹੈ ਕਿ ਇਕ ਤਾਂ ਸਤਿਗੁਰੂ ਜੀ ਰੱਬੀ-ਜੋਤਿ ਨੂੰ ਸਰਬ-ਵਿਆਪਕ ਮੰਨਦੇ ਹਨ; ਦੂਜਾ ਇਹ ਵੀ ਦੱਸਦੇ ਹਨ ਕਿ ਗੁਰੂ ਉਪਦੇਸ਼ ਸਦਕਾ ਸਾਧਕ ਸਿੱਖ ਅੰਦਰ ਰੱਬੀ-ਜੋਤਿ ਪ੍ਰਗਟ ਵੀ ਹੋ ਜਾਂਦੀ ਹੈ। ਇਹ ਵੀ ਸਪੱਸ਼ਟ ਕੀਤਾ ਹੈ ਕਿ ਜੋਤਿ ਦਾ ਪ੍ਰਗਟਾਵਾ ਹੁੰਦਾ ਹੈ ਦੈਵੀ-ਗੁਣਾਂ ਦੇ ਰੂਪ ਵਿੱਚ, ਭਾਵ, ਜਿਸ ਗੁਰਸਿੱਖ ਅੰਦਰ ਰੱਬੀ-ਜੋਤਿ ਪ੍ਰਗਟ ਹੁੰਦੀ ਹੈ, ਔਗੁਣ ਉਸ ਦੇ ਦੂਰ ਹੋ ਜਾਂਦੇ ਹਨ ਅਤੇ ਰੱਬੀ-ਗੁਣ ਉਸ ਦੇ ਸ਼ਖ਼ਸੀ-ਵਿਹਾਰ ਵਿਚੋਂ ਝਲਕਣ ਲੱਗਦੇ ਹਨ। ਜਿਵੇਂ ਗੁਰਵਾਕ ਹਨ :

**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**
**ਗੁਰ ਸਾਖੀ ਜੋਤਿ ਪਰਗਟੁ ਹੋਇ ॥ (13)**

**ਸੋ ਸਹੁ ਚਿਤਿ ਆਇਆ**
**ਮੰਨਿ ਵਸਾਇਆ ਅਵਗਣ ਸਭਿ ਵਿਸਾਰੇ॥**
**ਜਾ ਤਿਸੁ ਭਾਣਾ ਗੁਣ ਪਰਗਟ ਹੋਏ ਸਤਿਗੁਰ ਆਪਿ ਸਵਾਰੇ॥**
**(441)**

ਸ਼ਬਦ-ਬ੍ਰਹਮ ਦੀ ਪਰੰਪਰਾ ਪੱਖੋਂ ਗੁਰਮਤਿ ਦੀ ਖ਼ਾਸ ਵਿਸ਼ਸ਼ੇਤਾ ਇਹ ਹੈ ਕਿ ਹਿੰਦੂ-ਮਤ ਤੇ ਈਸਾਈ-ਮਤ ਵਾਂਗ ਇਥੇ 'ਸ਼ਬਦ-ਬ੍ਰਹਮ' ਕਿਸੇ ਅਵਤਾਰ ਜਾਂ ਪੈਗ਼ੰਬਰ ਦੇ ਰੂਪ ਵਿਚ ਦੇਹਧਾਰੀ ਨਹੀਂ ਹੁੰਦਾ, ਕਿਉਂਕਿ ਗੁਰੂ ਨਾਨਕ ਦ੍ਰਿਸ਼ਟੀ ਵਿਚ ਬ੍ਰਹਮ ਕੇਵਲ ਅਜੂਨੀ ਮੰਨਿਆ ਹੀ ਨਹੀਂ, ਸਗੋਂ ਤਾੜਨਾ ਭਰੇ ਸ਼ਬਦਾਂ ਦੁਆਰਾ ਆਖਿਆ ਗਿਆ ਹੈ ਕਿ ਉਹ ਮੂੰਹ ਸੜ ਜਾਏ, ਜਿਹੜਾ ਕਹਿੰਦਾ ਹੈ ਕਿ ਰੱਬ ਆਮ ਜੀਵਾਂ ਵਾਂਗ ਜੋਨੀਆਂ ਧਾਰਨ ਕਰਦਾ ਹੈ। "ਅ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥ (ਪੰਨਾ 1136) ਹਾਂ, "ਗੁਰ ਕਾ ਸ਼ਬਦ, ਚਾਰ ਪੈ ਟਿਕੈ; ਹੋਰ ਥੈ ਪਰਗਟੁ ਨ ਹੋਇ॥" (ਪੰਨਾ 1249) ਗਰਵਾਲ ਦੀ ਰੌਸ਼ਨੀ ਵਿੱਚ ਇਹ ਮੰਨਿਆ ਹੈ ਕਿ ਧਰਤੀ 'ਤੇ ਮੌਜੂਦ ਗੁਰ ਅਵਸਥਾ ਨੂੰ ਪ੍ਰਾਪਤ ਕੋਈ ਐਸਾ ਰੱਬ-ਰੂਪ ਵਿਅਕਤੀ, ਜਿਹੜਾ ਸਰਬ ਵਿਆਪਕ ਤੂੰ ਜੋਤਿ ਸਰੂਪ ਸ਼ਬਦ ਬ੍ਰਹਮ ਦੀ ਮਿਹਰ ਦਾ ਪਾਤਰ ਬਣ ਕੇ ਉਸ ਨਾਲ ਗੁਣਾਤਮਿਕ ਸਾਂਝ ਪਾ ਕੇ ਜੀਉਂਦਾ ਹੈ, ਜਿਸ ਨੂੰ ਗੁਰਬਾਣੀ ਵਿਚ ਇਉਂ ਪ੍ਰੀਭਾਸ਼ਤ ਕੀਤਾ ਗਿਆ ਹੈ "ਸਤਿ ਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸ ਕਾ ਨਾਉ॥" (ਪੰਨਾ 286)। ਅਜਿਹਾ ਗੁਰੂ ਵਿਅਕਤੀ ਸ਼ਬਦ ਬ੍ਰਹਮ ਨੂੰ ਬਾਣੀ ਰੂਪ ਵਿਚ ਪ੍ਰਗਟ ਕਰ ਕੇ ਆਪ ਬਣਾਉਂਦਾ ਹੈ। ਗੁਰਵਾਕ ਹੈ : "ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥" (ਪੰਨਾ 466)। ਭੱਟ ਜਨਾਂ ਨੇ ਵੀ ਗਵਾਹੀ ਭਰੀ ਹੈ ਕਿ ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਜੀਵਨ ਵਿਚ ਹਰੀ-ਪ੍ਰਭੂ ਨੂੰ ਆਪਣੀ ਰਸਨਾ ਤੋਂ ਵਸਾਇਆ ਤੇ 'ਧੁਰ ਕੀ ਬਾਣੀ ਉਚਾਰ ਕੇ 'ਸ਼ਬਦ ਗੁਰੂ' ਨੂੰ ਪ੍ਰਗਟਾਇਆ :

**ਸਬਦੁ ਗੁਰੂ ਪਰਕਾਸਿਓ, ਹਰਿ ਰਸਨ ਬਸਾਯਉ॥**
**ਸਵਈਏ ਮਹਲਾ ਪੰਜਵੇ ਕੇ, ਪੰਨਾ 1107)**

ਇਸ ਪ੍ਰਕਾਰ 'ਸ਼ਬਦ-ਬ੍ਰਹਮ' ਗੁਰੂ ਦ੍ਰਿਸ਼ਟੀ ਵਿਚ 'ਧੁਰ ਕੀ ਬਾਣੀ', 'ਸਚ ਕੀ ਬਾਣੀ ਤੇ 'ਖਸਮ ਕੀ ਬਾਣੀ' ਅਖਵਾਉਂਦਾ ਹੈ ਅਤੇ ਸਾਧਕ ਸਿੱਖ ਸੇਵਕਾਂ ਦੀ ਦ੍ਰਿਸ਼ਟੀ ਵਿਚ 'ਗੁਰਬਾਣੀ', 'ਗੁਰ ਕਾ ਸ਼ਬਦ ਤੇ 'ਗੁਰ ਕਾ ਬਚਨ' ਬਣ ਜਾਂਦਾ ਹੈ। ਇਸੇ ਲਈ "ਗੁਰ ਬਚਨੀ ਸਚੁ ਸਬਦਿ ਪਛਾਤਾ॥ (ਪੰਨਾ 154) ਗੁਰਵਾਕ ਦੁਆਰਾ ਇਹ ਸੱਚ ਵੀ ਮੰਨਿਆ ਗਿਆ ਹੈ ਕਿ ਗੁਰ ਬਚਨਾਂ ਤੋਂ ਹੀ 'ਸਚੁ ਸਬਦ' ਅਥਵਾ ਸ਼ਬਦ- ਬ੍ਰਹਮ ਦੀ ਪਛਾਣ ਹੁੰਦੀ ਹੈ। ਗੁਰਮੁਖਿ ਬਾਣੀ ਬ੍ਰਹਮੁ ਹੈ, ਸਬਦਿ ਮਿਲਾਵਾ ਹੋਇ ॥" (ਪੰਨਾ 39) ਤੋਂ ਇਹ ਵੀ ਨਿਰਣੈ ਹੁੰਦਾ ਹੈ ਕਿ ਗੁਰੂ ਦਾ ਸ਼ਬਦ ਹੀ ਰੱਬੀ ਮਿਲਾਪ ਦਾ ਸਾਧਨ ਬਣਦਾ ਹੈ, ਗੁਰੂ ਦੀ ਦੇਹ ਨਹੀਂ। ਇਸ ਪੱਖੋਂ ਗੁਰਬਾਣੀ ਦਾ ਹੇਠ ਲਿਖਿਆ ਕਥਨ ਤਾਂ ਕਿਸੇ ਕਿਸਮ ਦਾ ਭੁਲੇਖਾ ਨਹੀਂ ਰਹਿਣ ਦਿੰਦਾ, ਜਿਸ ਦੁਆਰਾ ਸਪੱਸ਼ਟ ਕਹਿ ਦਿੱਤਾ ਗਿਆ ਹੈ ਕਿ ਹਉਮੈ ਆਦਿਕ ਵਿਕਾਰਾਂ ਤੋਂ ਮੁਕਤੀ ਗੁਰਸ਼ਬਦ ਵੀਚਾਰ ਦੁਆਰਾ ਹੁੰਦੀ ਹੈ, ਕੇਵਲ ਗੁਰੂ ਦੇ ਸਰੀਰਕ ਦਰਸ਼ਨ ਨਾਲ ਨਹੀਂ :

**ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ॥**
**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥**
**ਹਉਮੈ ਮੈਲੁ ਨ ਚੁਕਈ ਨਾਮਿ ਨ ਲਗੈ ਪਿਆਰੁ॥**

(ਵਾਰ ਵਡਹੰਸ, ਮਹਲਾ ੩, ਪੰਨਾ 594)

ਸ਼ਹੀਦ ਸਿੱਖ ਮਿਸ਼ਨਰੀ ਕਾਲਜ,
ਸ੍ਰੀ ਅੰਮ੍ਰਿਤਸਰ ਦੇ ਪ੍ਰਿੰਸੀਪਲ ਹਰਿਭਜਨ ਸਿੰਘ

(...ਚੱਲਦਾ)

**'ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ ਦੀ ਗਾਥਾ'** ਕਿਤਾਬ ਵਿਚੋਂ

# ਅੰਤਿਕਾ 2

**-ਡਾ. ਕਿਰਪਾਲ ਸਿੰਘ**

ਇਹ ਬਿਜਲੀ ਦੀ ਤਰ੍ਹਾਂ ਖ਼ਬਰਾਂ ਜਗ੍ਹਾ ਜਗ੍ਹਾ ਪਾਕਿਸਤਾਨ ਤੇ ਆਜ਼ਾਦ ਕਸ਼ਮੀਰ ਵਿਚ ਪੁੱਜ ਗਈਆਂ, ਜਿਥੇ ਉਹ ਸਿੱਖ ਬੱਚੇ ਬੱਚੀਆਂ ਨੂੰ ਕਹਿੰਦੇ ਸੀ ਕਿ ਹਿੰਦ ਵਿਚ ਕੋਈ ਸਿੱਖ ਨਹੀਂ ਰਿਹਾ, ਓਥੇ ਉਹਨਾਂ ਦੇ ਸਾਹਮਣੇ ਸਿਖ ਆ ਗਿਆ, ਪਰ ਅੰਦਰੋਂ ਅੰਦਰ ਮੈਂ ਭੀ ਬਿਜਲਾ ਸਿੰਘ ਵਾਲੇ ਤਰੀਕਿਆਂ ਦੀ ਕਾਢ ਕੱਢਦਾ ਰਹਿੰਦਾ ਸੀ ਤੇ ਦਿਲ ਹਰ ਵਕਤ ਭਰਿਆ ਰਹਿੰਦਾ ਸੀ। **ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ** ਜਾਂ **ਰੋਗਨ ਤੇ ਅਰੁ ਸੋਗਨ...** ਅਤੇ **ਦੀਨਿਨ ਕੀ ਪ੍ਰਤਿਪਾਲ** ਜਾਂ ਇਹਨਾਂ ਦਾ ਪਾਠ ਸੀ। ਇਕ ਬੈਜ 'ਪਲੰਦਰੀ' ਤੋਂ ਹਿੰਦੂਆਂ ਦਾ ਪੰਜ ਸੌ ਦਾ (ਕਾਨਵਾਈ), ਪਾਕਿਸਤਾਨ ਸੈਨਾ ਲੈ ਕੇ ਆਈ ਉਹਨਾਂ ਸਿਪਾਹੀਆਂ 18 ਨੇ ਵਾਪਸ ਜਾਣਾ ਸੀ, ਉਹ ਭੀ ਤੇ ਦੋ ਇੰਸਪੈਕਟਰ ਪੁਲਿਸ ਦੇ ਮੇਰੇ ਨਾਲ ਦਿੱਤੇ ਗਏ। ਖਾਨ ਸੱਯਦੁੱਦੀਨ ਇੰਸਪੈਕਟਰ ਦਾ ਪਿਸਤੌਲ ਘਰ ਕ੍ਰਿਸ਼ਨਾ ਨਗਰ ਰਹਿ ਗਿਆ ਸੀ, ਉਹ ਮੇਰੇ ਨਾਲ ਹੀ ਬੈਠਾ ਸੀ। ਓਰੀਐਂਟਲ ਕਾਲਜ ਪਾਸੋਂ ਜੀਪ ਕ੍ਰਿਸ਼ਨਾ ਨਗਰ ਵੱਲ ਕਰ ਸਿੰਘ ਸਭਾ ਦੇ ਪਾਸ ਚੌਂਕ ਵਿਚ ਖੜ੍ਹੀ ਕਰਕੇ ਆਪ ਘਰ ਗਲੀ ਵਿੱਚ ਗਿਆ। ਪਿੱਛੋਂ ਬੜੇ ਲੋਕੀਂ ਇਕੱਠੇ ਹੋ ਗਏ ਕਿ ਸਿੱਖ ਆ ਗਿਆ, ਸਿੱਖ ਆ ਗਿਆ ਹੈ, ਉਹ ਛੇਤੀ ਆ ਗਏ, ਲਾਠੀਆਂ ਨਾਲ ਪੁਲਿਸ ਨੇ ਲੋਕੀਂ ਨਠਾ ਦਿੱਤੇ।

**ਰਾਵਲਪਿੰਡੀ ਵਿਚ**

ਓਥੋਂ ਹੀ ਸਿੱਧੇ ਰਾਵਲਪਿੰਡੀ ਦੀ ਸੜਕ 'ਤੇ ਤੁਰ ਪਏ, ਪਰ ਖ਼ਾਨ ਸਾਹਿਬ ਨੇ ਕਿਹਾ, "ਤੁਸੀਂ ਸਿਰ 'ਤੇ ਚਾਦਰ ਰੱਖ ਲਓ, ਅੱਖਾਂ ਮੂੰਹ ਨੰਗਾ ਰੱਖੋ, ਕੋਈ ਸ਼ਰਾਰਤੀ ਦੂਰੋਂ ਸ਼ਰਾਰਤ ਨਾ ਕਰੇ, ਕਿਉਂਕਿ ਤੁਸੀਂ ਸਾਡੇ ਮਹਿਮਾਨ ਹੋ।"ਮੈਂ ਵੈਸੇ ਹੀ ਕਰ ਲੀਤਾ। ਅਸੀਂ ਵਜ਼ੀਰਾਬਾਦ ਪੁੱਜੇ, ਉਹ ਚਾਹ ਪੀਣੇ ਲੱਗੇ, ਮੈਂ ਜੀਪ ਵਿਚ ਹੀ ਸੀ। ਪਿਸ਼ਾਬ ਕਰਨ ਨੂੰ ਥੱਲੇ ਉਤਰਕੇ ਕਿਨਾਰੇ ਗਿਆ, ਸਿਪਾਹੀਆਂ ਨਾਲ ਮੈਨੂੰ ਦੇਖ ਕੇ ਮੋਟਰਾਂ ਵਾਲੇ, ਜੋ ਸਿਆਲਕੋਟ ਤੋਂ ਭੀ ਆ ਰਹੀਆਂ ਸਨ, ਉਤਰ ਆਏ, ਦੇਖਣ ਲੱਗੇ। ਇਕੱਠ ਵੇਖ ਕੇ ਖ਼ਾਨ ਜੀ ਨੇ ਛੇਤੀ ਹੀ ਜੀਪ ਤੋਰ ਦਿੱਤੀ ਤੇ ਕਿਹਾ, "ਕੀ ਦੇਖਦੇ ਹੋ ? ਓਹੀ ਸਿੱਖ ਹਨ ਜੋ ਤੁਹਾਡੇ ਪਾਸ ਭਰਾਵਾਂ ਦੀ ਤਰ੍ਹਾਂ ਰਹਿੰਦੇ ਸੀ।"

ਅਸੀਂ 10 ਵਜੇ ਰਾਤ ਦੇ ਗੁੱਜਰਖ਼ਾਨ ਪੁੱਜੇ। ਹੋਟਲ 'ਤੇ ਉਹ ਰੋਟੀ ਖਾਣ ਲੱਗ ਮੈਨੂੰ ਭੀ ਕਿਹਾ, "ਜੋ ਕੁਝ ਹੈ ਪਾਸ ਤਾਂ ਖਾਓ।' ਇਕ ਕਮਰੇ ਵਿਚ ਬਿਠਾ ਦਿੱਤਾ, ਅੱਗੇ ਪਿੱਛੇ ਆਪ ਬੈਠ ਗਏ। ਓਥੇ ਭੀ ਪਿਛਲੀ ਹਾਲਤ ਆਈ, ਲੋਕੀਂ ਜਮ੍ਹਾਂ ਹੋ ਗਏ, ਹਾਲੀ ਮੈਂ ਉਤੇ ਚਾਦਰ ਰੱਖੀ ਹੋਈ ਸੀ। ਖ਼ਾਨ ਜੀ ਨੇ ਚਾਰੋਂ ਤਰਫ਼ ਪੁਲਿਸ ਖੜੀ ਕਰ ਦਿੱਤੀ ਤੇ ਛੇਤੀ ਖਾ ਪੀ ਤੁਰ ਪਏ। 12 ਵਜੇ (ਰਾਤ) ਪਿੰਡੀ ਪੁਲਿਸ ਲਾਈਨ ਪੁੱਜੇ। ਸਿਪਾਹੀ ਉਤਾਰ ਕੇ ਦੋ ਨਾਲ ਲੀਤੇ ਖ਼ਾਨ ਜੀ ਨੇ, ਕੰਪਨੀ ਬਾਗ਼ ਪਾਸ ਸਬ ਇੰਸਪੈਕਟਰ, ਜੋ ਮੁਹੰਮਦ ਅਸਲਮ ਖ਼ਾਨ ਸਨ, ਉਹਨਾਂ ਦੇ ਘਰ, ਉਹਨਾਂ ਦੇ ਹਵਾਲੇ ਕਰ ਲਾਹੌਰ ਵਾਲੇ ਇੰਸਪੈਕਟਰ ਵਾਪਸ ਆ ਗਏ ਤੇ ਖ਼ਾਨ ਸੱਯਦੁੱਦੀਨ ਤਾਂ ਜੇਹਲਮ ਹੀ ਉਤਰ ਗਏ ਸਨ, ਕਿਉਂਕਿ ਇਨ੍ਹਾਂ ਦਾ ਹੈੱਡ ਕੁਆਟਰ ਜੇਹਲਮ ਹੀ ਸੀ। ਇਥੇ (ਜੇਹਲਮ) ਭੀ ਕੋਈ 5 ਹਜ਼ਾਰ ਆਦਮੀ ਜਮ੍ਹਾਂ ਹੋ ਗਏ ਸਨ, ਜਦੋਂ ਕਿ ਇਨ੍ਹਾਂ ਦੇ ਮਕਾਨ ਪਾਸ ਮੈਂ ਜੀਪ ਵਿਚ ਬੈਠਾ ਸੀ। ਲੋਕਾਂ ਦੇ ਕਹਿਣ 'ਤੇ ਖ਼ਾਨ ਜੀ ਨੇ ਮੈਨੂੰ ਕਿਹਾ ਕਿ ਤੁਸੀਂ ਖੜੇ ਹੋਕੇ ਜੀਪ ਵਿਚ ਸਭ ਨੂੰ ਆਪਣਾ ਸਰੂਪ ਦਿਖਾਓ, ਇਹ ਕਹਿੰਦੇ ਹਨ ਕਿ ਚਾਰ ਸਾਲ ਹੋ ਗਏ ਹਨ ਸਿੱਖ ਦੀ ਸ਼ਕਲ ਨਹੀਂ ਦੇਖੀ, ਮੈਂ ਵੈਸੇ ਹੀ ਕੀਤਾ ਤੇ ਸੁਣਾਇਆ : **ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**

ਕਈ ਅੱਖਾਂ ਜਲ ਨਾਲ ਭਰ ਆਈਆਂ, ਪਰ ਕਈ ਗ਼ੁੱਸੇ ਨਾਲ ਦੇਖ ਰਹੇ ਸੀ ਤੇ ਕਈ ਕਹਿ ਰਹੇ ਸੀ ਕਿ ਸ਼ੈਤਾਨ ਨੇ ਵਿਛੋੜ ਦਿੱਤਾ, ਪਰ ਗੁਰੂ ਨੇ ਮੇਰੇ ਅੰਦਰ ਹੀ ਅਜੀਬ ਸ਼ਕਤੀ ਭਰੀ ਜੋ ਐਸੀ ਅਵਸਥਾ ਮੈਂ ਆਪਣੀ ਕਦੀ ਨਹੀਂ ਦੇਖੀ, ਉਹ 10 ਹਜ਼ਾਰੀ ਅਤੇ ਵੀਹ ਹਜ਼ਾਰੀ ਵਾਲੀ ਸੀ, ਜੋ ਪਿਛੇ ਨਹੀਂ ਦੇਖੀ ਗਈ। ਸਿੱਖ ਦੀ ਸ਼ਕਲ ਪਾਕਿਸਤਾਨੀ ਮੁਸਲਮਾਨਾਂ ਲਈ ਇਕ ਅਜੂਬਾ ਅਤੇ ਹੈਰਾਨਕੁੰਨ ਸੀ, ਪਰ ਬੱਚੇ ਸਿੱਖ ਸਰੂਪ ਤੋਂ ਬਹੁਤ ਹੀ ਭੈਅ ਤੇ ਸਹਿਮ ਖਾਂਦੇ ਦੇਖੇ। ਮੈਂ ਅਨੁਭਵ ਕੀਤਾ ਕਿ ਅਗਰ ਇਹ ਹਾਲਤ ਰਹੀ ਤਾਂ ਸਿੱਖ ਬਹੁਤ ਦੇਰ ਤਕ ਖੁਲ੍ਹਾ ਆ ਕੇ ਪਾਕਿਸਤਾਨ ਵਿੱਚ ਫਿਰ ਤੁਰ ਨਹੀਂ ਸਕੇਗਾ, ਨਾ ਹੀ ਇਹ ਲੋਕ ਫਿਰਨ ਤਰਨ ਦੇਣਗੇ, ਜਿਸ ਤਰ੍ਹਾਂ ਇਹ ਹਿੰਦੁਸਤਾਨ ਵਿਚ ਹਰੇਕ ਜਗਾ ਖੁੱਲ੍ਹੇ ਫਿਰਦੇ ਹਨ। ਉਸ ਸਮੇਂ ਅੱਖਾਂ ਮੇਰੀਆਂ ਜੇਹਲਮ ਦੇ ਪਾਣੀ ਵਲ ਤੱਕਦੀਆਂ ਸਨ ਕਿ ਮੇਰੇ 33 ਹਜ਼ਾਰ ਵੀਰਾਂ ਦਾ ਲਹੂ ਤੇ ਲਾਸ਼ਾਂ, ਸਿਰ, ਧੜ, ਬੁੱਢੀਆਂ ਮਾਤਾਵਾਂ ਤੇ ਪਿਤਾ, ਨੌਜਵਾਨ ਤੇ ਬੱਚੇ ਬੱਚੀਆਂ ਦੇ ਸਿਰ ਧੜ ਇਥੇ ਲੱਥੇ ਹੋਣਗੇ। ਅੱਖਾਂ ਵਿਚ ਖ਼ੂਨ ਦੇ ਆਂਸੂ, ਜਾਨ ਹੈਰਾਨ, ਦਿਲ ਡੂੰਘਾਈਆਂ ਵਿਚ ਗਿਆ ਪਰ ਮੈਂ ਜ਼ਬਰਦਸਤੀ ਥੰਮ੍ਹਿਆ। ਖ਼ਾਨ ਸੱਯਦੁੱਦੀਨ ਨੇ ਕਿਹਾ, "ਵਾਪਸੀ ਤੇ ਮੈਂ ਖੁੱਲ੍ਹੇ ਦਰਸ਼ਨ ਕਰਾਊਂਗਾ, ਅੱਜ ਤੁਸੀਂ ਜਾਓ ਪਿੰਡ, ਮੈਂ ਕੱਲ ਤੁਸਾਂ ਪਾਸ ਪਿੰਡੀ ਪੁੱਜ ਜਾਸਾਂ।"

ਹਾਂ, ਆਪ ਫਿਰ ਪਿੱਛੇ ਪਿੰਡੀ ਆਓ। ਮੁਹੰਮਦ ਅਸਲਮ ਖਾਨ ਜੀ ਮੈਨੂੰ ਲਾਲ ਕੁੜਤੀ ਮੋਟਰ ਵਿਚ ਲੈ ਆਏ, ਰਾਤ ਦੇ ਇਕ ਵਜੇ ਹਿੰਦੂ ਮੰਦਰ ਕੈਂਪ ਵਿਚ ਮੇਰਾ ਅਰਾਮ ਦਾ ਚੰਗਾ ਪ੍ਰਬੰਧ ਕਰ ਦਿੱਤਾ। ਚਾਰ ਸਿਪਾਹੀ, ਇਕ ਹੌਲਦਾਰ ਪਹਿਰਾ ਲਾ ਕੇ। ਮੈਂ ਮੰਜੇ 'ਤੇ ਲੇਟ ਤਾਂ ਗਿਆ ਪਰ ਨੀਂਦ ਕਿਥੋਂ ਆਵੇ। ਕਰਤਾਰ ਦੇ ਰੰਗ ਦੇਖਦਾ ਤੇ ਸੋਚਦਾ, ਤੇ **...ਚਿੰਤ ਖਟੋਲਾ ਵਾਣੁ ਦੁਖੁ...** ਪੜ੍ਹਦਾ ਉਠ ਕੇ ਇਸ਼ਨਾਨ ਕਰ ਨਿਤਨੇਮ ਕੀਤਾ ਪਰ ਜੋ ਉਸ ਨਿਤਨੇਮ ਦਾ ਰਸ ਆਇਆ, ਉਹ ਜ਼ਿੰਦਗੀ ਵਿਚ ਨਾ ਆਇਆ, ਨਾ ਆਏਗਾ। ਸੁਬਾਹ ਅੱਠ ਵਜੇ ਹੀ ਇੰਸਪੈਕਟਰ ਜੀ ਆ ਗਏ, ਅੱਛੀ ਤਰ੍ਹਾਂ ਪੁੱਛ ਭਾਲ ਕੇ ਰਸਤ ਪਾਣੀ ਦੁੱਧ ਮੰਗਾ ਦਿੱਤਾ ਤੇ ਕਿਹਾ, "ਕੋਈ ਤਕਲੀਫ਼ ਤੇ ਨਹੀਂ ਹੋਈ" ਮੈਂ ਸ਼ੁਕਰੀਆ ਵਿਚ ਜਵਾਬ ਦਿੱਤਾ। ਜੌਂ-ਕਣਕ ਦਾ ਆਟਾ ਐਸਾ ਮਿੱਠਾ ਕਿ ਭਾਜੀ ਘਿਉ ਤੋਂ ਬਿਨਾ ਹੀ ਖਾਓ। ਤੇ ਚਾਰ ਰੁਪਏ ਵਧੀਆ ਘਿਉ ਤੇ ਰੁਪਏ ਦਾ ਚਾਰ ਸੇਰ ਆਟਾ, ਸਵਾ ਰੁਪਏ ਸੇਰ ਬਦਾਮ, ਚਾਰ ਪੈਸੇ ਆਂਡਾ। ਤੇ ਔਰਤਾਂ ਦਾ ਬਹੁਤ ਕੰਮ ਫਿਰਨਾ ਤੁਰਨਾ ਜਾਂ ਸਫ਼ਰ ਕਰਨਾ ਵੇਖਣ ਵਿਚ ਆਇਆ, ਜੇ ਹੈ ਵੀ ਤਾਂ ਬੁਰਕੇ ਵਿਚ ਹੈ, ਪੁਲਿਸ ਤੇ ਮਿਲਟਰੀ ਦਾ ਜ਼ਾਹਰਾ ਮਿੱਠਾ ਤੇ ਪਿਆਰ ਭਰਿਆ ਸਲੂਕ ਸੀ। ਲਾਹੌਰ ਤੋਂ ਲੈ ਕੇ ਪਿੰਡੀ ਤਕ ਸੜਕ ਬੜੀ ਸਾਫ਼ ਤੇ ਇੰਤਜ਼ਾਮ ਬੜਾ ਅੱਛਾ ਦਿੱਸ ਰਿਹਾ ਸੀ, ਫ਼ਸਲਾਂ ਦੇ ਚਾਰੋਂ ਤਰਫ਼ ਜੰਗਲ ਤੇ ਕਣਕਾਂ ਲਹਿ ਲਹਿ ਕਰ ਰਹੀਆਂ ਸਨ, ਬ੍ਰਿਛ ਹਰੇ ਭਰੇ ਫਲਾਂ ਨਾਲ ਲੱਦੇ ਤੇ ਕਈਆਂ ਨੂੰ ਫੁੱਲ ਲੱਗੇ ਸੀ, ਯਾਦ ਆ ਆ ਕੇ ਕਦੀ ਕਦੀ ਦਿਲ ਭਰ ਆਉਂਦਾ ਸੀ, ਕਿ ਇਥੇ ਅਸੀਂ ਆਜ਼ਾਦ ਫਿਰਦੇ ਸੀ ਅਤੇ ਅੱਜ ਕੀ ਹੈ?

ਹੁਣ ਮੈਂ ਚਾਹ ਪਾਣੀ ਤੇ ਰੋਟੀ ਖਾ ਕੇ ਬੈਠਾ ਹੀ ਸੀ ਕਿ 12 ਵਜੇ ਦੇ ਕਰੀਬ ਰਾਜਾ ਅਸਲਮ ਖ਼ਾਨ ਜੀ ਆ ਗਏ ਕਿ ਮੈਨੂੰ ਲਾਹੌਰ ਤੋਂ ਫ਼ੋਨ ਆ ਗਿਆ ਹੈ, ਜਾ ਰਿਹਾ ਹਾਂ, ਤੁਹਾਡੇ ਲਈ ਮੈਂ ਜੇਹਲਮ ਦੇ ਖ਼ਾਨ ਸੱਯਦੁੱਦੀਨ ਨੂੰ ਤਾਰ ਦੇ ਦਿੱਤੀ ਹੈ। ਉਹ ਆ ਜਾਣ ਤਾਂ ਤੁਸੀਂ ਆਪਣਾ ਪ੍ਰੋਗਰਾਮ ਬਣਾ ਲੈਣਾ। ਮੈਂ ਕਿਹਾ, "ਜੀ, ਮੈਨੂੰ ਨੇਕ ਆਦਮੀ ਦਿਉ ਜੋ ਈਮਾਨਦਾਰੀ ਨਾਲ ਕੰਮ ਕਰੇ ਤੇ ਮੇਰੀ ਭੀ ਹਿਫ਼ਾਜ਼ਤ ਕਰੇ, ਮੈਂ ਬੜੀ ਉਮੈਦ ਕਰ ਆਇਆ ਹਾਂ, ਤੁਸੀਂ ਕਾਮਯਾਬੀ ਤੇ ਸਫਲਤਾ ਦੇਣੀ ਹੈ। ਅੱਗੋਂ ਉੱਤਰ ਦਿੱਤਾ ਕਿ ਸਭ ਤੋਂ ਨੇਕ ਤੇ ਪਾਰਸਾ ਸਾਡੇ ਮਹਿਕਮੇ ਵਿਚ ਖ਼ਾਨ ਸੱਯਦੁੱਦੀਨ ਹੈ, ਤੇ ਮੈਨੂੰ ਭੀ ਕੁਝ ਪਤਾ ਭੀ ਲੱਗ ਗਿਆ ਸੀ ਓਸ ਦਾ ਤੇ ਮੇਰੇ ਸਾਥ ਲਾਹੌਰ ਤੋਂ ਜੇਹਲਮ ਤਕ ਆਇਆ ਸੀ, ਮੈਂ ਭੀ ਦਿਲੋਂ ਚਾਹੁੰਦਾ ਸੀ। ਰੱਬ ਨੇ ਓਹੀ ਸਬੱਬ ਬਣਾ ਦਿੱਤਾ ਤੇ ਮੇਲ ਮਿਲਾ ਦਿੱਤਾ।

ਆਪ (ਰਾਜਾ ਅਸਲਮ ਖਾਨ) ਲਾਹੌਰ ਚਲੇ ਗਏ, ਮੇਰਾ ਚੰਗਾ ਇੰਤਜ਼ਾਮ ਕਰਕੇ ਸ਼ਾਮ ਦੇ ਵਕਤ 6 ਵਜੇ ਖਾਨ ਸੱਯਦੁੱਦੀਨ ਜੀ ਆ ਗਏ, ਮੇਰੇ ਪਾਸ ਭਰਾਵਾਂ ਦੀ ਤਰ੍ਹਾਂ ਬੈਠੇ ਉਠੇ ਤੇ ਹਰੇਕ ਚੀਜ਼ ਦੀ ਪੁੱਛ ਭਾਲ ਕੀਤੀ, "ਕੋਈ ਤਕਲੀਫ ਤਾਂ ਨਹੀਂ ਹੋਈ?" ਮੈਂ ਕਿਹਾ, "ਨਹੀਂ, ਮੇਰੀ ਰੂਹ ਨੂੰ ਤਕਲੀਫ ਹੈ।" ਉਹਨਾਂ ਕਿਹਾ, "ਖ਼ੁਦਾ ਉਹ ਵੀ ਦੂਰ ਕਰੇਗਾ, ਤੁਸੀਂ ਜਿਸ ਕੰਮ ਲਈ ਆਏ ਹੋ

ਮੇਰਾ ਰੱਬ ਤੇ ਆਪ ਦਾ ਰੱਬ ਕਾਮਯਾਬੀ ਬਖਸ਼ੇਗਾ, ਮੈਨੂੰ ਪੂਰਾ ਪੂਰਾ ਯਕੀਨ ਹੈ ਖੁਦਾ ਤੇ, ਬਸ਼ਰਤੇ ਕਿ ਸਾਡੀ ਨੀਅਤ ਸਾਫ ਰਹੇ।" ਮੈਨੂੰ ਬੜਾ ਹੌਸਲਾ ਹੋ ਗਿਆ।

ਹੁਣ ਉਹ ਸ਼ਹਿਰ ਚੱਲੇ ਤੇ ਕਹਿਣ ਲੱਗੇ, "ਮੈਂ ਭੀ ਤਿਆਰੀ ਕਰਨੀ ਹੈ ਤੇ ਸਿਪਾਹੀ ਨਾਲ ਲੈਣੇ ਹਨ ਤੇ ਤੁਸੀਂ ਭੀ ਤਿਆਰੀ ਕਰ ਲਵੋ। ਸੁਬਾਹ ਤੁਸੀਂ ਭੀ ਖੁਦਾ ਅੱਗੇ ਦੁਆ ਕਰਨਾ ਤੇ ਮੈਂ ਭੀ ਕਰਾਂਗਾ ਕਿ ਸਾਡੇ ਕੰਮ ਵਿੱਚ ਉਸ ਦਾ ਹੱਥ ਹੋਵੇ ਤੇ ਸਿਰ 'ਤੇ ਭੀ। ਕਲ੍ਹ ਅਸੀਂ ਹਵੇਲੀਆਂ, ਐਬਟਾਬਾਦ, ਮਾਨਸੇਹਰਾ, ਗੜ੍ਹੀ ਹਬੀਬੁੱਲਾ ਚੱਲਾਂਗੇ।" ਮੈਂ ਬੜਾ ਖੁਸ਼ ਹੋਇਆ ਕਿ ਰੱਬ ਇਸ ਨੂੰ ਪ੍ਰੇਰ ਰਿਹਾ ਹੈ, ਮੈਂ ਪਿਆਰੇ ਵਤਨ ਦੀ ਹਵਾ ਤੇ ਪਾਣੀ ਗੜ੍ਹੀ ਚੱਲ ਪੀਵਾਂਗਾ ਅਤੇ ਹੋ ਸਕਦਾ ਹੈ ਬਾਕੀ ਦੇ ਵਿਛੜੇ ਬੱਚੇ ਛੱਡ ਕੇ 16 ਸੌ ਕੈਦ ਬੱਚੀਆਂ ਦਾ ਭੀ ਅਸੋਰ ਕੈਂਪ ਆਜ਼ਾਦ ਕਸ਼ਮੀਰ ਵਿੱਚੋਂ ਮੇਲ ਹੋ ਜਾਏ।

ਅੱਜ ਦੀ ਰਾਤ ਮੈਂ ਕਈ ਖਿਆਲਾਂ ਨਾਲ ਤਾਰੀਆਂ ਲਾਈਆਂ ਤੇ ਸਾਰੀ ਰਾਤ ਜਾਗ ਕੇ ਕੱਟੀ ਤੇ ਇਹ ਫ਼ਿਕਰਾ ਯਾਦ ਆਇਆ, ਜਿਸ ਨੂੰ ਮੁੜ ਮੁੜ ਪੜ੍ਹਾਂ, ਰੋਵਾਂ, ਦਿਲ ਨੂੰ ਥੰਮਾਂ :

ਰੂਹ ਕੋ ਰਾਹੇ ਅਦਮ ਮੇਂ ਮੇਰਾ ਤਨ ਯਾਦ ਆਇਆ।
ਦਸ਼ਤੇ ਗ਼ੁਰਬਤ ਮੇਂ ਮੁਸਾਫ਼ਿਰ ਕੋ ਵਤਨ ਯਾਦ ਆਇਆ।

ਜਦੋਂ ਕੋਈ ਪਰਿੰਦਾ ਬੋਲੇ, ਮੇਰਾ ਖ਼ਿਆਲ ਦੌੜ ਜਾਏ ਕਿ ਵਤਨ ਤੋਂ ਆਇਆ ਹੈ, ਤਦੋਂ ਇਹ ਫ਼ਿਕਰਾ ਲਬਾਂ 'ਤੇ ਆ ਜਾਏ :

ਯਾਦ ਪੰਖੇਰੂ ਵਤਨ ਤੋਂ ਡਾਰਾਂ ਬੰਨ੍ਹ ਬੰਨ੍ਹ ਆਣ।
ਜ਼ਖ਼ਮੀ ਹਿਰਦੇ ਅੰਬਰ ਨੂੰ ਚੀਰ ਚੀਰ ਲੰਘ ਜਾਣ।

ਇਸ ਤਰ੍ਹਾਂ ਰਾਤ ਬੀਤ ਗਈ, ਸਵੇਰ ਦਾ ਸਮਾਂ ਆ ਗਿਆ, ਮੈਂ ਨਹਾ ਧੋ ਕੇ ਨਿਤਨੇਮ ਕਰ ਤਿਆਰ ਹੋ ਕੇ ਇੰਤਜ਼ਾਰੀ ਕਰ ਰਿਹਾ ਸੀ ਤੇ ਆਪਣੇ ਦਿਲ ਨਾਲ ਹੀ ਗੱਲਾਂ ਕਰਦਾ ਸੀ ਕਿ ਹੇ ਰੱਬ ਜੀ! ਗੜ੍ਹੀ ਤੋਂ ਛੇ ਜਾਂ ਅੱਠ ਕੋਹ 'ਤੇ ਛੇਵੇਂ ਸਤਿਗੁਰੂ ਦਾ ਗੁਰਦੁਆਰਾ ਹੈ ਅਤੇ 16 ਸੌ ਸਿੱਖ ਬੱਚਾ ਬੱਚੀ ਓਥੇ ਕੈਦ ਹੈ 4 ਸਾਲ ਤੋਂ, ਜੇ ਤੂੰ ਮੈਨੂੰ ਬਲ ਦੇਵੇਂ ਤਾਂ ਸਭ ਨੂੰ ਇੱਕ ਦਿਨ ਇਥੋਂ ਪਿੰਡੀ ਤੋਂ ਲੈ ਲੰਘਾਂ, ਮੈਂ ਉਹਨਾਂ ਦੀ ਹਾਲਤ ਦੇਖਾਂ, ਕਿਸ ਤਰ੍ਹਾਂ ਮੌਤ ਦੇ ਦਿਨ, ਤੇ ਮਾਤਾ-ਪਿਤਾ, ਭੈਣ-ਭਰਾ, ਪੁੱਤਰ ਸ਼ਹੀਦ ਕਰਾ ਕੇ ਦਿਨ ਕਟੀ ਕਰ ਰਹੇ ਹਨ। ਮੈਂ ਕਿਸੀ ਵੈਰਾਗ ਵਿਚ ਬੈਠਾ ਸੀ। ਹਵਾਲਦਾਰ ਅੱਬਾਸ ਅਲੀਸ਼ਾਹ ਆ ਗਏ, ਕਹਿਣ ਲੱਗੇ, "ਬੜੇ ਉਦਾਸ ਹੋ, ਕੀ ਵਜ੍ਹਾ ਹੈ?" ਮੈਂ ਕਿਹਾ, "ਵਜ੍ਹਾ ਹਾਲੀ ਪੁੱਛਦੇ ਹੋ।" ਉਹ ਭੀ ਕਿਸੇ ਚੰਗੇ ਖ਼ਿਆਲ ਵਿਚ ਆ ਗਿਆ ਤੇ ਦਿਲ ਭਰ ਕੇ ਕਹਿਣੇ ਲੱਗਾ, ਖ਼ੁਦਾ ਕਰੇ ਹਕੂਮਤਾਂ ਦੀ ਨੀਯਤ ਠੀਕ ਹੋ ਜਾਏ ਤੇ ਲੋਕੀ ਆਪਣੇ ਆਪਣੇ ਘਰਾਂ ਨੂੰ ਦੇਸ਼ ਨੂੰ, ਮੁੜ ਆ ਜਾਣ।" ਲਾਲ ਕੁੜਤੀ ਦੇ ਮਕਾਨਾਂ ਵੱਲ ਨਜ਼ਰ ਕਰਕੇ ਕਿਹਾ ਕਿ "ਔਹ ਦੇਖੋ, ਜਿਨ੍ਹਾਂ ਪਾਸ ਝੌਂਪੜੀ ਨਹੀਂ ਸੀ ਤੇ ਨਾ ਇਕ ਮਰਲਾ ਜ਼ਮੀਨ, ਓਹ ਮੁਹੱਲਾ ਦੇ ਮਾਲਕ ਤੇ ਮੁਰੱਬਿਆਂ ਦੇ ਸਾਈਂ ਹੋ ਬੈਠੇ ਹਨ ਤੇ ਅਕਲ ਤਹਿਜ਼ੀਬ ਉਨ੍ਹਾਂ ਦੀ ਇਹ ਹੈ ਕਿ ਰਸੋਈ ਨੂੰ ਟੱਟੀਆਂ ਤੇ ਟੱਟੀਆਂ ਨੂੰ ਰਸੋਈ, ਬੈਠਕਾਂ ਨੂੰ ਗੁਸਲਖਾਨਾ ਬਣਾ ਰੱਖਿਆ ਹੈ ਅਤੇ ਬਿਜਲੀ ਦਾ ਬਟਨ ਦਬਾਉਣਾ ਨਹੀਂ ਆਉਂਦਾ, ਪਰ ਇਥੋਂ ਦੇ ਲੋਕਾਂ ਦੀ ਉਹੀ ਪਹਿਲੀ ਹਾਲਤ ਹੈ।

(...ਚੱਲਦਾ)



ਸਫਾ 18 ਦਾ ਬਾਕੀ

## ਸ਼ਹੀਦ ਬਾਬਾ ਦੀਪ ਸਿੰਘ ਜੀ

ਸਿਦਕਦਿਲੀ ਨਾਲ ਨਿਭਾਇਆ।

1709 ਈ: ਵਿੱਚ ਜਦੋਂ ਬੰਦਾ ਸਿੰਘ ਬਹਾਦਰ ਵੱਲੋਂ ਜ਼ਾਲਮਾਂ ਵੱਲੋਂ ਕੀਤੀਆਂ ਗਈਆਂ ਧੱਕੇਸ਼ਾਹੀਆਂ ਦਾ ਹਿਸਾਬ ਚੁੱਕਤਾ ਕਰਨ ਲਈ ਪੰਜਾਬ ਨੂੰ ਮੁਹਾਰਾਂ ਮੋੜੀਆਂ ਤਾਂ ਬਾਬਾ ਦੀਪ ਸਿੰਘ ਨੇ ਸੈਂਕੜੇ ਮਰਜੀਵੜਿਆਂ ਦੀ ਫੌਜ ਨਾਲ ਲੈ ਕੇ ਉਨ੍ਹਾਂ ਦਾ ਡੱਟਵਾਂ ਸਾਥ ਦਿੱਤਾ। ਇਸ ਸਾਥ ਸਦਕਾ ਹੀ ਸਿੰਘਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ। ਬਾਬਾ ਜੀ ਵੱਲੋਂ ਇਸ ਜੰਗ ਵਿੱਚ ਨਿਭਾਈ ਗਈ ਅਹਿਮ ਭੂਮਿਕਾ ਕਾਰਨ ਹੀ ਉਨ੍ਹਾਂ ਨੂੰ ਜਿੰਦਾ ਸ਼ਹੀਦ ਦੇ ਖਿਤਾਬ ਨਾਲ ਨਿਵਾਜ਼ਿਆ ਜਾਂਦਾ ਹੈ। ਬਾਬਾ ਦੀਪ ਸਿੰਘ ਜੀ ਸ਼ਹੀਦੀ ਮਿਸਲ ਦੇ ਜੱਥੇਦਾਰ ਵੀ ਸਨ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੋਸਤਾਨ ਤੇ ਕਈ ਹਮਲੇ ਕੀਤੇ। ਇਨ੍ਹਾਂ ਹਮਲਿਆਂ ਦੌਰਾਨ ਉਸ ਦੀਆਂ ਫੌਜਾਂ ਦਾ ਰਾਹ ਰੋਕਣ ਵਾਲੇ ਸਿੱਖਾਂ ਤੋਂ ਉਹ ਬਹੁਤ ਪ੍ਰੇਸ਼ਾਨ ਅਤੇ ਦੁਖੀ ਸੀ। ਆਪਣੀ ਪ੍ਰੇਸ਼ਾਨੀ ਅਤੇ ਦੁੱਖ ਨੂੰ ਘੱਟ ਕਰਨ ਭਾਵ ਸਿੱਖੀ ਦਾ ਖੁਰਾ ਖੋਜ ਮਿਟਾਉਣ ਲਈ ਉਸ ਨੇ ਆਪਣੇ ਪੁੱਤਰ ਤੈਮੂਰ ਨੂੰ ਪੰਜਾਬ ਦਾ ਗਵਰਨਰ ਥਾਪ ਦਿੱਤਾ ਅਤੇ ਉਸ ਦੇ ਸਹਿਯੋਗ ਲਈ ਇੱਕ ਜਾਲਮ ਸੁਭਾਅ ਤੇ ਸੈਨਾਪਤੀ ਜਹਾਨ ਖਾਂ ਦੀ ਨਿਯੁਕਤੀ ਕਰ ਦਿੱਤੀ।

ਜਹਾਨ ਖਾਂ ਨੂੰ ਕਿਸੇ ਨੇ ਦੱਸਿਆ ਕਿ ਜਦ ਤੱਕ ਅੰਮ੍ਰਿਤਸਰ ਵਿੱਚ ਪਵਿੱਤਰ ਸਰੋਵਰ ਅਤੇ ਸ੍ਰੀ ਦਰਬਾਰ ਸਾਹਿਬ ਦੀ ਹੋਂਦ ਕਾਇਮ ਹੈ, ਸਿੱਖਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਨ੍ਹਾਂ ਦੋਹਾਂ ਸੋਮਿਆਂ ਤੋਂ ਉਨ੍ਹਾਂ ਨੂੰ ਨਵਾਂ ਜੀਵਨ ਅਤੇ ਉਤਸ਼ਾਹ ਮਿਲਦਾ ਹੈ। 1760 ਈ. ਵਿੱਚ ਜਹਾਨ ਖਾਂ ਨੇ ਅੰਮ੍ਰਿਤਸਰ ਨੂੰ ਸਦਰ ਮੁਕਾਮ ਬਣਾ ਲਿਆ। ਇਸ ਮੁਕਾਮ ਦੌਰਾਨ ਉਸ ਨੇ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹ ਕੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ।

ਜਦੋਂ ਜਹਾਨ ਖਾਂ ਦੀ ਇਸ ਵਧੀਕੀ ਦੀ ਖ਼ਬਰ ਜਥੇਦਾਰ ਭਾਗ ਸਿੰਘ ਨੇ ਤਲਵੰਡੀ ਸਾਬੋ ਵਿਖੇ ਆ ਕਾ ਬਾਬਾ ਦੀਪ ਸਿੰਘ ਨੂੰ ਦਿੱਤੀ ਤਾਂ ਉਨ੍ਹਾਂ ਦਾ ਖ਼ੂਨ ਉਬਾਲੇ ਖਾਣ ਲੱਗਾ। ਅਰਦਾਸਾ ਸੋਧ ਕੇ ਬਾਬਾ ਜੀ ਨੇ 18 ਸ਼ੇਰ ਦਾ ਖੰਡਾ ਉਠਾ ਲਿਆ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚਾਲੇ ਪਾ ਦਿੱਤੇ।

ਦਮਦਮਾ ਸਾਹਿਬ ਤੋਂ ਚੱਲਣ ਸਮੇਂ ਉਨ੍ਹਾਂ ਨਾਲ ਕੁਝ ਗਿਣਤੀ ਦੇ ਹੀ ਸਿੰਘ ਸਨ ਪਰ ਰਸਤੇ ਵਿੱਚ ਜੱਥੇਦਾਰ ਗੁਰਬਖਸ਼ ਸਿੰਘ ਆਨੰਦਪੁਰੀ ਵੀ ਆ ਰਲਿਆ। ਚੱਲਦਿਆਂ-ਚਲਦਿਆਂ ਕਾਫ਼ਲਾ ਵੱਧਦਾ ਗਿਆ। ਬਾਬਾ ਜੀ ਨੇ ਇਸ ਢੰਗ ਨਾਲ ਵੰਗਾਰਿਆ ਕਿ ਤਰਨਤਾਰਨ ਤੱਕ ਪਹੁੰਚ ਕੇ ਲਾੜੀ ਮੌਤ ਨੂੰ ਵਰਨ ਜਾ ਰਹੇ ਸਿੰਘਾਂ ਦੀ ਗਿਣਤੀ ਸੈਂਕੜਿਆਂ ਤੋਂ ਹਜ਼ਾਰਾਂ ਤੱਕ ਪਹੁੰਚ ਗਈ। ਇੱਥੇ ਆ ਕੇ ਬਾਬਾ ਜੀ ਨੇ ਆਪਣੇ ਖੰਡੇ ਨਾਲ ਇੱਕ ਲਕੀਰ ਵਾਹ ਦਿੱਤੀ ਤੇ ਕਿਹਾ ਕਿ "ਜਿਸ ਨੂੰ ਪ੍ਰੇਮ ਦੀ ਖੇਡ ਖੇਡਣ ਦਾ ਚਾਅ ਹੈ ਉਹ ਟੱਪ ਜਾਵੇ ਅਤੇ ਜਿਸ ਨੂੰ ਮੌਤ ਤੋਂ ਡਰ ਲੱਗਦਾ ਹੈ ਉਹ ਪਿਛਾਂਹ ਹੱਟ ਜਾਵੇ"। ਪਰ ਜਿਹੜਾ ਵੀ ਕਾਫ਼ਲਾ ਹੁਣ ਤੱਕ ਬਾਬਾ ਜੀ ਨਾਲ ਜੁੜ ਚੁੱਕਿਆ ਸੀ ਉਹ ਸਾਰਾ ਹੀ ਸ਼ਹੀਦੀਆਂ ਦਾ ਚਾਅ ਲੈ ਕੇ ਆਇਆ ਸੀ। ਇਸ ਕਰਕੇ ਸਾਰਾ ਕਾਫ਼ਲਾ ਹੀ ਲਕੀਰ ਪਾਰ ਕਰ ਗਿਆ ਅਤੇ ਬਾਬਾ ਜੀ ਨੇ ਖ਼ੁਸ਼ੀ ਵਿੱਚ ਜੈਕਾਰਾ ਛੱਡ ਦਿੱਤਾ।

ਦੂਜੇ ਪਾਸੇ ਜਹਾਨ ਖਾਂ ਨੂੰ ਜਦੋਂ ਬਾਬਾ ਜੀ ਦੇ ਕਾਫ਼ਲੇ ਦੀ ਅੰਮ੍ਰਿਤਸਰ ਵੱਲ ਆਉਣ ਦੀ ਖ਼ਬਰ ਮਿਲੀ ਤਾਂ ਉਸ ਨੇ ਆਪਣੇ ਇੱਕ ਜਰਨੈਲ ਅਤਈ ਖਾਂ ਦੀ ਅਗਵਾਈ ਵਿੱਚ ਇੱਕ ਵੱਡੀ ਫ਼ੌਜ ਸਿੰਘਾਂ ਦਾ ਰਾਹ ਰੋਕਣ ਲਈ ਭੇਜ ਦਿੱਤੀ। ਗੋਹਲਵੜ ਨੇ ਸਥਾਨ 'ਤੇ ਲਹੂ ਡੋਲਵੀਂ ਲੜਾਈ ਹੋਈ। ਸਿੰਘਾਂ ਦੇ ਜੈਕਾਰਿਆਂ ਅਤੇ ਲਲਕਾਰਿਆਂ ਨਾਲ ਅਫ਼ਗਾਨੀ ਫ਼ੌਜਾਂ ਦੇ ਹੌਂਸਲੇ ਪਸਤ ਹੋਣ ਲੱਗੇ ਅਤੇ ਉਹ ਪਿਛਲਖ਼ੁਰੀ ਹੋਣ ਲੱਗੀਆਂ।

ਇਸ ਸਮੇਂ ਦੌਰਾਨ ਯਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਬਾਬਾ ਦੀਪ ਸਿੰਘ ਜੀ ਨਾਲ ਮੁਕਾਬਲੇ 'ਤੇ ਆ ਗਏ। ਯਕੂਬ ਖਾਂ ਅਤੇ ਬਾਬਾ ਜੀ ਵਿਚਲੇ ਫਸਵੀਂ ਟੱਕਰ ਹੋਈ ਪਰ ਯਕੂਬ ਖਾਂ ਬਾਬਾ ਜੀ ਦੇ ਵਾਰ ਦੀ ਤਾਬ ਨਾ ਝੱਲ ਸਕਿਆ। ਯਕੂਬ ਖਾਂ ਨੂੰ ਢੇਰੀ ਹੁੰਦਿਆਂ ਦੇਖ ਕੇ ਇੱਕ ਹੋਰ ਅਫ਼ਗਾਨੀ ਜਵਾਨ ਅਸਮਾਨ ਖਾਂ ਵੀ ਮੈਦਾਨ-ਏ-ਜੰਗ ਵਿਚ ਆ ਨਿੱਤਰਿਆ। ਦੋਹਾਂ ਦੇ ਸਾਂਝੇ ਵਾਰ ਨਾਲ ਬਾਬਾ ਜੀ ਦੀ ਗਰਦਨ ਤੇ ਡੂੰਘਾ ਫੱਟ ਵੱਜਿਆ, ਨਾਲ ਦੇ ਇੱਕ ਸਿੰਘ ਨੇ ਜਦੋਂ ਬਾਬਾ ਦੀਪ ਸਿੰਘ ਨੂੰ ਅਰਦਾਸ ਸਮੇਂ ਕੀਤਾ ਹੋਇਆ ਪ੍ਰਣ ਯਾਦ ਕਰਵਾਇਆ ਤਾਂ ਬਾਬਾ ਜੀ ਸੀਸ ਨੂੰ ਆਪਣੇ ਖੱਬੇ ਹੱਥ ਦਾ ਆਸਰਾ ਦੇ ਕੇ ਸੱਜੇ ਹੱਥ ਵਿਚ ਫੜੇ ਹੋਏ ਖੰਡੇ ਨਾਲ ਦੁਸ਼ਮਣਾਂ ਦੇ ਆਹੂ ਲਾਹੁਣ ਲੱਗ ਪਏ। ਆਪਣੇ ਕੀਤੇ ਹੋਏ ਪ੍ਰਣ ਨੂੰ ਨਿਭਾਅ ਕੇ ਬਾਬਾ ਦੀਪ ਸਿੰਘ ਜੀ ਨੇ ਆਪਣਾ ਸੀਸ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਭੇਟ ਕਰ ਦਿੱਤਾ ਅਤੇ 11 ਨਵੰਬਰ 1760 ਈ. ਨੂੰ ਸ਼ਹਾਦਤ ਦਾ ਜਾਮ ਪੀ ਗਏ। -0-

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਸਿੱਖ ਤਿਉਹਾਰ

**'ਸਿੱਖ ਰਹੁਰੀਤ' ਕਿਤਾਬਚੇ ਵਿਚੋਂ**

ਕੁਝ ਸ਼੍ਰੋਮਣੀ ਕਹਿਲਾਉਣ ਵਾਲੇ ਸੰਤ, ਸ੍ਰੀਮਾਨ 108 ਜਾਂ 1008 ਦੀ ਡਿਗਰੀ ਲਗਾਉਣ ਵਾਲੇ ਸੰਤ ਵੀ ਨਜ਼ਰ ਪੈ ਰਹੇ ਹਨ, ਪਿਛੇ ਇਕ ਸੇਵਾਦਾਰ ਪੱਖੀ ਝੱਲਦਾ ਹੈ, ਇਕ ਸੇਵਾਦਾਰ ਸੈਂਟ ਛਿੜਕਦਾ ਹੈ। ਅਜਿਹੇ ਸੰਤ ਗੁਰਬਾਣੀ ਅਤੇ ਸਿੱਖ ਇਤਿਹਾਸ ਤੋਂ ਕੋਰੇ ਹੁੰਦੇ ਹੋਏ, ਸੰਗਤਾਂ ਉਪਰ ਪ੍ਰਭਾਵ ਪਾਉਣ ਲਈ ਜ਼ਿਆਦਾਤਰ ਚੁਟਕਲੇ ਸੁਣਾ ਕੇ ਸੰਗਤਾਂ ਨੂੰ ਖੁਸ਼ ਕਰਦੇ ਹਨ। ਇਹਨਾਂ ਸੰਤਾ ਦਾ ਬਹੁਤਾ ਝੁਕਾਓ ਗੁਰੂ ਮਹਾਰਾਜ ਦੀ ਨਿੰਦਾ ਕਰਨ ਵਲੋਂ ਹੁੰਦਾ ਹੈ। ਜ਼ਿਆਦਾਤਰ ਸੰਤ ਆਮ ਸੰਗਤਾਂ ਨੂੰ ਬੜੀ ਬੇਇਮਾਨੀ, ਧੋਖੇ-ਫਰੇਬ, ਮਕਾਰੀ ਰਾਹੀ ਭੰਬਲ ਭੂਸੇ ਵਿਚ ਪਾ ਰਹੇ ਹਨ। ਵਿਦੇਸ਼ਾਂ ਦੇ ਚੱਕਰ ਲਗਾ ਲਗਾ ਕੇ ਸੰਗਤਾਂ ਦੀਆਂ ਜੇਬਾਂ ਨੂੰ ਕੁਤਰਨ ਤੇ ਲੱਗੇ ਹਨ। ਇਹਨਾਂ ਦੇ ਸਰਪ੍ਰਸਤ ਰਾਜਨੀਤਕ ਲੀਡਰ ਹੁੰਦੇ ਹਨ, ਜੋ ਸੰਤਾ ਸਾਧਾਂ ਦੇ ਡੇਰਿਆਂ ਤੇ ਵੋਟਾਂ ਬਟੋਰਨ ਲਈ ਮੱਥੇ ਰਗੜਦੇ ਹਨ, ਜਦਕਿ ਅਜੋਕੇ ਸੰਤ ਗੁਰੂ ਪਾਤਸ਼ਾਹ ਦੇ ਮੁਕਾਬਲੇ ਗਦੀਆਂ ਲਗਾ-ਲਗਾ ਕੇ ਗੁਰੂ ਬਨਣ ਦੀਆਂ ਸਕੀਮਾਂ ਘੜ੍ਹਦੇ ਜਾ ਰਹੇ ਹਨ।

**(ਜ਼ਿਆਦਾਤਰ ਸੰਤ ਚੁਟਕਲੇ ਸੁਣਾ-ਸੁਣਾ ਕੇ ਸੰਗਤਾਂ ਨੂੰ ਭਰਮਾਉਂਦੇ ਹਨ। ਇਹ ਸੰਤ ਆਪਣੀ ਗੱਦੀ ਚਮਕਾਉਣ ਲਈ ਗੁਰੂ ਮਹਾਰਾਜ ਦੀ ਨਿੰਦਾ ਵੀ ਕਰਦੇ ਹਨ।)**

